ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 14 | 10 April 2019 to 16 April 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



## ➤ ਅੰਦਰ ਪੜ੍ਹੋ



03

■ ਭਾਈਚਾਰਾ

ਮੁਹੱਬਤ ਅਤੇ ਦੋਸਤੀ ਦਾ ਸੁਨੇਹਾ ਲੈ ਕੇ ਅਮਰੀਕਾ ਪੁੱਜੇ ਪਾਕਿਸਤਾਨੀ ਪੰਜਾਬ ਦੇ ਗਵਰਨਰ




11

■ ਵਿਸ਼ੇਸ਼ ਰਿਪੋਰਟ

ਕਾਲੇ ਕਾਨੂੰਨ 'ਅਫ਼ਸਪਾ' ਦੀ ਰਾਖੀ ਲਈ ਪਹਿਰੇਦਾਰ ਬਣੀ ਭਾਜਪਾ


# ਖ਼ਾਲਸਾ ਸਾਜਨਾ ਦਿਵਸ, ਸਿੱਖਾਂ ਦਾ ਕੌਮੀ ਤਿਉਹਾਰ ਕਦੋਂ ਬਣੇਗਾ... ?

**ਜਸਪਾਲ ਸਿੰਘ ਹੇਰਾਂ**

ਵਿਸਾਖੀ ਖ਼ਾਲਸੇ ਦਾ ਸਾਜਨਾ ਦਿਵਸ ਹੈ। ਦੁਨੀਆ ਦੀ ਨਿਆਰੀ ਕੌਮ ਦਾ ਜਨਮ-ਦਿਹਾੜਾ। ਇਸ ਲਈ ਇਸ ਦਿਹਾੜੇ ਦੀ ਮਹੱਤਤਾ ਵੀ ਨਿਆਰੀ ਹੈ ਅਤੇ ਇਸ ਨੂੰ ਮਨਾਇਆ ਵੀ ਨਿਰਾਲੇ ਰੂਪ 'ਚ ਜਾਣਾ ਚਾਹੀਦਾ ਹੈ, ਜਿਸ ਤੋਂ ਪੂਰੇ ਵਿਸ਼ਵ ਨੂੰ ਇਸ ਦਿਹਾੜੇ ਦੀ ਮਹਾਨਤਾ ਦਾ ਗਿਆਨ ਹੋਵੇ ਅਤੇ ਸਿੱਖ ਪੰਥ 'ਚ ਆਪਣੇ ਕੌਮੀ ਦਿਹਾੜੇ ਪ੍ਰਤੀ ਇੱਕ ਵਿਸ਼ੇਸ਼ ਚਾਅ, ਉਤਸ਼ਾਹ, ਉਮੰਗ, ਜੋਸ਼ ਅਤੇ ਪ੍ਰਾਪਤੀ ਦਾ ਸੰਕਲਪ ਜਾਗੇ। ਵਿਸਾਖੀ, ਖ਼ਾਲਸੇ ਦੀ ਸਿਰਜਣਾ ਦਾ ਦਿਹਾੜਾ ਹੈ, ਇਹ ਉਸ ਇਨਕਲਾਬ ਦੀ ਆਰੰਭਤਾ ਹੈ, ਜਿਸ ਇਨਕਲਾਬ ਨੇ ਧਰਤੀ ਦੀ 'ਸਿਰਦਾਰੀ' ਧਰਤੀ ਦੇ ਮਨੁੱਖ ਨੂੰ ਸੌਂਪੀ ਅਤੇ ਬਰਾਬਰੀ ਵਾਲੇ ਸਮਾਜ ਦੀ ਨੀਂਹ ਰੱਖੀ। ਪ੍ਰਮਾਤਮ ਕੀ ਮੌਜ ਵਿਚੋਂ ਉਪਜਿਆ ਖ਼ਾਲਸਾ ਸੂਰਮਿਆਂ ਦਾ ਪੰਥ ਹੈ, ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਂਦੇ ਹਨ। ਇਹ ਪੰਥ ਦੀ ਰੰਗ ਰੱਤੜੀ ਹਸਤੀ, ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫ਼ੀਆਂ



ਪਾਉਂਦੀ, ਨਾਇਕਾਂ ਵਾਂਗ ਜਿਊਂਦੀ, ਜੀਵਨ ਦੇ ਗਮਾਂ ਤੋਂ ਉੱਪਰ ਉੱਠੀ, ਸਰਬੱਤ ਦਾ ਭਲਾ ਮੰਗਣ ਵਾਲੀ ਆਦਰਸ਼ਕ ਮਨੁੱਖ ਦੀ ਜੀਵਨ-ਸ਼ੈਲੀ ਵਾਲੀ ਜਮਾਤ ਹੈ। ਦਸਮੇਸ਼ ਪਿਤਾ ਨੇ ਖਾਲਸਾ ਪੰਥ ਦੀ ਸਾਜਨਾ ਦੁਨੀਆ ਨੂੰ 'ਨਿਆਰਾਪਣ' ਦੇਣ ਲਈ ਕੀਤੀ ਅਤੇ ਨਿਆਰੀ ਕੌਮ ਦੀ ਸਾਜਨਾ ਕੀਤੀ। ਖ਼ਾਲਸਾ ਪੰਥ ਦੀ ਸਾਜਨਾ ਦਾ ਦਿਵਸ, ਸਿੱਖ ਕੌਮ ਲਈ ਸਭ ਤੋਂ ਵੱਧ ਕੀਮਤੀ ਅਤੇ ਮਹੱਤਵਪੂਰਨ ਦਿਨ ਹੈ, ਜਿਸ ਨੂੰ ਕੌਮੀ ਤਿਉਹਾਰ ਵਾਂਗੂੰ ਮਨਾਉਣ ਦੇ ਨਾਲ-ਨਾਲ, ਇਸ ਦਿਨ ਇਹ ਅਹਿਸਾਸ ਕਰਨ ਦੀ ਵੀ ਲੋੜ ਹੈ ਕਿ ਜਿਸ ਮੰਤਵ ਨੂੰ ਲੈ ਕੇ ਦਸਮੇਸ਼ ਪਿਤਾ ਨੇ ਸਿੱਖ ਪੰਥ ਦੀ ਸਾਜਨਾ ਕੀਤੀ ਸੀ ਅਤੇ ਇਸ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਆਪਣੇ ਸਰਬੰਸ ਦੀ ਕੁਰਬਾਨੀ ਦਿੱਤੀ ਸੀ, ਕੀ ਉਹ ਮੰਤਵ ਪੂਰਾ ਹੋ ਰਿਹਾ ਹੈ ? ਦੁਨੀਆ 'ਚ ਜਬਰ-ਜ਼ੁਲਮ ਨੂੰ ਰੋਕਣ, ਊਚ-ਨੀਚ ਨੂੰ ਖ਼ਤਮ ਕਰਨ ਅਤੇ ਸਮੁੱਚੀ ਮਨੁੱਖਤਾ ਨੂੰ ਬਰਾਬਰੀ ਦੇਣ ਲਈ ਇਸ ਨਿਆਰੇ ਪੰਥ ਨੂੰ ਸਾਜਿਆ ਸੀ ਅਤੇ ਖਾਲਸੇ ਨੂੰ ਨਿਰਧਨ ਨੂੰ ਪਾਲਣ, ਦੁਸ਼ਟ ਨੂੰ ਗਾਲਣ, ਦੀ ਸੇਧ ਦਿੱਤੀ ਸੀ। ਅੱਜ ਖਾਲਸੇ ਦੇ ਨਿਆਰੇਪਣ ਨੂੰ ਖੋਰਾ ਅਤੇ ਖਾਲਸਾਈ ਸਿਧਾਤਾਂ ਨੂੰ ਸਿਉਂਕ ਲੱਗ ਚੁੱਕੀ ਹੈ। ਜਿਸ ਨੀਵੇਂ ਥਾਂ ਤੋਂ ਚੁੱਕ ਕੇ ਕਲਗੀਆਂ ਵਾਲੇ ਨੇ ਸਾਨੂੰ ਉੱਚੇ ਸਿੰਘਾਸਨ ਉਤੇ ਬਿਠਾਇਆ ਸੀ, ਅਸੀਂ ਮੁੜ ਤੋਂ ਉਨ੍ਹਾਂ ਨਿਵਾਣਾਂ ਵੱਲ ਜਾ ਰਹੇ ਹਾਂ। ਬਾਣੀ ਤੇ ਬਾਣੇ 'ਚ ਪ੍ਰਪੱਕ ਹੋਣ ਦੀ ਥਾਂ ਸਿਰਫ਼ ਵਿਖਾਵੇ ਮਾਤਰ ਦਾ ਮਾਰਗ ਚੁਣ ਲਿਆ ਹੈ, ਜਿਸ ਕਾਰਨ ਗੁਰੂ ਸਾਹਿਬ ਵੱਲੋਂ ਬਖ਼ਸ਼ੇ 'ਤੇਜ਼' ਦੀ ਦਾਤ ਤੋਂ ਮਹਿਰੂਮ ਹੋ ਕੇ ਖੱਜਲ ਖੁਆਰੀ ਦੇ ਰਾਹ ਪੈ ਗਏ ਹਾਂ। ਸਿੱਖੀ ਦੀਆਂ ਉੱਚੀਆਂ-ਸੁੱਚੀਆਂ

**ਬਾਕੀ ਸਫ਼ਾ 34 'ਤੇ**

# ਭਾਰਤੀ ਚੋਣ ਦੰਗਲ 'ਚ ਵਾਅਦਿਆਂ ਤੇ ਦਾਅਵਿਆਂ ਦੀਆਂ ਝੜੀਆਂ

- **ਭਾਜਪਾ ਦੇ ਭਗਵੇਂ ਮੈਨੀਫੈਸਟੋ 'ਚ ਭਾਰਤ ਨੂੰ ਹਿੰਦੂ ਦੇਸ਼ ਬਣਾਉਣ ਦੇ ਦਮਗਜ਼ੇ**
- **ਕਾਂਗਰਸ ਵੱਲੋਂ ਮੋਦੀ ਦੀ 15 ਲੱਖ ਦੀ ਜੁਮਲੇਬਾਜ਼ੀ ਨੂੰ 72 ਹਜ਼ਾਰੀ ਤੜਕਾ**

**ਨਵੀਂ ਦਿੱਲੀ/ਏਟੀ ਨਿਊਜ਼ :**

ਭਾਰਤੀ ਜਨਤਾ ਪਾਰਟੀ ਨੇ ਆਪਣੇ ਚੋਣ ਮੈਨੀਫ਼ੈਸਟੋ ਰਾਹੀਂ ਵੋਟਰਾਂ ਦਾ ਧਰਮ ਦੇ ਅਧਾਰ ਉਤੇ ਧਰੁੱਵੀਕਰਨ ਕਰਨ ਦਾ ਪੱਤਾ ਖੇਡਿਆ ਹੈ। ਇਹ ਮੈਨੀਫ਼ੈਸਟੋ ਹਰ ਮੁੱਦੇ ਉਤੇ ਸਿੱਧੇ-ਅਸਿੱਧੇ ਢੰਗ ਨਾਲ ਹਿੰਦੂ ਰਾਸ਼ਟਰਵਾਦ ਦੀ ਗੱਲ ਕਰਦਾ ਹੈ।



ਮੈਨੀਫ਼ੈਸਟੋ ਅਨੁਸਾਰ ਫ਼ੌਜ ਨੂੰ 'ਅਤਿਵਾਦ' ਵਿਰੁੱਧ ਖੁੱਲ੍ਹੀ ਛੁੱਟੀ ਦੇ ਦਿੱਤੀ ਜਾਵੇਗੀ ਯਾਨੀ ਕਿ ਜੰਮੂ-ਕਸ਼ਮੀਰ ਅਤੇ ਉੱਤਰ-ਪੂਰਬ ਵਿਚ ਗੱਲਬਾਤ ਨਹੀਂ ਬਲਕਿ ਗੋਲੀਆਂ ਦੀ ਵਾਛੜ ਹੋਵੇਗੀ। ਅਫ਼ਸਪਾ ਨੂੰ ਹਟਾਇਆ ਨਹੀਂ ਜਾਵੇਗਾ ਅਤੇ ਐਨ.ਆਰ. ਸੀ. ਨੂੰ ਹੋਰ ਸਖ਼ਤ ਬਣਾਇਆ ਜਾਵੇਗਾ। ਇਹ ਚੋਣ ਵਾਅਦੇ ਹਨ ਜੋ ਕਿ ਘੱਟ ਗਿਣਤੀ ਕੌਮਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਜੰਮੂ-ਕਸ਼ਮੀਰ 'ਚੋਂ ਧਾਰਾ 370 ਅਤੇ 35-ਏ ਨੂੰ ਹਟਾਉਣ ਦੇ ਵਾਅਦੇ ਨਾਲ ਸਪੱਸ਼ਟ ਕਰ ਦਿਤਾ ਗਿਆ ਹੈ ਕਿ ਇਸ ਸੂਬੇ ਨੂੰ ਚੋਣਾਂ ਜਿੱਤਣ ਲਈ ਕੁਰਬਾਨ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਪਾਕਿਸਤਾਨ ਨੂੰ ਨਫ਼ਰਤ ਦਾ ਨਿਸ਼ਾਨਾ ਬਣਾਉਣ ਦੀ ਸੋਚ ਤੇਜ਼ ਹੋਈ ਸੀ। ਇਸ ਮੈਨੀਫ਼ੈਸਟੋ ਵਿਚ ਉਸ ਦਾ ਇਸਤੇਮਾਲ ਰੱਜ ਕੇ ਕੀਤਾ ਗਿਆ ਹੈ। ਇਕ ਪਾਸੇ ਨਫ਼ਰਤ ਭਰੀ ਵੰਡਪਾਊ ਰਾਜਨੀਤੀ ਅਤੇ ਦੂਜੇ ਪਾਸੇ 'ਹਿੰਦੂਤਵੀ' ਰਾਸ਼ਟਰਵਾਦ ਦੇ ਕਦਮ ਮੈਨੀਫ਼ੈਸਟੋ ਵਿਚ ਨਜ਼ਰ ਆ ਰਹੇ ਹਨ। ਸੰਕਲਪ ਪੱਤਰ ਯਾਨੀ ਕਿ ਮੈਨੀਫੈਸਟੋ ਵਿਚ ਰਾਮ ਮੰਦਰ ਬਣਾਉਣ ਦੀ ਰਣਨੀਤੀ, ਸਬਰੀਮਾਲਾ ਦੇ ਮੁੱਦੇ ਨੂੰ

**ਬਾਕੀ ਸਫ਼ਾ 34 'ਤੇ**

# ਬੇਅਦਬੀ ਕਾਂਡ ਦੇ ਜਾਂਚ ਅਧਿਕਾਰੀ ਦੀ ਬਦਲੀ 'ਤੇ ਰਾਜਨੀਤੀ ਗਰਮ

## ਬਾਦਲ ਦਲ ਨੇ ਚੋਣ-ਕਮਿਸ਼ਨ ਦੀ ਆੜ 'ਚ ਸਾਧਿਆ ਨਿਸ਼ਾਨਾ

**ਜਲੰਧਰ/ਬਿਊਰੋ ਨਿਊਜ਼ :**

ਅਕਾਲੀ ਦਲ ਬਾਦਲ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਾਂਗ ਹੀ ਲੋਕ ਸਭਾ ਚੋਣਾਂ ਵਿਚ ਵੀ ਵੱਡਾ ਖਮਿਆਜ਼ਾ ਬੇਅਦਬੀ ਤੇ ਗੋਲੀ ਕਾਂਡ ਦਾ ਭੁਗਤਣਾ ਪੈ ਸਕਦਾ ਹੈ। ਕਾਂਗਰਸ ਸਰਕਾਰ ਵੀ ਇਸ ਮਾਮਲੇ ਦੀ ਜਾਂਚ ਦੇ ਨਾਂ ਉਤੇ ਇਕ ਪਾਸੇ ਪੰਥਕ ਵੋਟਰਾਂ ਦਾ ਦਿਲ ਜਿੱਤਣਾ ਚਾਹੁੰਦੀ ਤੇ ਨਾਲ ਹੀ ਅਕਾਲੀ ਦਲ ਨੂੰ ਇਸ ਮਾਮਲੇ ਵਿਚ ਘੇਰ ਕੇ ਨੁੱਕਰੇ ਲਾਉਣ ਦੀ ਤਿਆਰੀ ਵਿਚ ਜਾਪ ਰਹੀ ਹੈ। ਬੇਅਦਬੀ ਤੇ ਗੋਲੀ ਕਾਂਡ ਬਾਦਲ ਸਰਕਾਰ ਵੇਲੇ ਹੋਇਆ ਸੀ ਤੇ ਉਸ ਵੇਲੇ ਢੁਕਵੀਂ ਕਾਰਵਾਈ ਨਾ ਹੋਣ ਕਰਕੇ ਸਿੱਖਾਂ ਵਿਚ ਵਿਆਪਕ ਰੋਸ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਨੂੰ ਲੋਕ ਸਭਾ ਚੋਣਾਂ



ਤਕ ਲਟਕਾਉਣ ਦੀ ਰਣਨੀਤੀ 'ਤੇ ਚੱਲ ਰਿਹਾ ਹੈ। ਇਸੇ ਲਈ ਹੀ ਅਕਾਲੀ ਦਲ ਵੱਲੋਂ ਜਾਂਚ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਕਾਲੀ ਦਲ ਨੇ ਸਭ ਤੋਂ ਵੱਧ ਸਰਗਰਮ ਜਾਂਚ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਸ਼ਿਕਾਇਤ ਚੋਣ ਕਮਿਸ਼ਨ ਕੋਲ ਕਰਕੇ ਉਨ੍ਹਾਂ ਨੂੰ ਦੂਜੇ ਰਾਜ ਵਿਚ ਤਬਦੀਲ ਕਰਨ ਦੀ ਮੰਗ ਉਠਾਈ ਸੀ। ਇਸ ਤੋਂ ਬਾਅਦ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਬਦਲੀ ਕਰ ਦਿੱਤੀ ਗਈ ਹੈ।

ਚੋਣ ਕਮਿਸ਼ਨ ਵੱਲੋਂ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਨੇ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ ਹੈ। ਇੱਕ ਪਾਸੇ ਕਾਂਗਰਸ ਇਸ ਨੂੰ ਸ਼੍ਰੋਮਣੀ ਅਕਾਲੀ ਤੇ ਬੀਜੇਪੀ ਦੀ ਚੋਣ ਕਮਿਸ਼ਨ ਨਾਲ ਮਿਲੀਭੁਗਤ ਕਰਾਰ ਦੇ ਰਹੀ ਹੈ ਪਰ ਦੂਜੇ ਪਾਸੇ ਆਮ ਆਦਮੀ ਪਾਰਟੀ ਤੇ ਹੋਰ ਵਿਰੋਧੀ ਧਿਰਾਂ ਇਸ ਨੂੰ ਕਾਂਗਰਸ-ਅਕਾਲੀ ਦਲ ਦੀ ਸਾਂਝੀ ਖੇਡ ਕਰਾਰ ਦੇ ਰਹੀਆਂ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ

**ਬਾਕੀ ਸਫ਼ਾ 34 'ਤੇ**
















# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ !

NEW YORK LIFE

www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਤੇ ਵਿਸਾਖੀ ਦੀਆਂ

ਲੱਖ ਲੱਖ ਵਧਾਈਆਂ







Also, specializing in Home and Auto, and Business Insurance

ਸਿਮਰਨ ਕੌਰ ਅਟਵਾਲ

ਏਜੰਟ, ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ

3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219

ਫੋਨ : 209-955-2418, 209-993-7978

skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

COVERED CALIFORNIA



# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES

A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

## Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, الاتحاد ETIHAD AIRWAYS, Lufthansa, QATAR AIRWAYS القطرية

8th time in a row

2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**

32116-Alvarado Blvd. Union City, CA-94587

Email: info@travelforlessinc.com

**CALL 510-791-3300** Book online 24x7 @ www.Letsflyhome.com

## ਵਿਸਾਖੀ ਕੀਰਤਨ ਦਰਬਾਰ ਅਤੇ ਨਗਰ ਕੀਰਤਨ 14 ਅਪ੍ਰੈਲ ਨੂੰ

**ਲਾਸ ਏਂਜਲਜ਼/ਏਟੀ ਨਿਊਜ਼ :** ਕੈਲੀਫੋਰਨੀਆ ਦੇ ਦੂਜੇ ਵੱਡੇ ਸਿੱਖ ਭਾਈਚਾਰੇ ਵੱਲੋਂ 14 ਅਪ੍ਰੈਲ ਨੂੰ ਲਾਸ ਏਂਜਲਜ਼ ਕਨਵੈਨਸ਼ਨ ਸੈਂਟਰ ਵਿਖੇ ਸਾਲਾਨਾ ਵਿਸਾਖੀ ਕੀਰਤਨ ਦਰਬਾਰ ਅਤੇ ਨਗਰ ਕੀਰਤਨ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਹਿੱਸਾ ਲਏਗੀ। ਇਸ ਸਮਾਗਮ ਦੌਰਾਨ ਕੀਰਤਨ ਦਰਬਾਰ ਸਵੇਰ 07:00 ਵਜੇ ਤੋਂ ਸ਼ਾਮ 03:00 ਵਜੇ ਤਕ ਹੋਵੇਗਾ ਅਤੇ ਦੁਪਹਿਰ ਤੋਂ ਬਾਅਦ ਨਗਰ ਕੀਰਤਨ 03:00 ਵਜੇ ਤੋਂ ਸ਼ਾਮ 05:00 ਵਜੇ ਤਕ ਹੋਵੇਗਾ। ਸਿਰਫ ਦੋ ਮੀਲ ਦੀ ਦੂਰੀ 'ਤੇ ਲਾਸ ਏਂਜਲਸ ਦੇ ਡਾਊਨ-ਟਾਊਨ ਅੰਦਰ 'ਗੁਰੂ ਕਾ ਲੰਗਰ' ਹੋਵੇਗਾ ਤੇ ਪੂਰਾ ਦਿਨ ਲੰਗਰ ਛਕਾਉਣ ਦੀ ਸੇਵਾ ਜਾਰੀ ਰਹੇਗੀ। ਇਸ ਸਾਲ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ 550ਵੀਂ ਵਰ੍ਹੇਗੰਢ ਨੂੰ ਸਮਰਪਿਤ ਇਸ ਸਮਾਗਮ ਦੌਰਾਨ ਗੁਰੂ ਸਾਹਿਬ ਦੇ ਜੀਵਨ ਅਤੇ ਸਿਖਿਆਵਾਂ ਨੂੰ ਯਾਦ ਕੀਤਾ ਜਾਵੇਗਾ, ਜਿਨ੍ਹਾਂ ਨੇ ਸੰਸਾਰ ਵਿਚ ਇਕ ਵੱਡੀ ਸਮਾਜਿਕ ਤਬਦੀਲੀ ਲਿਆਂਦੀ। ਇਸ ਪਵਿੱਤਰ ਕਾਰਜ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੋ ਸਾਥੀਆਂ ਬਾਲਾ ਅਤੇ ਮਰਦਾਨਾ, ਇੱਕ ਹਿੰਦੂ ਅਤੇ ਇੱਕ ਮੁਸਲਮਾਨ ਨਾਲ, 17 ਹਜ਼ਾਰ ਮੀਲ ਦੀ ਦੂਰੀ ਤੁਰ ਕੇ ਤੈਅ ਕੀਤੀ ਅਤੇ ਸਿੱਖ ਇਨਕਲਾਬ ਦੀ ਨੀਂਹ ਰੱਖੀ। ਸੰਨ 1699 ਵਿਚ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ "ਜੇ ਤੁਸੀਂ ਪਿਆਰ ਦੇ ਇਸ ਮਾਰਗ 'ਤੇ ਚੱਲਣਾ ਚਾਹੁੰਦੇ ਹੋ, ਤਾਂ ਆਪਣੇ ਸਿਰ ਨੂੰ ਤਲੀ ਉਤੇ ਧਰ ਕੇ ਚੱਲੋ" ਨੂੰ ਅਮਲੀਜਾਮਾ ਪਹਿਨਾਉਂਦਿਆਂ ਖਾਲਸੇ ਦੀ ਸਿਰਜਣਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵਿਸਾਖੀ ਦਿਹਾੜੇ 'ਤੇ ਹਜ਼ਾਰਾਂ ਸਿੱਖਾਂ ਦੇ ਸਾਮ੍ਹਣੇ ਖੜ੍ਹੇ ਹੋ ਕੇ, ਤਲਵਾਰ ਹੱਥ ਵਿਚ ਫੜ ਕੇ ਸਿੱਖਾਂ ਦੀ ਪਰਖ ਕੀਤੀ ਅਤੇ ਪੰਜ ਸਿੱਖਾਂ ਨੇ ਆਪਣੇ ਸਿਰ ਗੁਰੂ ਨੂੰ ਸਮਰਪਿਤ ਕਰ ਦਿੱਤੇ। ਇਸ ਤਰ੍ਹਾਂ ਅੰਮ੍ਰਿਤ ਛਕਾਉਣ ਉਪਰੰਤ ਪੰਜ ਪਿਆਰਿਆਂ ਦੀ ਸਥਾਪਨਾ ਤੋਂ ਬਾਅਦ ਖੁਦ ਗੁਰੂ ਜੀ ਨੇ ਬਦਲੇ ਵਿਚ ਉਹਨਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਸ ਤਰ੍ਹਾਂ ਗੁਰੂ ਨਾਨਕ ਜੀ ਵੱਲੋਂ ਆਰੰਭ ਹੋਈ ਸਮਾਜਿਕ ਤਬਦੀਲੀ ਦੀ ਕ੍ਰਾਂਤੀ ਦਾ ਅਗਲਾ ਪੜਾਅ ਸ਼ੁਰੂ ਹੋਇਆ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਭਨਾਂ ਲਈ ਧਾਰਮਿਕ ਆਜ਼ਾਦੀ ਅਤੇ ਮਾਣ ਲਈ ਅਤਿਆਚਾਰ ਅਤੇ ਬੇਇਨਸਾਫੀ ਦੇ ਇੱਕ ਬੇਰਹਿਮ ਦੌਰ ਦਾ ਟਾਕਰਾ ਕੀਤਾ।

14 ਅਪ੍ਰੈਲ, ਐਤਵਾਰ ਨੂੰ ਹੋ ਰਿਹਾ ਵਿਸਾਖੀ ਦਾ ਇਹ ਸਮਾਗਮ ਕੈਲੀਫੋਰਨੀਆ ਦੇ ਦਰਜਨਾਂ ਸਿੱਖ ਗੁਰਦੁਆਰਿਆਂ, ਸੰਗਠਨਾਂ ਅਤੇ ਵਿਅਕਤੀਆਂ ਦੁਆਰਾ ਸਪਾਂਸਰ ਗਿਆ ਹੈ। ਸਮੂਹ ਸਿੱਖ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰੇਰਿਤ ਮਨੁੱਖੀ ਚੇਤਨਾ ਦੇ ਵਿਕਾਸ ਅਤੇ ਸਨਮਾਨ ਦੇ ਇਸ ਪੁਰਬ ਮੌਕੇ ਸਮਾਗਮ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਸਿੱਖਾਂ ਲਈ ਮੁਹੱਬਤ ਅਤੇ ਦੋਸਤੀ ਦਾ ਸੁਨੇਹਾ ਲੈ ਕੇ ਅਮਰੀਕਾ ਪੁੱਜੇ ਪਾਕਿਸਤਾਨੀ ਪੰਜਾਬ ਦੇ ਗਵਰਨਰ



**ਨਿਊਯਾਰਕ/ਬਲਵਿੰਦਰਪਾਲ ਸਿੰਘ ਖਾਲਸਾ :** ਪਾਕਿਸਤਾਨ ਦੇ ਵੱਡੇ ਸੂਬੇ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹੰਮਦ ਸਰਵਰ ਅਮਰੀਕਾ ਵਸਦੀ ਸਿੱਖ ਕੌਮ ਨੂੰ ਗੁਰੂ ਨਾਨਕ ਸਾਹਿਬ ਦੇ 550 ਵੇਂ ਪ੍ਰਕਾਸ਼ ਉਤਸਵ ਦਾ ਸੱਦਾ ਦੇਣ ਲਈ ਇਥੇ ਪਹੁੰਚ ਗਏ ਹਨ। ਨਿਊਯਾਰਕ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਕੌਮ ਦੀ ਨੁਮਾਇੰਦਾ ਜਥੇਬੰਦੀ ਈਸਟ ਕੋਸਟ ਕਮੇਟੀ ਤੇ ਸਿੱਖ ਚੈਂਬਰਜ਼ ਆਫ ਕਾਮਰਸ ਨੇ ਇਕ ਸਾਂਝੇ ਵਫਦ ਦੇ ਰੂਪ ਵਿਚ ਗਵਰਨਰ ਸਾਹਿਬ ਨਾਲ ਸ਼ਾਨਦਾਰ ਮਾਹੌਲ ਵਿਚ ਮੁਲਾਕਾਤ ਕੀਤੀ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਿਆਂ। ਉਨਾਂ ਕਿਹਾ ਕਿ ਉਹ ਅਮਰੀਕਾ ਭਰ ਦੇ ਸਿੱਖਾਂ ਨੂੰ ਇਹ ਸੱਦਾ ਦੇਣ ਖਾਸ ਤੌਰ 'ਤੇ ਇਥੇ ਆਏ ਹਨ ਕਿ ਸਿੱਖ ਆਪ ਆਪਣੇ ਹੱਥੀਂ ਬਾਬਾ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਉਤਸਵ ਮਨਾਉਣ ਅਤੇ ਇਸ ਸਬੰਧੀ ਪਾਕਿਸਤਾਨ ਵਿਚ ਹੋ ਰਹੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ। ਉਹ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਅਤੇ ਨਨਕਾਣਾ ਸਾਹਿਬ ਵਿਖੇ ਬਣਨ ਜਾ ਰਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਾਰੇ ਵੀ ਗੱਲਬਾਤ ਕਰਨ ਆਏ ਹਨ। ਜਨਾਬ ਚੌਧਰੀ ਮੁਹੰਮਦ ਸਰਵਰ ਨੇ ਕਿਹਾ ਕਿ ਇਨ੍ਹਾਂ ਵੱਡੇ ਤਿੰਨ ਕਾਰਜਾਂ ਬਾਰੇ ਸਿੱਖ ਆਪ ਜਾ ਕੇ ਪਾਕਿਸਤਾਨ ਸਰਕਾਰ ਦੇ ਨੇਕ ਇਰਾਦਿਆਂ ਅਤੇ ਹੋ ਰਹੇ ਕੰਮਾਂ ਨੂੰ ਵੇਖਣ ਤੇ ਮਹਿਸੂਸ ਕਰਨ ਕਿ ਪਾਕਿਸਤਾਨ ਸਰਕਾਰ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸਿਰ ਤੋੜ ਯਤਨ ਕਰ ਰਹੀ ਹੈ, ਤਾਂ ਕਿ ਸਿੱਖਾਂ ਨੂੰ ਪਾਕਿਸਤਾਨ ਆਪਣੇ ਘਰ ਵਾਂਗ ਲੱਗੇ। ਡਾਕਟਰ ਪ੍ਰਿਤਪਾਲ ਸਿੰਘ ਅਤੇ ਯਾਦਵਿੰਦਰ ਸਿੰਘ ਨੇ ਗਵਰਨਰ ਸਰਵਰ ਨਾਲ ਆਪਣੀ ਮੁਲਾਕਾਤ ਨੂੰ ਬਹੁਤ ਕਾਮਯਾਬ ਦੱਸਦਿਆਂ ਪਾਕਿਸਤਾਨ ਸਰਕਾਰ ਤੇ ਉਥੋਂ ਦੇ ਅਵਾਮ ਦੀ ਪ੍ਰਸੰਸਾ ਕੀਤੀ ਤੇ ਇਸ ਸੱਦੇ ਲਈ ਧੰਨਵਾਦ ਵੀ ਕੀਤਾ।

ਸ਼ਨਿਚਰਵਾਰ, 13 ਅਪ੍ਰੈਲ ਨੂੰ ਗਵਰਨਰ ਜਨਾਬ ਸਰਵਰ ਫਰੀਮੌਂਟ ਦੇ ਪੈਰਾਡਾਈਜ਼ ਬਾਲਰੂਮਜ਼ ਵਿਚ ਬਾਅਦ ਦੁਪਹਿਰ 2 ਤੋਂ 5 ਵਜੇ ਦੇ ਵਿਚ ਆ ਰਹੇ ਹਨ, ਜਿੱਥੇ ਉਹ ਉਚੇਚੇ ਸੱਦੇ ਉਤੇ ਪਹੁੰਚੇ ਮਹਿਮਾਨਾਂ ਨਾਲ ਗੁਫਤਗੂ ਕਰਨਗੇ ਅਤੇ ਪਾਕਿਸਤਾਨ ਵੱਲੋਂ ਸਿੱਖ ਸੰਗਤਾਂ ਨੂੰ ਨਨਕਾਣਾ ਸਾਹਿਬ ਪਹੁੰਚਣ ਦਾ ਸੱਦਾ ਦੇਣਗੇ। ਇਸੇ ਤਰ੍ਹਾਂ ਐਤਵਾਰ 14 ਅਪ੍ਰੈਲ ਨੂੰ ਗਵਰਨਰ ਸਾਹਿਬ ਸਟਾਕਟਨ ਦੇ ਖਾਲਸਾ ਸਾਜਨਾ ਨਗਰ ਕੀਰਤਨ ਦੇ ਸਮਾਗਮਾਂ ਵਿਚ ਸ਼ਾਮਲ ਹੋ ਕੇ ਗਦਰੀ ਬਾਬਿਆਂ ਦੀ ਧਰਤੀ ਉਤੇ ਵਸਦੇ ਸਿੱਖਾਂ ਨੂੰ ਨਨਕਾਣਾ ਸਾਹਿਬ ਪਹੁੰਚ ਕੇ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਉਤਸਵ ਮਨਾਉਣ ਦਾ ਸੱਦਾ ਵੀ ਦੇਣਗੇ। ਗਵਰਨਰ ਸਾਹਿਬ ਦੇ ਅਮਰੀਕੀ ਦੌਰੇ ਉਤੇ ਸਿੱਖ ਸੰਗਤਾਂ ਤੇ ਪੰਥਕ ਜਥੇਬੰਦੀਆਂ ਵਿਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਇਸ ਨੂੰ ਪਾਕਿਸਤਾਨ ਸਰਕਾਰ ਦਾ ਬਹੁਤ ਵਧੀਆ ਉਦਮ ਮੰਨਿਆ ਜਾ ਰਿਹਾ ਹੈ।

## ਭਾਈ ਜਸਵੰਤ ਸਿੰਘ ਹੋਠੀ ਨੂੰ ਗਹਿਰਾ ਸਦਮਾ

### ਮਾਤਾ ਬੀਬੀ ਗੁਰਮੀਤ ਕੌਰ ਹੋਠੀ ਦਾ ਅਕਾਲ ਚਲਾਣਾ

**ਸੈਨਹੋਜ਼ੇ/ਏਟੀ ਨਿਊਜ਼ :** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਦੇ ਮਾਤਾ ਜੀ ਬੀਬੀ ਗੁਰਮੀਤ ਕੌਰ ਹੋਠੀ ਸੋਮਵਾਰ, ਮਿਤੀ 8 ਅਪ੍ਰੈਲ ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ 90 ਵਰ੍ਹਿਆਂ ਦੇ ਸਨ ਤੇ ਮਾਮੂਲੀ ਬਿਮਾਰੀ ਤੋਂ ਬਾਅਦ ਉਹਨਾਂ ਦਾ ਦਿਹਾਂਤ ਹੋ ਗਿਆ। ਉਹਨਾਂ ਦਾ ਅੰਤਿਮ ਸੰਸਕਾਰ ਦਿਨ ਸ਼ਨਿਚਰਵਾਰ, ਮਿਤੀ 13 ਅਪ੍ਰੈਲ ਨੂੰ ਸਵੇਰੇ 10 ਵਜੇ ਚੈਪਲ ਆਫ ਚਾਈਮਜ਼ ਵਿਖੇ ਹੋਵੇਗਾ। ਚੈਪਲ ਦਾ ਪਤਾ 32992 ਮਿਸ਼ਨ ਬੁੱਲੇਵਾਰਡ, ਹੇਵਰਡ ਹੈ। ਭਾਈ ਜਸਵੰਤ ਹੋਠੀ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰ. (408) 898-7056 'ਤੇ ਸੰਪਰਕ ਕੀਤਾ ਸਕਦਾ ਹੈ।







REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300

# ਭਾਰਤ ਵਿਚ 'ਅਫਸਪਾ' ਅੰਗਰੇਜ਼ਾਂ ਦੇ ਕਾਲੇ ਕਾਨੂੰਨਾਂ ਤੋਂ ਵੀ ਖਤਰਨਾਕ : ਖਾਲਸਾ

**ਕਨੇਕਟੀਕਟ/ਹੁਸਨ ਲੜੋਆ ਬੰਗਾ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ (ਅਮਰੀਕਾ) ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਨੇ ਕਾਲੇ ਕਾਨੂੰਨ 'ਅਫਸਪਾ' ਦੀ ਨਿਖੇਧੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਇਸ ਕਾਲੇ ਕਾਨੂੰਨ ਤਹਿਤ ਦਲਿਤਾਂ, ਘੱਟ ਗਿਣਤੀਆਂ, ਕਬੀਲਿਆਂ ਦਾ ਘਾਣ ਕਰ ਰਹੀ ਹੈ ਅਤੇ ਸੁਰੱਖਿਆ ਦਸਤਿਆਂ ਨੂੰ ਖੁੱਲ੍ਹੇ ਅਧਿਕਾਰ ਦੇ ਕੇ ਅਦਾਲਤਾਂ ਦੇ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ। ਇਸ ਤਹਿਤ ਸੁਰੱਖਿਆ ਫੋਰਸਾਂ ਦੁਆਰਾ ਕੀਤੇ ਜਾ ਰਹੇ ਬਲਾਤਕਾਰਾਂ ਤੇ ਮਾਸੂਮਾਂ ਦੇ ਕਤਲਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਉਹਨਾਂ ਇਸ ਕਾਨੂੰਨ ਨੂੰ ਭਾਰਤੀ ਸੰਵਿਧਾਨ ਦੇ ਉਲਟ ਦੱਸਦਿਆਂ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ-21 ਦੀ ਖੁੱਲ੍ਹੀ ਉਲੰਘਣਾ ਹੈ, ਜਿਹੜੀ ਦੱਸਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸ ਦੇ ਜਿਉਣ ਦੇ ਹੱਕ ਜਾਂ ਨਿੱਜੀ ਅਜ਼ਾਦੀ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਇਸ ਕਾਨੂੰਨ ਤਹਿਤ ਕਿਸੇ ਵੀ ਭਗਵੇਂ ਅੱਤਵਾਦੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਤੇ ਨਾ ਹੀ ਉਹਨਾਂ ਦੇ ਹਥਿਆਰਾਂ ਨੂੰ ਇਸ ਕਾਨੂੰਨ ਤਹਿਤ ਜ਼ਬਤ ਕੀਤਾ ਗਿਆ ਹੈ, ਜਦ ਕਿ ਦੂਸਰੇ ਪਾਸੇ ਕਸ਼ਮੀਰ ਵਿਚ ਮੁਸਲਮਾਨਾਂ 'ਤੇ ਅੱਤਵਾਦ ਦੇ ਨਾਮ ਉਪਰ ਕਹਿਰ ਢਾਹਿਆ ਜਾ ਰਿਹਾ ਹੈ। ਸਿੱਖਾਂ ਤੇ ਮੁਸਲਮਾਨਾਂ ਨੂੰ ਅੱਤਵਾਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਹੁਣ ਪੰਜਾਬ ਵਿਚ ਖਾੜਕੂਵਾਦ ਦੇ ਮੁੜ ਪੈਦਾ ਹੋਣ ਦੇ ਨਾਂਅ 'ਤੇ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੰਜਾਬ ਦੇ ਰਾਹੋਂ ਇਲਾਕੇ ਵਿਚ ਸਿੱਖ ਪੁਸਤਕਾਂ ਦੀ ਬਰਾਮਦਗੀ 'ਤੇ ਤਿੰਨ ਸਿੱਖ ਨੌਜਵਾਨਾਂ ਉੱਤੇ ਦੇਸ਼ ਵਿਰੋਧੀ ਜੰਗ ਦਾ ਕੇਸ ਪਾਉਣਾ ਤੇ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਦੇਣਾ, ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।



ਸਵਰਨਜੀਤ ਸਿੰਘ ਖਾਲਸਾ ਨੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਭਾਰਤ 'ਤੇ ਦਬਾਅ ਪਾ ਕੇ ਕਾਲੇ ਕਾਨੂੰਨ ਅਫਸਪਾ ਨੂੰ ਰੱਦ ਕਰਨ ਲਈ ਕਹਿਣ, ਕਿਉਂਕਿ ਇਸ ਨਾਲ ਘੱਟ ਗਿਣਤੀਆਂ, ਦਲਿਤਾਂ ਤੇ ਕਬੀਲਿਆਂ ਦੇ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਅੰਗਰੇਜ਼ ਰਾਜ ਦੌਰਾਨ ਲੋਕਾਂ ਦੀ ਅਜ਼ਾਦੀ ਨੂੰ ਦਬਾਉਣ ਲਈ ਰੌਲਟ ਕਮਿਸ਼ਨ ਕਾਇਮ ਕੀਤਾ ਗਿਆ ਸੀ, ਉਸੇ ਤਰ੍ਹਾਂ ਹੀ ਭਾਰਤ ਦੀਆਂ ਸਰਕਾਰਾਂ ਘੱਟ ਗਿਣਤੀਆਂ, ਦਲਿਤਾਂ ਤੇ ਕਬੀਲਿਆਂ ਨੂੰ ਦਬਾਉਣ ਲਈ ਉਹਨਾਂ ਵਿਰੁਧ ਰੌਲਟ ਕਮਿਸ਼ਨ ਤੋਂ ਵੀ ਸਖ਼ਤ ਟਾਡਾ, ਪੋਟਾ ਤੇ ਹੁਣ ਅਫਸਪਾ ਲਾਗੂ ਕਰ ਰਹੀ ਹੈ ਤਾਂ ਜੋ ਘੱਟ ਗਿਣਤੀਆਂ, ਕਬੀਲਿਆਂ ਤੇ ਦਲਿਤਾਂ ਦੇ ਹੱਕਾਂ ਨੂੰ ਦਬਾ ਕੇ ਰੱਖਿਆ ਜਾਵੇ ਤੇ ਉਹਨਾਂ ਨੂੰ ਗੁਲਾਮ ਬਣਾਇਆ ਜਾਵੇ। ਉਹਨਾਂ ਦੱਸਿਆ ਕਿ ਰੌਲਟ ਐਕਟ ਤੋਂ ਮਿਲੀ ਅੰਨ੍ਹੀ ਹਕੂਮਤੀ ਤਾਕਤ ਦੇ ਜ਼ੋਰ 'ਤੇ ਹੀ ਜਨਰਲ ਡਾਇਰ ਨੇ ਆਪਣੀ ਫ਼ੌਜ ਨਾਲ ਜਲ੍ਹਿਆਂਵਾਲਾ ਬਾਗ਼ ਘੇਰ ਕੇ ਬਿਨਾ ਚਿਤਾਵਨੀ ਦਿੱਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ। ਇਸ ਵਿਚ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਤੇ ਹੁਣ ਉਹੀ ਕੰਮ ਮੋਦੀ ਸਰਕਾਰ ਕਰ ਰਹੀ ਹੈ। ਭਾਰਤ ਵਿਚ ਕਈ ਜਲ੍ਹਿਆਂਵਾਲੇ ਬਾਗ ਬਣ ਰਹੇ ਹਨ। ਕਸ਼ਮੀਰ ਅਸਾਮ, ਮਣੀਪੁਰ, ਤ੍ਰਿਪੁਰਾ, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਮਿਜ਼ੋਰਮ ਅਤੇ ਨਾਗਾਲੈਂਡ ਇਸ ਗੱਲ ਦਾ ਗਵਾਹ ਹੈ।


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੁਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

### ਭਾਗ ਅੱਠਵਾਂ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)

60. ਨਿਮਨ ਲਿਖਤ ਪੁਲਿਸ ਅਫ਼ਸਰ ਜ਼ਖਮ ਹੋਏ ਅਤੇ ਉਨ੍ਹਾਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ।

1. ਇਂਸਪੈਕਟਰ ਹਰਿਦਰਪਾਲ ਸਿੰਘ
2. ਸਿਪਾਹੀ ਜੀਤ ਰਾਮ
3. ਏ.ਐਸ.ਆਈ. ਜਸਵੰਤ ਸਿੰਘ
4. ਸਿਪਾਹੀ ਜਸਵੰਤ ਸਿੰਘ

61. 4 ਫਰਵਰੀ, 1986 ਨੂੰ ਸ਼ਾਮ 4.40 ਤੇ ਡਾ. ਵੀ.ਕੇ ਖੁੱਲਰ ਨੇ ਇਂਸਪੈਕਟਰ ਹਰਿਦਰਪਾਲ ਸਿੰਘ ਦਾ ਕਾਨੂੰਨੀ ਤੁਰੰਤ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ।

ਖੱਬੇ ਗੋਡੇ ਦੇ ਜੋੜ ਦੇ ਪਿਛਲੇ ਪਾਸੇ 4X2 ਸੈਂਟੀਮੀਟਰ ਦੀ ਰਗੜ। ਜ਼ਖਮ ਖੁੰਡੇ ਹਥਿਆਰ ਨਾਲ ਕੀਤਾ ਗਿਆ ਸੀ ਅਤੇ ਸਾਧਾਰਨ ਕਿਸਮ ਦਾ ਸੀ ਅਤੇ 6 ਘੰਟੇ ਦੇ ਸਮੇਂ ਦੌਰਾਨ ਕੀਤਾ ਗਿਆ ਸੀ।

ਜਵਾਬੀ ਪੁੱਛਗਿੱਛ ਵਿਚ ਡਾਕਟਰ ਨੇ ਕਿਹਾ ਕਿ ਇਂਸਪੈਕਟਰ ਹਰਿਦਰਪਾਲ ਸਿੰਘ ਦੇ ਇਹ ਜ਼ਖਮ ਲਾਠੀ ਕਾਰਨ ਹੋਇਆ ਸੀ।

62. ਉਸੀ ਦਿਨ 4.55 ਸ਼ਾਮ ਨੂੰ ਉਪਰੋਕਤ ਡਾਕਟਰ ਨੇ ਸਿਪਾਹੀ ਜੀਤ ਰਾਮ ਦਾ ਕਾਨੂੰਨਲ ਡਾਕਟਰੀ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ :-

1. ਖੱਬੀ ਕਲਾਈ ਦੇ ਜੋੜ ਦੇ ਸਾਹਮਣੇ ਵਾਲੇ ਹਿੱਸੇ ਤੇ 11.5 ਸੈਂਟੀਮੀਟਰ ✓ 1.5 ਸੈਂਟੀਮੀਟਰ ਦੀ ਫੈਲੀ ਹੋਈ ਸੋਜਿਸ਼। ਜੋੜ ਦੀ ਹਰਕਤ ਦਰਦ ਭਰੀ ਸੀ ਅਤੇ ਐਕਸਰੇ ਲਈ ਸਲਾਹ ਦਿੱਤੀ ਗਈ।
2. ਸੱਜੇ ਪੱਟ ਦੇ ਪਿਛਲੇ ਉਪਰਲੇ ਹਿੱਸੇ ਵਿਚ ਦਰਦ, ਐਕਸਰੇ ਦੀ ਸਲਾਹ ਦਿੱਤੀ ਗਈ।

ਡਾਕਟਰ ਦੇ ਵਿਚਾਰ ਅਨੁਸਾਰ ਜ਼ਖਮ ਖੁੰਡੇ ਹਥਿਆਰ ਨਾਲ 6 ਘੰਟੇ ਦੇ ਸਮੇਂ ਦੌਰਾਨ ਕੀਤੇ ਗਏ ਸਨ ਅਤੇ ਦੋਨੋਂ ਜ਼ਖਮ ਧਿਆਨ ਵਿਚ ਰੱਖੇ ਗਏ।

63. ਉਸੀ ਤਾਰੀਖ ਨੂੰ, ਸ਼ਾਮ 5.05 ਤੇ ਉਸੀ ਡਾਕਟਰ ਨੇ ਏ.ਐਸ.ਆਈ. ਜਸਵੰਤ ਸਿੰਘ ਦਾ ਮੁਆਇਨਾ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ :-

ਸੱਜੀ ਲੱਤ ਦੇ ਪਿਛਲੇ, ਹੇਠਲੇ ਪਾਸੇ .25 ਸੈਂਟੀਮੀਟਰ X.25 ਸੈਂਟੀਮੀਟਰ ਚੀਰਿਆ ਹੋਇਆ ਗੋਲੀ ਦਾ ਜ਼ਖਮ, ਸੱਜੇ ਗਿੱਟੇ ਦੇ ਜੋੜ ਤੇ ਵਿਚਕਾਰਲੇ ਪਾਸੇ 4 ਸੈਂਟੀਮੀਟਰ ਦਾ ਲੇਟਰੀਲ ਮੈਲੀਉਲਸ ਐਕਸਰੇ ਦੀ ਸਲਾਹ। ਸੱਜੇ ਪੈਰ ਤੇ ਖੁੱਲ੍ਹੀ ਹੋਈ ਚੋਟ। ਜ਼ਖਮ ਵਿਚਾਰ ਅਧੀਨ ਰੱਖਿਆ ਗਿਆ ਅਤੇ ਜ਼ਖਮ ਸਾਧਾਰਨ ਕਿਸਮ ਦਾ ਸੀ। ਜ਼ਖਮ 6 ਘੰਟਿਆਂ ਦੇ ਸਮੇਂ ਦੌਰਾਨ ਕੀਤਾ ਗਿਆ ਸੀ। ਐਕਸਰੇ ਦੀ ਸਲਾਹ ਦਿੱਤੀ ਗਈ ਅਤੇ ਸੱਜੇ ਗਿੱਟੇ ਤੇ ਇਕ ਧੱਬਾ, ਪਰਛਾਵੇਂ ਦੀ ਤਰ੍ਹਾਂ ਮੌਜੂਦ ਪਾਇਆ ਗਿਆ। ਡਾਕਟਰ ਨੇ ਅੱਗੇ ਬਿਆਨ ਕੀਤਾ ਕਿ ਇਹ ਜ਼ਖਮ ਉਸ ਦੁਆਰਾ ਨਹੀਂ ਕੀਤਾ ਗਿਆ ਅਤੇ ਤਦ ਡਾ. ਡੀ.ਪੀ. ਕਪੂਰ ਨੇ ਸਲਾਹ ਦਿੱਤੀ ਕਿ ਜ਼ਖਮ ਦੇ ਉਤਾਰੇ ਦੀ ਕੋਈ ਜ਼ਰੂਰਤ ਨਹੀਂ ਹੈ। ਡਾਕਟਰ ਨੇ ਅੱਗੇ ਕਿਹਾ ਕਿ ਪਰਛਾਵੇਂ ਦੀ ਤਰ੍ਹਾਂ ਦਾ ਧੱਬਾ ਹੋਰ ਕਿਸੀ ਸਮੱਗਰੀ ਦਾ ਹੋ ਸਕਦਾ ਸੀ।

64. ਉਸੀ ਦਿਨ ਸ਼ਾਮ 5.15 ਤੇ ਉਸੀ ਡਾਕਟਰ ਨੇ ਕਾਂਸਟੇਬਲ ਜਸਵੰਤ ਸਿੰਘ ਦਾ ਮੁਆਇਨਾਂ ਕੀਤਾ ਅਤੇ ਨਿਮਨ ਦਰਜ ਜ਼ਖਮ ਪਾਏ :-

1. ਖੱਬੇ ਅੰਗੂਠੇ ਦੇ ਮੁੱਢ ਤੇ ਪਿਛਲੇ ਹਿੱਸੇ ਤੇ 4x25 ਸੈਂਟੀਮੀਟਰ ਦਾ ਜ਼ਖਮ ਡੂੰਘਾ ਸੀ।
2. ਛਾਤੀ ਦੇ ਪਿਛਲੇ ਹਿੱਸੇ ਵਿਚ ਦਰਦ। ਕੋਈ



ਸੋਜਿਸ਼ ਜਾਂ ਦਰਦ ਨਹੀਂ।

ਡਾਕਟਰ ਦੇ ਵਿਚਾਰ ਵਿਚ ਜ਼ਖਮ ਨੰ. 1 ਤੇ ਤੇਜ਼ਧਾਰ ਹਥਿਆਰ ਨਾਲ ਕੀਤਾ ਗਿਆ ਸੀ ਅਤੇ ਜ਼ਖਮ ਨੰ. 2 ਖੁੰਡੇ ਹਥਿਆਰ ਨਾਲ ਕੀਤਾ ਗਿਆ ਸੀ। ਜ਼ਖਮ 2 ਘੰਟਿਆਂ ਦੇ ਸਮੇਂ ਦੌਰਾਨ ਕੀਤਾ ਗਿਆ ਸੀ। ਜ਼ਖਮ ਸਾਧਾਰਨ ਕਿਸਮ ਦੇ ਸਨ।

65. ਪੁਲਿਸ ਅਨੁਸਾਰ, ਸੀ.ਆਰ.ਪੀ. ਦੇ ਜਵਾਨਾਂ ਦੁਆਰਾ ਗੋਲੀਆਂ ਦੇ 6 ਰਾਊਂਡ ਚਲਾਏ ਗਏ, ਕਾਂਸਟੇਬਲ ਜਸਬੀਰ ਸਿੰਘ ਤੇ ਡੀਐਸਪੀ ਸ੍ਰੀ ਗੋਪਾਲ ਸਿੰਘ ਘੁੰਮਣ ਦੇ ਗੰਨਮੈਨ ਨੇ ਆਪਣੀ 303 ਦੀ ਰਾਇਫ਼ਲ ਨਾਲ 2 ਰਾਊਂਡ ਚਲਾਏ ਅਤੇ ਸ੍ਰੀ ਜਸਕੀਰਤ ਸਿੰਘ ਐਸ.ਐਚ.ਓ .ਨੇ ਆਪਣੀ ਰਿਵਾਲਵਰ ਨਾਲ ਦੋ ਰਾਊਂਡ ਚਲਾਏ। ਸ੍ਰੀ ਜਸਕੀਰਤ ਸਿੰਘ ਐਸ.ਐਚ.ਓ. ਨੇ ਥਾਣੇ ਵਿਚ ਕੇਸ ਦਰਜ ਕਰਨ ਲਈ ਇਕ ਰੁੱਕਾ ਭੇਜਿਆ। ਪੁਲਿਸ ਨੇ ਨਿਮਨ ਲਿਖਤ ਵਿਅਕਤੀ ਮੌਕੇ ਤੇ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਨਾਵਾਂ ਵਿਰੁਧ ਦੱਸੇ ਗਏ ਹਥਿਆਰ ਫੜੇ ਗਏ :-

| | |
|---|---|
| 1. ਸੰਗਾਰਾ ਸਿੰਘ | : ਸੂਆ ਦੰਦ |
| 2. ਤੀਰਥ ਸਿੰਘ | : ਕਿਰਪਾਨ |
| 3. ਪਿਆਰਾ ਸਿੰਘ | : ਕਿਰਪਾਨ |
| 4. ਕਾਬਲ ਸਿੰਘ | : ਕਿਰਪਾਨ |
| 5. ਕਿਰਪਾਨ ਸਿੰਘ | : ਕਿਰਪਾਨ |
| 6. ਸੁਖਦੇਵ ਸਿੰਘ | : ਡਾਂਗ |
| 7. ਸਤਨਾਮ ਸਿੰਘ | : ਡਾਂਗ |
| 8. ਜਗਤਾਰ ਸਿੰਘ | : ਡਾਂਗ |
| 9. ਹਰਬੰਸ ਸਿੰਘ | : ਡਾਂਗ |
| 10. ਡੋਗਰਾ ਸਿੰਘ | : ਕਿਰਪਾਨ |
| 11. ਅਵਤਾਰ ਸਿੰਘ | : ਕਿਰਪਾਨ |
| 12. ਜਰਨੈਲ ਸਿੰਘ | : ਕਿਰਪਾਨ |
| 13. ਸੁਖਦੇਵ ਸਿੰਘ | : ਕਿਰਪਾਨ |
| 14. ਅਮਰਜੀਤ ਸਿੰਘ | : ਡਾਂਗ |
| 15. ਸੰਪੂਰਨ ਸਿੰਘ | : ਡਾਂਗ |
| 16. ਸਵਰਨ ਸਿੰਘ | : ਕਿਰਪਾਨ |
| 17. ਗੁਰਮੀਤ ਸਿੰਘ | : ਕਿਰਪਾਨ |
| 18. ਕੰਵਲਜੀਤ ਸਿੰਘ | : ਡਾਂਗ |
| 19. ਸਰਵਣ ਸਿੰਘ | : ਡਾਂਗ |

ਐਸ.ਐਚ.ਓ. ਜਸਕੀਰਤ ਸਿੰਘ ਨੇ ਜ਼ਖਮੀ ਵਿਅਕਤੀਆਂ ਜਿਨ੍ਹਾਂ ਦੇ ਨਾਮ ਹਨ ਤਰਸੇਮ ਸਿੰਘ, ਲਖਬੀਰ ਸਿੰਘ, ਹਰਜਿੰਦਰਪਾਲ ਸਿੰਘ, ਰਵਿੰਦਰ ਸਿੰਘ ਅਤੇ ਬਿੱਕਰ ਸਿੰਘ, ਸਿਵਲ ਹਪਸਤਾਲ ਨਕੋਦਰ ਤੋਂ ਐਸ.ਐਚ.ਓ. ਜਸਕੀਰਤ ਸਿੰਘ ਵਲੋਂ ਗ੍ਰਿਫ਼ਤਾਰ ਕੀਤੇ ਗਏ। ਐਫ਼.ਆਈ.ਆਰ. ਲੰ 54, ਮਿਤੀ 4 ਫਰਵਰੀ, 1986, ਭਾਰਤੀ ਦੰਡ ਸੰਘਤਾ ਦੀ ਧਾਰਾਵਾਂ 307/392/427/353/332/ 437/ 511/ 148/149 ਅਧੀਨ ਅਤੇ ਹਥਿਆਰਬੰਦ ਅਧਿਨਿਯਮ ਦੀਆਂ ਧਾਰਾਵਾਂ 25/27/54/59 ਅਧੀਨ ਪੁਲਿਸ ਸਟੇਸ਼ਨ ਨਕੋਦਰ ਵਿਖੇ ਦਰਜ ਕੀਤੀ : 1. ਸ੍ਰੀ ਜਸਕੀਰਤ ਸਿੰਘ ਨੇ ਨਿਮਨ ਦਰਜ ਵਸਤੂਆਂ ਮੌਕੇ 'ਤੇ ਬਰਾਮਦ ਕੀਤੀਆਂ :

ੳ. ਦੋ ਪਿਸਤੌਲਾਂ 12 ਬੋਰ ਦੇਸੀ (ਪਾਰਦਰਸ਼ਿਤ ਪੀ.ਡਬਲਿਊ. 14/ਐਚ)
ਅ. 10 ਕਾਰਤੂਸ 12 ਬੋਰ
ੲ. 2 ਕਾਰਤੂਸ 9 ਐਮ.ਐਮ.
ਸ. 6 ਕਿਰਪਾਨਾਂ (ਪਾਰਦਰਸ਼ਿਤ ਪੀ.ਡਬਲਿਊ. 14/ਜੇ)
ਹ. 5 ਲਾਠੀਆਂ (ਪਾਰਦਰਸ਼ਿਤ ਪੀ.ਡਬਲਿਊ 14/ਐਲ)
ਕ. ਲਗਭਗ 200 ਇੱਟਾਂ ਤੇ ਪੱਥਰ (ਪਰਦਰਸ਼ਿਤ ਪੀ.ਡਬਲਿਊ. 14/ਐਮ)
ਖ. ਖੂਨ ਨਾਲ ਭਰੀ ਜ਼ਮੀਨ (ਪਰਦਰਸ਼ਿਤ ਪੀ. ਡਬਲਿਊ. 14/ਕੇ)
ਗ. ਇਕ ਬੱਸ ਨੰ. ਪੀ.ਜੇ.ਕਿਊ 4630 (ਪਰਦਰਸ਼ਿਤ ਪੀ.ਡਬਲਿਊ. 14/ਐਨ)
ਘ. ਬੱਸ ਨੰ. ਪੀ.ਯੂ. ਕਿਊ 4630 (ਪਰਦਰਸ਼ਿਤ ਪੀ.ਡਬਲਿਊ/ਓ)
ਙ. ਇਕ ਟਰਾਲੀ ਦੋ ਟਰੈਕਟਰ ਅਤੇ ਇਕ ਸਕੂਟਰ (ਪਰਦਰਸ਼ਿਤ ਪੀ. ਡਬਲਿਊ/ਪੀ)

ਉਸ ਨੇ ਪੁਲਿਸ ਅਫ਼ਸਰਾਂ ਦੁਆਰਾ ਪੇਸ਼ ਕੀਤੀਆਂ ਨਿਮਨ ਲਿਖਤ ਵਸਤੂਆਂ ਵੀ ਕਬਜ਼ੇ ਵਿਚ ਲਈਆਂ :

ੳ. 8 ਖਾਲੀ ਕਾਰਤੂਸ
ਅ. 21 ਰਿੰਗ ਗਰਨੇਡ
ੲ. 27 ਹੰਝੂ ਗੈਸ ਦੇ ਖਾਲੀ ਗੋਲੇ
ਸ. ਰਾਉਂਦ ਬੰਦੂਕ ਦੇ 8 ਕਾਰਤੂਸ
ਹ. ਏ.ਐਸ.ਆਈ. ਜਸਵੰਤ ਸਿੰਘ ਦੀ ਜੁਰਾਬ

ਸੁਪਰਡੰਟ ਪੁਲਿਸ (ਡਿਟੈਕਟਿਵ) ਜਲੰਧਰ ਦੇ ਹੁਕਮਾਂ ਅਨੁਸਾਰ ਕੇਸ ਦੀ ਅਗਲੀ ਪੜਤਾਲ 5 ਫਰਵਰੀ 1986 ਨੂੰ ਇਂਸਪੈਕਟਰ ਅਜੀਤ ਸਿੰਘ, ਸੀ.ਆਈ.ਏ. ਸਟਾਫ਼ ਵਲੋਂ ਕੀਤੀ ਗਈ। ਬਾਅਦ ਵਿਚ ਕਮਿਸ਼ਨਰ ਜਲੰਧਰ ਡਵੀਜ਼ਨ ਦੇ ਹੁਕਮਾਂ ਤੇ ਕੇਸ ਵਾਪਸ ਲੈ ਲਿਆ ਗਿਆ ਸੀ।

66. ਸ੍ਰੀ ਐਮ.ਐਲ. ਨੰਦਾ ਪੁਲਿਸ ਤੇ ਹੋਰ ਅਫ਼ਸਰਾਂ ਲਈ ਵਕੀਲ ਨੇ ਦਾਅਵਾ ਕੀਤਾ ਕਿ ਹਥਿਆਰਾਂ ਨਾਲ ਲੈਸ ਭੀੜ ਨੇ ਕੁਝ ਪੁਲਿਸ ਕਰਮੀ ਵੀ ਜ਼ਖਮੀ ਕਰ ਦਿੱਤੇ ਸਨ ਅਤੇ ਹੁਣ ਨਕੋਦਰ ਟਾਊਨ ਦੇ ਕਰਫਿਊ ਵਾਲੇ ਇਲਾਕੇ ਵੱਲ ਤੁਰਨਾ ਸ਼ੁਰੂ ਕਰ ਦਿੱਤਾ ਅਤੇ ਹੰਝੂ ਗੈਸ ਦੇ ਗੋਲੇ ਸੁੱਟਣ ਤੋਂ ਬਾਅਦ ਵੀ ਨਹੀਂ ਰੁਕੀ। ਲਾਠੀਚਾਰਜ ਕੀਤਾ ਗਿਆ ਅਤੇ ਪਲਾਸਟਿਕ ਦੇ ਕਾਰਤੂਸ ਚਲਾਏ ਗਏ। ਇਹ ਉਚਿਤ ਸੂਝ ਬੂਝ ਨਾਲ ਵਿਚਾਰਦੇ ਹੋਏ ਕਿ ਜੇ ਗੋਲੀ ਨਾ ਚਲਾਈ ਗਈ ਤਾਂ ਖੂਨ ਖਰਾਬਾ ਤੇ ਪਬਲਿਕ ਸੰਪਤੀ ਦਾ ਨੁਕਸਾਨ ਹੋ ਸਕਦਾ ਹੈ। ਗੋਲੀ ਦੇ ਹੁਕਮ ਦਿੱਤੇ ਗਏ। ਉਸ ਨੇ ਅੱਗੇ ਕਿਹਾ ਕਿ ਸ੍ਰੀ ਏ.ਕੇ. ਸ਼ਰਮਾ ਐਸ.ਪੀ. (ਅਪ੍ਰੇਸ਼ਨ) ਜਿਹੜਾ ਕਿ ਐਸ.ਐਸ.ਪੀ. ਜਲੰਧਰ ਦੁਆਰਾ ਮਾਹੌਲ ਕੰਟਰੋਲ ਵਿਚ ਰੱਖਣ ਲਈ ਕਿਸੇ ਸਮੇਂ ਵੀ ਗੋਲੀ ਦਾ ਹੁਕਮ ਦੇਣ ਲਈ ਅਧਿਕਾਰਿਤ ਕੀਤਾ ਗਿਆ ਸੀ। ਉਸ ਨੇ ਅੱਗੇ ਨੁਕਤਾ ਉਠਾਇਆ ਕਿ ਸਿਰਫ਼ 10 ਕਾਰਤੂਸ ਚਲਾਏ ਗਏ, ਇਸ ਲਈ ਗੋਲੀਬਾਰੀ ਪੂਰੀ ਉਚਿਤ ਸੀ ਅਤੇ ਜ਼ਿਆਦਾ ਨਹੀਂ ਸੀ।

67. ਜਵਾਬ ਵਿਚ ਡਾ. ਡੀ.ਐਸ. ਢਿੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਕੀਲ ਨੇ ਕਿਹਾ ਕਿ ਸ਼ੁਰੂ ਵਿਚ ਸ਼ੇਰਪੁਰ ਪੁਲ ਤੇ ਲੋਕਾਂ ਦੀ ਗਿਣਤੀ ਜ਼ਿਆਦਾ ਨਹੀਂ ਸੀ, ਉਹ ਸਿਰਫ਼ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਜਲੀਆਂ ਬੀੜਾਂ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਪਰ ਕੋਈ ਅਧਿਕਾਰੀ ਮੈਂਬਰ ਉਨ੍ਹਾਂ ਨਾਲ ਸਮਝੌਤੇ ਲਈ ਗੱਲਬਾਤ ਕਰਨ ਨੂੰ ਤਿਆਰ ਨਹੀਂ ਸੀ ਅਤੇ ਨਾ ਹੀ ਗੁਰਦੁਆਰੇ ਵਿਚ ਲੋਕਾਂ ਨੂੰ ਲਿਜਾਣ ਲਈ ਕੋਈ ਰਾਹ ਕੱਢਣ ਦੀ ਹੀ ਕੋਸ਼ਿਸ਼ ਕੀਤੀ। ਉਸ ਨੇ ਅੱਗੇ ਨੁਕਤਾ ਉਠਾਇਆ ਕਿ ਨਕੋਦਰ ਕਸਬੇ ਵਿਚ ਕਰਫਿਊ ਸਖਤਾਈ ਨਾਲ ਲਾਗੂ ਨਹੀਂ ਸੀ ਅਤੇ ਸ਼ਿਵ ਸੈਨਾ ਦੇ ਲੋਕਾਂ ਨੂੰ ਜਲੂਸ ਕੱਢਣ ਦੀ ਮਨਜ਼ੂਰੀ ਸੀ, ਇਸ ਲਈ ਸਿੱਖ ਨੌਜਵਾਨਾਂ ਦੀ ਗੁਰਦੁਆਰੇ ਜਾਣ ਦੀ ਮੰਗ ਜਾਇਜ਼ ਸੀ। ਉਸ ਨੇ ਅੱਗੇ ਕਿਹਾ ਕਿ ਸੁਰੱਖਿਆ ਬਲ ਜਿਹੜੀ ਸੰਖਿਆ ਵਿਚ 100 ਦੇ ਕਰੀਬ ਲਗਭਗ ਪੂਰੇ ਹਥਿਆਰਾਂ ਨਾਲ ਲੈਸ ਸੀ, ਅਤੇ ਪੁਲਿਸ ਦੇ ਕਹਿਣ ਅਨੁਸਾਰ ਲਾਠੀਆਂ ਅਤੇ ਕਿਰਪਾਨਾਂ ਨਾਲ ਲੈਸ ਭੀੜ ਤੋਂ ਪੁਲਿਸ ਨੂੰ ਕੋਈ ਖਤਰਾ ਨਹੀਂ ਸੀ। ਸ੍ਰੀ ਢਿੱਲੋਂ ਨੇ ਕਿਹਾ ਕਿ ਭੀੜ ਹਿੰਸਕ ਨਹੀਂ ਹੋਈ ਅਤੇ ਪੁਲਿਸ ਮੁਲਾਜ਼ਮਾਂ ਨੂੰ ਲੱਗੀਆਂ ਸੱਟਾਂ ਉਪਰਲੀਆਂ ਅਤੇ ਆਪਣੇ ਆਪ ਡਿੱਗਣ ਨਾਲ ਹੋ ਸਕਦੀਆਂ ਸਨ। ਸ੍ਰੀ ਢਿੱਲੋਂ ਦੁਆਰਾ ਅੱਗੇ ਕਿਹਾ ਗਿਆ ਕਿ ਜਦੋਂ ਗੋਲੀਆਂ ਚਲਾਈਆਂ ਗਈਆਂ ਤਾਂ ਗੋਲੀਆਂ ਚਲਾਉਣ ਦੀ ਕੋਈ ਚੇਤਾਵਨੀ ਨਹੀਂ ਸੀ ਦਿੱਤੀ ਗਈ ਅਤੇ ਹਵਾ ਵਿਚ ਗੋਲੀਆਂ ਨਹੀਂ ਸੀ ਚਲਾਈਆਂ ਗਈਆਂ।

68. ਇਹ ਸ੍ਰੀ ਇਜ਼ਹਾਰ ਆਲਮ ਜਿਹੜੇ ਕਿ ਉਸ ਸਮੇਂ ਸੀਨੀਅਰ ਸੁਪਰਡੈਂਟ ਪੁਲਿਸ ਜਲੰਧਰ ਸਨ, ਦੇ ਬਿਆਨ ਵਿਚ ਦਰਜ ਹੈ ਕਿ ਮੌਕੇ ਉਤੇ ਸਰਕਾਰੀ ਜਾਇਦਾਦ ਥੋੜੀ ਜਿਹੀ ਸੀ ਅਤੇ ਉਸ ਨੂੰ ਨੁਕਸਾਨ ਪਹੁੰਚਾਉਣ ਦਾ ਕੋਈ ਸਵਾਲ ਹੀ ਨਹੀਂ ਸੀ, ਸਿਵਾਏ ਉਨ੍ਹਾਂ ਦੀ ਪੁਲਿਸ ਗੱਡੀ ਦੇ, ਜੋ ਉਸ ਨੇ ਤਬਾਹ ਹੋਈ ਦੇਖੀ ਸੀ। ਉਸ ਨੇ ਹੋਰ ਇਹ ਵੀ ਕਿਹਾ ਕਿ ਬੱਸ ਨੂੰ ਅਗਵਾ ਕਰਕੇ ਲੈ ਗਏ ਸਨ ਅਤੇ ਇਹ ਪੁਲ ਦੇ ਕਪੂਰਥਲਾ ਪਾਸੇ ਵੱਲ ਲਿਜਾਈ ਗਈ ਸੀ ਅਤੇ ਗੋਲੀਆਂ ਪੁਲ ਦੇ ਨਕੋਦਰ ਪਾਸੇ ਵੱਲ ਚਲਾਈਆਂ ਗਈਆਂ ਸਨ। ਇਸ ਨੁਕਤੇ 'ਤੇ ਹੀ ਏ.ਕੇ. ਸ਼ਰਮਾ ਸੁਪਰਡੈਂਟ ਪੁਲਿਸ (ਅਪ੍ਰੇਸ਼ਨ) ਨੇ ਕਮਿਸ਼ਨਰ ਸਾਹਮਣੇ ਦਿੱਤਾ ਹੈ ਕਿ ਉਹ ਇਸ ਗੱਲ ਬਾਰੇ ਨਹੀਂ ਦੱਸ ਸਕਦੇ ਕਿ ਭੀੜ ਨੇ ਉਸ ਸਮੇਂ ਕਿਸੇ ਸਰਕਾਰੀ ਜਾਇਦਾਦ ਦਾ ਨੁਕਸਾਨ ਵੀ ਕੀਤਾ ਸੀ। ਪਰ ਉਨ੍ਹਾਂ ਨੇ ਪੁਲਿਸ ਪਾਰਟੀ ਨੂੰ ਜ਼ਖਮੀ ਕਰ ਦਿੱਤਾ ਸੀ। ਡੀ.ਐਸ.ਪੀ. ਸ੍ਰੀ ਜੀ.ਐਸ. ਘੁੰਮਣ ਨੇ ਦਰਜ ਕੀਤੇ ਬਿਆਨ ਦੇ ਨੁਕਤਿਆਂ 'ਤੇ ਉਸ ਨੇ ਇਹ ਨਹੀਂ ਕਿਹਾ ਕਿ ਭੀੜ ਨੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਸੀ। ਉਸ ਨੇ ਸਿਰਫ਼ ਇਹ ਕਿਹਾ ਕਿ ਭੀੜ ਕਸਬੇ ਨੂੰ ਅਤੇ ਕੁਝ ਦੁਕਾਨਾਂ ਦਾ ਨੁਕਸਾਨ ਕਰਨ ਪੁਲਿਸ ਮੁਲਾਜਮਾਂ, ਅਫ਼ਸਰਾਂ ਨੂੰ ਮਾਰਨ ਲਈ ਸ਼ਹਿਰ ਵਿਚ ਦਾਖ਼ਲ ਹੋਣ ਹੀ ਵਾਲੀ ਸੀ। ਸ੍ਰੀ ਜਸਕੀਰਤ ਸਿੰਘ ਜਿਹੜਾ ਕਿ ਉਸ ਸਮੇਂ ਐਸ.ਐਚ.ਓ. ਨਕੋਦਰ ਸੀ, ਜਿਹੜਾ ਕਿ ਉਸ ਸਮੇਂ ਮੌਕੇ 'ਤੇ ਹਾਜ਼ਰ ਸੀ, ਨੇ ਭੀੜ ਦੁਆਰਾ ਪਬਲਿਕ ਪ੍ਰਾਪਰਟੀ ਦੇ ਨੁਕਸਾਨ ਬਾਰੇ ਕੋਈ ਗੱਲ ਨਹੀਂ ਸੀ ਕੀਤੀ, ਜਿਸ ਤਰ੍ਹਾਂ ਕਿ ਮੌਕਾ-ਏ-ਵਾਰਦਾਤ 'ਤੇ ਕੋਈ ਪਬਲਿਕ ਪ੍ਰਾਪਰਟੀ ਨਹੀਂ ਸੀ ਜਿਹੜੀ ਕਿ ਸ੍ਰੀਮਾਨ ਇਜ਼ਹਾਰ ਆਲਮ ਐਸ.ਐਸ.ਪੀ. ਜਲੰਧਰ ਦੁਆਰਾ ਹਟਾਈ ਗਈ ਹੋਵੇ ਅਤੇ ਅਜਿਹੀ ਕੋਈ ਗਵਾਹੀ ਨਹੀਂ ਹੈ, ਜਿਹੜੀ ਕਿ ਇਹ ਦੱਸਦੀ ਹੋਵੇ ਕਿ ਭੀੜ ਨੇ ਨਕੋਦਰ ਕਸਬੇ ਦੀ ਪਬਲਿਕ ਪ੍ਰਾਪਰਟੀ ਦਾ ਨੁਕਸਾਨ ਕੀਤਾ ਹੋਵੇ, ਇਸ ਲਈ ਇਹ ਕੋਈ ਕੇਸ ਨਹੀਂ ਹੈ ਜਿੱਥੇ ਕਿ ਇਹ ਕਿਹਾ ਜਾ ਸਕੇ ਕਿ ਭੀੜ ਨੇ ਪਬਲਿਕ ਪ੍ਰਾਪਰਟੀ ਦਾ ਨੁਕਸਾਨ ਕੀਤਾ। ਘਟਨਾ ਦੇ ਸਬੰਧ ਵਿਚ ਸ੍ਰੀ ਜਸਕੀਰਤ ਸਿੰਘ ਐਸ.ਐਚ.ਓ. ਨੇ ਕਮਿਸ਼ਨ ਸਾਹਮਣੇ ਕਿਹਾ ਕਿ ਉਸ ਦੀ ਮੌਜੂਦਗੀ ਵਿਚ ਸ਼ੇਰਪੁਰ ਪੁਲ ਵਿਖੇ ਕੋਈ ਬੱਸ ਨਹੀਂ ਜਲਾਈ ਗਈ। ਹੋਰ ਕਾਰਵਾਈਆਂ ਤੋਂ ਇਹ ਪਤਾ ਲਗਦਾ ਹੈ ਕਿ ਬੱਸ ਪਹਿਲਾਂ ਹੀ ਜਲਾਈ ਜਾ ਚੁੱਕੀ ਸੀ ਅਤੇ ਫਾਈਰਿੰਗ ਸਮੇਂ, ਉਹ ਤਬਾਹ ਹੋਈ ਬੱਸ, ਸ਼ੇਰਪੁਰ ਪੁਲ ਦੇ ਕਪੂਰਥਲਾ ਸਾਈਡ 'ਤੇ ਖੜ੍ਹੀ ਸੀ। ਸ੍ਰੀ ਏ.ਕੇ. ਸ਼ਰਮਾ ਦੁਆਰਾ ਗੋਲੀ ਚਲਾਉਣ ਦਾ ਹੁਕਮ ਦੇਣ ਦਾ ਆਧਾਰ ਸਿਰਫ਼ ਇਹੀ ਸੀ ਕਿ ਭੀੜ ਲਗਾਤਾਰ ਕਰਫਿਊ ਵਾਲੇ ਇਲਾਕੇ ਵੱਲ ਅੱਗੇ ਵਧ ਰਹੀ ਸੀ ਅਤੇ ਹਿੰਸਾਤਮਕ ਹੋ ਗਈ ਸੀ ਅਤੇ ਕਰਫਿਊ ਦੇ ਨਿਯਮਾਂ ਦੀ ਉਲੰਘਣਾ ਕਰ ਰਹੀ ਸੀ। ਸ੍ਰੀਮਾਨ ਏ.ਕੇ. ਸ਼ਰਮਾ ਐਸ.ਪੀ. (ਅਪ੍ਰੇਸ਼ਨ) ਜਦੋਂ ਤੱਥਾਂ ਬਾਰੇ ਬਿਆਨ ਕਰ ਰਹੇ ਸਨ ਤਾਂ ਤੱਥਾਂ ਦੇ ਧਿਆਨ ਵਿਚ ਕਿਹਾ ਕਿ ਸ੍ਰੀ ਮਾਨ ਘੁੰਮਣ ਨੇ ਲਾਊਡ ਸਪੀਕਰ ਤੇ ਭੀੜ ਨੂੰ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਜੇ ਅੱਗੇ ਵਧਣਾ ਹੈ ਅਤੇ ਉਨ੍ਹਾਂ ਨੂੰ ਸ਼ਹਿਰ ਵਿਚ ਦਾਖ਼ਲ ਹੋਣ ਦੀ ਇਜ਼ਾਜਤ ਨਹੀਂ ਹੈ ਪਰ ਭੀੜ ਨੇ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਪੁਲਿਸ ਤੇ ਵੱਡੀ ਸੰਖਿਆ ਵਿਚ ਪਥਰਾਓ ਕਰਨਾ ਸ਼ੁਰੂ ਕਰ ਦਿੱਤਾ। ਸ੍ਰੀਮਾਨ ਸ਼ਰਮਾ ਨੇ ਅੱਗੇ ਕਿਹਾ ਕਿ ਭੀੜ ਹਰ ਕਿਸਮ ਦੇ ਘਾਤਕ ਹਥਿਆਰਾਂ ਨਾਲ ਲੈਸ ਸੀ ਤੇ ਪਥਰਾਓ ਕਰਦੇ ਹੋਏ ਅੱਗੇ ਵਧ ਰਹੀ ਸੀ ਅਤੇ ਭੀੜ ਵਿਚੋਂ ਕੁਝ ਵਿਅਕਤੀਆਂ ਨੇ ਪੁਲਿਸ ਤੇ ਗੋਲੀ ਵੀ ਚਲਾਈ ਜਿਸ ਦੇ ਨਤੀਜੇ ਵਜੋਂ ਏ.ਐਸ.ਆਈ. ਜਸਵੰਤ ਸਿੰਘ ਜ਼ਖ਼ਮੀ ਹੋ ਗਿਆ। ਜਿਸ ਦੇ ਪਲਾਸਟਿਕ ਕਾਰਤੂਸ ਚਲਾਉਣ ਦੇ ਹੁਕਮ ਦਾ ਭੀੜ ਤੇ ਕੋਈ ਅਸਰ ਨਹੀਂ ਸੀ ਪਿਆ ਅਤੇ ਭੀੜ ਪਥਰਾਓ ਕਰਦੀ ਅੱਗੇ ਵਧਦੀ ਅਤੇ ਕਰਫਿਊ ਵਾਲੇ ਇਲਾਕੇ ਦੇ 500 ਮੀਟਰ ਏਰੀਏ ਵਿਚ ਦਾਖ਼ਲ ਹੋ ਗਈ ਅਤੇ ਕਸਬੇ ਦੇ ਜ਼ਿਆਦਾ ਘਣੇ ਇਲਾਕੇ ਵਾਲੇ ਹਿੱਸੇ ਕੋਲ ਪਹੁੰਚ ਗਈ ਅਤੇ ਪੁਲਿਸ ਕਰਮਚਾਰੀਆਂ ਦੇ ਚਾਰ ਮੁਲਾਜਮ ਜ਼ਖ਼ਮੀ ਹੋਏ, ਉਸ ਨੇ ਸਿਰਫ਼ ਪੁਲਿਸ ਅਫ਼ਸਰਾਂ ਦੇ ਇੰਚਾਰਜ ਹੇਠ ਸਥਿਤੀ ਸੰਭਾਲਣ ਲਈ ਗੋਲੀ ਚਲਾਉਣ ਦਾ ਹੁਕਮ ਦਿੱਤਾ।

69. ਕਮਿਸ਼ਨ ਦੇ ਸਾਹਮਣੇ ਬਿਆਨ ਵਿਚ ਸ੍ਰੀ ਏ.ਕੇ. ਸ਼ਰਮਾ ਨੇ ਕਿਹਾ ਕਿ ਉਸ ਨੇ ਘੱਟ ਤੋਂ ਘੱਟ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ ਅਤੇ ਉਸ ਦਾ ਇਰਾਦਾ ਵਿਅਕਤੀਆਂ ਨੂੰ ਮਾਰਨ ਦਾ ਨਹੀਂ ਸੀ ਪਰ ਲੱਤਾਂ ਦੇ ਹੇਠਲੇ ਹਿੱਸੇ ਨੂੰ ਜ਼ਖ਼ਮੀ ਕਰਨ ਦਾ ਸੀ ਤਾਂ ਜੋ ਭੀੜ ਨੂੰ ਖਿਡਾਇਆ ਜਾ ਸਕੇ। ਕਮਿਸ਼ਨ ਸਾਹਮਣੇ ਉਸ ਨੇ ਇਹ ਵੀ ਕਿਹਾ ਕਿ ਉਹ ਇਹ ਨਹੀਂ ਕਹਿ ਸਕਦਾ ਕਿ ਪੀੜ ਵਿਚ ਕਿੰਨੇ ਵਿਅਕਤੀਆਂ ਕੋਲ ਬੰਦੂਕਾਂ ਸਨ ਅਤੇ ਨੇੜਲੇ ਵਿਅਕਤੀ ਸੁਰੱਖਿਆ ਬਲਾਂ ਤੋਂ 15-20 ਗਜ਼ ਦੀ ਦੂਰੀ ਤੇ ਸਨ ਜਦੋਂ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਗਿਆ। ਸ੍ਰੀ ਜਸਕੀਰਤ ਸਿੰਘ ਨਕੋਦਰ ਵਿਖੇ ਉਸ ਸਮੇਂ ਦੇ ਐਸ.ਐਚ.ਓ. ਨੇ ਕਮਿਸ਼ਨ ਅੱਗੇ ਆਪਣੇ ਬਿਆਨ ਵਿਚ ਦੱਸਿਆ ਕਿ ਉਸ ਨੇ 455 ਰਿਵਾਲਵਰ ਤੋਂ ਦੋ ਗੋਲੀਆਂ ਚਲਾਈਆਂ ਸਨ ਅਤੇ ਉਸ ਸਮੇਂ ਭੀੜ ਦੇ ਮੁਹਰਲੇ ਵਿਅਕਤੀ ਉਸ ਤੋਂ 15-20 ਗਜ਼ ਦੀ ਦੂਰੀ ਤੇ ਸਨ। 4 ਫਰਵਰੀ, 1986 ਨੂੰ ਇਂਸਪੈਕਟਰ ਹਰਿੰਦਰ ਪਾਲ ਸਿੰਘ ਕੰਗ ਵੀ ਸ਼ੇਰਪੁਰ ਦੇ ਪੁਲ 'ਤੇ ਡਿਊਟੀ ਦੇ ਰਿਹਾ ਸੀ, ਕਮਿਸ਼ਨ ਸਾਹਮਣੇ ਆਪਣੇ ਬਿਆਨ ਵਿਚ ਉਸ ਨੇ ਦੱਸਿਆ ਕਿ ਜਦੋਂ ਭੀੜ ਸੁਰੱਖਿਆ ਬਲਾਂ ਵੱਲ ਵਧਣੀ ਸ਼ੁਰੂ ਹੋ ਗਈ ਤਾਂ ਉਸ ਨੂੰ ਇੱਟਾਂ ਵੱਟਿਆਂ ਨਾਲ ਚੋਟ ਆਈ ਅਤੇ ਉਹ ਪਿੱਛੇ ਹੱਟ ਗਿਆ ਅਤੇ ਉਹ ਨਹੀਂ ਜਾਣਦਾ ਕਿ ਭੀੜ ਨੇ ਪੁਲਿਸ ਤੇ ਹਮਲਾ ਕਰਨ ਲਈ ਕਿਰਪਾਨਾਂ ਅਤੇ ਲਾਠੀਆਂ ਦੀ ਵਰਤੋਂ ਕੀਤੀ ਸੀ। ਉਸ ਨੇ ਹੋਰ ਬਿਆਨ ਵਿਚ ਇਹ ਕਿਹਾ ਕਿ ਜਦੋਂ ਉਸ ਨੂੰ ਚੋਟ ਆਈ ਤਾਂ ਉਸ ਵੇਲੇ ਭੀੜ ਪੁਲਿਸ ਤੋਂ 20 ਗਜ਼ ਦੇ ਫਾਸਲੇ ਤੇ ਸੀ ਅਤੇ ਉਸ ਸਮੇਂ ਪੁਲਿਸ ਬਲ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕਰ ਰਹੀ ਸੀ। ਸ੍ਰੀ ਹਰਿਦਰਪਾਲ ਸਿੰਘ ਵਲੋਂ ਦਾਇਰ ਕੀਤੇ ਤੱਥਾਂ ਦੇ ਬਿਆਨ ਵਿਚ ਉਸ ਨੇ ਦੱਸਿਆ ਕਿ ਪੁਲਿਸ ਅਫ਼ਸਰਾਂ ਅਤੇ ਅਧਿਕਾਰੀਆਂ ਦੀ ਢਿੱਲ ਵੇਖ ਕੇ ਭੀੜ ਨੇ ਹਥਿਆਰਾਂ ਅਤੇ ਇੱਟਾਂ ਵੱਟਿਆਂ ਨਾਲ ਪੁਲਿਸ 'ਤੇ ਹਮਲਾ ਕਰ ਦਿੱਤਾ।

(ਬਾਕੀ ਅਗਲੇ ਅੰਕ 'ਚ)

# ਪੰਜਾਬੀਆਂ ਨੂੰ ਸ਼ੌਕ ਹਥਿਆਰਾਂ ਦਾ...

- **ਪੰਜਾਬ ਦੇ ਹਰ 10ਵੇਂ ਘਰ 'ਚ ਹਥਿਆਰ, ਕੁੱਲ 3.61 ਲੱਖ ਲਾਇਸੰਸ**
- **ਰਾਜ਼ੀਨਾਮਾ ਕਰਾਉਣ ਆਏ ਕਾਂਗਰਸੀ ਸਰਪੰਚ ਨੂੰ ਗੱਡੀ ਹੇਠਾਂ ਦਰੜਿਆ**
- **ਚੋਰੀ ਦੇ ਦੋਸ਼ ਵਿਚ ਗ੍ਰਿਫ਼ਤਾਰ ਨੌਜਵਾਨ ਦੀ ਪੁਲੀਸ ਹਿਰਾਸਤ 'ਚ ਮੌਤ**



ਪੰਜਾਬ ਵਿੱਚ ਅਪਰਾਧਿਕ ਘਟਨਾਵਾਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਸੂਬੇ ਦੇ ਅਮਨ ਕਾਨੂੰਨ ਦੇ ਮਾਹੌਲ ਨੂੰ ਵਿਗਾੜਨ ਵਿਚ ਪੁਲਿਸ-ਪ੍ਰਸ਼ਾਸਨ ਦੁਆਰਾ ਧੜਾਧੜ ਜਾਰੀ ਕੀਤੇ ਗਏ ਹਥਿਆਰਾਂ ਦੇ ਲਾਇਸੰਸ ਤੇ ਅਪਰਾਧੀ ਬਿਰਤੀਆਂ ਪਿੱਛੇ ਸਿਆਸਤਦਾਨਾਂ ਦਾ ਥਾਪੜਾ ਹੈ। ਇਹ ਅਪਰਾਧਿਕ ਘਟਨਾਵਾਂ ਸਿਰਫ ਕਾਨੂੰਨ ਦੀ ਸਥਿਤੀ ਦੇ ਪੱਖੋਂ ਹੀ ਨਹੀਂ, ਸਗੋਂ ਪੰਜਾਬੀ ਸਮਾਜ ਦੀ ਮਾਨਸਿਕਤਾ ਵਿੱਚ ਪੈਦਾ ਹੋਈ ਫੁਕਰਾਪੰਥੀ ਤੇ ਲਗਾਤਾਰ ਵਧਦੀ ਜਾ ਰਹੀ ਨੈਤਿਕ ਗਿਰਾਵਟ ਦਾ ਨਮੂਨਾ ਵੀ ਹੈ। ਕੁਝ ਘਟਨਾਵਾਂ ਇਸ ਤਰ੍ਹਾਂ ਦੀਆਂ ਵੀ ਵਾਪਰੀਆਂ ਹਨ, ਜੋ ਕਦੇ ਬਿਹਾਰ ਤੇ ਉਤਰ ਪ੍ਰਦੇਸ਼ ਵਰਗੇ ਰਾਜਾਂ ਵਿਚੋਂ ਸੁਣਨ ਨੂੰ ਮਿਲਦੀਆਂ ਸਨ।

ਗੁਰਦਾਸਪੁਰ ਵਿੱਚ ਇੱਕ ਥਾਂ ਕੁੜੀਆਂ ਇੱਕ ਵੈਨ ਵਿੱਚ ਕਿਸੇ ਨੇੜਲੇ ਸਕੂਲ ਵਿੱਚ ਇਮਤਿਹਾਨ ਦੇਣ ਜਾ ਰਹੀਆਂ ਸਨ ਤੇ ਸਿਰ-ਫਿਰੇ ਮੁੰਡਿਆਂ ਦੀ ਇੱਕ ਢਾਣੀ ਉਸ ਵੈਨ ਦੇ ਮਗਰ ਲੱਗ ਗਈ। ਉਹ ਰਾਹ ਵਿੱਚ ਉਨ੍ਹਾਂ ਕੁੜੀਆਂ ਬਾਰੇ ਅਸ਼ਲੀਲ ਕਿਸਮ ਦੀਆਂ ਟਿੱਪਣੀਆਂ ਕਰਦੇ ਗਏ। ਇੱਕ ਥਾਂ ਉਨ੍ਹਾਂ ਨੇ ਵੈਨ ਨੂੰ ਘੇਰਨ ਦੀ ਕੋਸ਼ਿਸ਼ ਵੀ ਕੀਤੀ। ਵੈਨ ਦਾ ਡਰਾਈਵਰ ਗੱਡੀ ਭਜਾ ਕੇ ਲੈ ਗਿਆ ਤਾਂ ਮੁੰਡਿਆਂ ਨੇ ਉਸ ਨੂੰ ਸਕੂਲ ਦੇ ਬਾਹਰ ਜਾ ਘੇਰਿਆ ਅਤੇ ਕੁੱਟਮਾਰ ਕਰ ਕੇ ਜ਼ਖਮੀ ਕਰ ਦਿੱਤਾ।

ਜਗਰਾਓਂ ਤੋਂ ਖਬਰ ਆਈ ਹੈ ਕਿ ਇੱਕ ਸਿਰ-ਫਿਰੇ ਮੁੰਡੇ ਨੇ ਇੱਕ ਨਰਸ ਕੁੜੀ ਨੂੰ ਘੇਰ ਕੇ ਗੋਲੀ ਮਾਰੀ ਤੇ ਦੌੜਨ ਦਾ ਯਤਨ ਕੀਤਾ। ਓਥੇ ਵੀ ਲੋਕਾਂ ਨੇ ਹਿੰਮਤ ਕਰ ਕੇ ਉਸ ਨੂੰ ਘੇਰ ਲਿਆ ਤੇ ਪੁਲਸ ਦੇ ਆਉਣ ਤੱਕ ਭੱਜਣ ਨਹੀਂ ਦਿੱਤਾ।

**ਪੰਜਾਬ ਵਿਚ ਹਥਿਆਰਾਂ ਦਾ ਜ਼ਖੀਰਾ-**

ਪੰਜਾਬ ਵਿੱਚ ਲੋਕ ਸਭਾ ਚੋਣਾਂ 2019 ਲਈ ਚੋਣ ਜ਼ਾਬਤਾ ਲਾਗੂ ਹੋਣ ਕਰਕੇ ਮੁੱਖ ਚੋਣ ਅਧਿਕਾਰੀ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਤੇ ਐਸਐਸਪੀਜ਼ ਨੂੰ ਹਥਿਆਰ ਜਮ੍ਹਾਂ ਕਰਵਾਉਣ ਦੇ ਆਦੇਸ਼ ਦਿੱਤੇ ਗਏ ਸੀ। ਇਸ ਤੋਂ ਬਾਅਦ ਅਧਿਕਾਰੀਆਂ ਨੇ ਕਰੀਬ 2.8 ਲੱਖ ਹਥਿਆਰ ਜਮ੍ਹਾਂ ਕਰ ਲਏ ਹਨ। ਇਨ੍ਹਾਂ ਵਿਚ 2.04 ਲੱਖ ਹਥਿਆਰ ਦਸੰਬਰ ਵਿਚ ਪੰਚਾਇਤੀ ਚੋਣਾਂ ਦੌਰਾਨ ਹੀ ਜਮ੍ਹਾਂ ਹੋ ਗਏ ਸੀ। ਸਰਕਾਰ ਤੇ ਨੈਸ਼ਨਲ ਡੇਟਾਬੇਸ ਆਫ ਆਰਮਜ਼ ਦੇ ਅੰਕੜਿਆਂ ਮੁਤਾਬਕ 3.61 ਲੱਖ ਲਾਇਸੈਂਸੀ ਹਥਿਆਰ ਹਨ। ਭਾਵ ਸੂਬੇ ਵਿਚ ਹਰ 10ਵੇਂ ਘਰ ਇੱਕ ਹਥਿਆਰ ਹੈ। ਪੰਜਾਬ ਵਿਚ ਹਰ ਦਿਨ ਫਾਇਰਿੰਗ ਦੇ 7 ਮਾਮਲੇ ਸਾਹਮਣੇ ਆ ਰਹੇ ਹਨ। ਨਿਯਮਾਂ ਮੁਤਾਬਕ ਚੋਣ ਜ਼ਾਬਤੇ ਦੇ 10 ਦਿਨ ਅੰਦਰ ਹਥਿਆਰ ਜਮ੍ਹਾਂ ਕਰਵਾਉਣੇ ਹੁੰਦੇ ਹਨ। ਆਦੇਸ਼ ਦਾ ਉਲੰਘਣਾ ਕਰਨ 'ਤੇ ਲਾਇਸੈਂਸ ਰੱਦ ਹੋ ਸਕਦਾ ਹੈ। ਸ਼ਾਇਦ ਹੀ ਪੰਜਾਬ ਵਿਚ ਕੋਈ ਅਜਿਹਾ ਦਿਨ ਲੰਘਦਾ ਹੈ ਜਦੋਂ ਕੋਈ ਅਪਰਾਧੀ ਹਥਿਆਰਾਂ ਨਾਲ ਫੜਿਆ ਨਾ ਜਾਂਦਾ ਹੋਵੇ। ਅਜਿਹੇ ਵਿਚ ਵੱਡਾ ਸਵਾਲ ਤਾਂ ਇਹ ਉੱਠਦਾ ਹੈ ਕਿ ਸੂਬੇ ਵਿਚ ਇੰਨੇ ਹਥਿਆਰ ਆਉਂਦੇ ਕਿੱਥੋਂ ਹਨ।

**ਕਾਂਗਰਸੀ ਸਰਪੰਚ ਨੂੰ ਗੱਡੀ ਹੇਠਾਂ ਦਰੜਿਆ-**

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਦੌਲਤਪੁਰ ਵਿੱਚ ਰਾਜ਼ੀਨਾਮੇ ਲਈ ਇਕੱਠੀਆਂ ਹੋਈਆਂ ਦੋ ਧਿਰਾਂ ਦਰਮਿਆਨ ਹੋਈ ਖ਼ੂਨੀ ਝੜਪ ਵਿੱਚ ਪਿੰਡ ਰਿਆੜ ਪੱਤੀ ਦੇ ਨੌਜਵਾਨ ਕਾਂਗਰਸੀ ਸਰਪੰਚ ਨਵਦੀਪ ਸਿੰਘ (30 ਸਾਲ) ਨੂੰ ਇੱਕ ਅਕਾਲੀ ਆਗੂ ਅਤੇ ਸਾਬਕਾ ਸਰਪੰਚ ਦੀ ਧਿਰ ਨੇ ਪਹਿਲਾਂ ਕੁੱਟ-ਕੁੱਟ ਕੇ ਜ਼ਖ਼ਮੀ ਕੀਤਾ ਅਤੇ ਬਾਅਦ ਵਿੱਚ ਗੱਡੀ ਚੜ੍ਹਾ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਦੋਵਾਂ ਧਿਰਾਂ ਦਰਮਿਆਨ ਇੱਟਾਂ-ਰੋੜੇ ਵੀ ਚੱਲੇ ਅਤੇ ਮ੍ਰਿਤਕ ਸਰਪੰਚ ਦੇ ਦੋ ਹੋਰ ਸਾਥੀ ਜੋਬਨਪ੍ਰੀਤ ਸਿੰਘ ਅਤੇ ਭੁਪਿੰਦਰ ਸਿੰਘ ਵੀ ਜ਼ਖ਼ਮੀ ਹੋਏ ਹਨ ਜਿਨ੍ਹਾਂ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਦਾਖ਼ਲ ਕਰਵਾਇਆ ਗਿਆ ਜਿੱਥੋਂ ਡਾਕਟਰਾਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਰੈਫ਼ਰ ਕਰ ਦਿੱਤਾ।

ਨਵਦੀਪ ਸਿੰਘ ਦੇ ਪਿਤਾ ਖਜ਼ਾਨ ਸਿੰਘ ਨੇ ਦੱਸਿਆ ਕਿ ਉਸ ਦਾ ਜਵਾਈ ਇੰਦਰਜੀਤ ਸਿੰਘ ਪਿੰਡ ਦੌਲਤਪੁਰ ਦਾ ਮੌਜੂਦਾ ਸਰਪੰਚ ਹੈ ਅਤੇ ਉਸ ਦਾ ਪਿੰਡ ਦੇ ਸਾਬਕਾ ਅਕਾਲੀ ਸਰਪੰਚ ਮਿੱਤਰਪਾਲ ਸਿੰਘ ਨਾਲ ਕੋਈ ਵਿਵਾਦ ਸੀ। ਇਸੇ ਵਿਵਾਦ ਨੂੰ ਖ਼ਤਮ ਕਰਨ ਲਈ ਦੋਵੇਂ ਧਿਰਾਂ ਇਕੱਠੀਆਂ ਹੋਈਆਂ ਸਨ ਜਿਥੇ ਨਵਦੀਪ ਸਿੰਘ ਵੀ ਮੌਜੂਦ ਸੀ। ਉਸ ਨੇ ਦੋਸ਼ ਲਾਇਆ ਕਿ ਤਕਰਾਰ ਵਧਣ ਮਗਰੋਂ ਦੂਸਰੀ ਧਿਰ ਦੇ ਵਿਅਕਤੀਆਂ ਨੇ ਪਹਿਲਾਂ ਉਸ ਦੇ ਲੜਕੇ ਦੀ ਕੁੱਟਮਾਰ ਕੀਤੀ ਅਤੇ ਬਾਅਦ ਵਿੱਚ ਉਸ ਨੂੰ ਸੜਕ 'ਤੇ ਰੱਖ ਕੇ ਉਸ ਉਪਰੋਂ ਵਾਰ-ਵਾਰ ਗੱਡੀ ਚੜ੍ਹਾ ਕੇ ਉਸ ਦਾ ਕਤਲ ਕਰ ਦਿੱਤਾ। ਥਾਣਾ ਕਾਦੀਆਂ ਦੇ ਐਸਐਚਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਸਾਬਕਾ ਅਕਾਲੀ ਸਰਪੰਚ ਮਿੱਤਰਪਾਲ ਸਮੇਤ 6 ਜਣਿਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ।

**ਪੁਲਿਸ ਹਿਰਾਸਤ ਵਿਚ ਨੌਜਵਾਨ ਦੀ ਮੌਤ-**

ਪੁਲਿਸ ਚੌਕੀ ਜਨਕਪੁਰੀ ਵਿਚ ਚੋਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਇਕ ਆਟੋ ਰਿਕਸ਼ਾ ਚਾਲਕ ਨੌਜਵਾਨ ਕਰਨ ਭਾਮੀਆਂ ਕਲਾਂ (20 ਸਾਲ) ਦੀ ਭੇਦਭਰੀ ਹਾਲਤ ਵਿਚ ਮੌਤ ਹੋ ਗਈ। ਪੁਲੀਸ ਹਿਰਾਸਤ ਵਿਚ ਅਚਾਨਕ ਉਸ ਦੇ ਮੂੰਹ ਵਿਚੋਂ ਖ਼ੂਨ ਨਿਕਲਣ ਲੱਗ ਪਿਆ ਤੇ ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਦੇ ਪਿਤਾ ਬਿੱਟੂ ਨੇ ਦੱਸਿਆ ਕਿ ਪੁਲਿਸ ਵਲੋਂ 5 ਦਿਨ ਪਹਿਲਾਂ ਕਰਨ ਅਤੇ ਉਸ ਦੇ ਸਾਥੀ ਗੌਤਮ ਨੂੰ ਚੋਰੀ ਦੇ ਮਾਮਲੇ ਵਿਚ ਚੁੱਕਿਆ ਸੀ। ਉਸ ਨੇ ਦੱਸਿਆ ਕਿ 5 ਦਿਨ ਤੋਂ ਉਹ ਲਗਾਤਾਰ ਚੌਕੀ ਦੇ ਚੱਕਰ ਲਗਾ ਰਹੇ ਸਨ ਪਰ ਉਨ੍ਹਾਂ ਨੂੰ ਕਰਨ ਨਾਲ ਮਿਲਣ ਨਹੀਂ ਦਿੱਤਾ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਉਸ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਜੋ ਕਿ ਉਸ ਦੀ ਮੌਤ ਦਾ ਕਾਰਨ ਬਣਿਆ। ਉਸ ਨੇ ਪੁਲਿਸ ਉੱਚ ਅਧਿਕਾਰੀਆਂ ਤੋਂ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਦੂਜੇ ਪਾਸੇ ਜਾਂਚ ਕਰ ਰਹੇ ਅਧਿਕਾਰੀ ਏ.ਸੀ.ਪੀ. ਵਰਿਆਮ ਸਿੰਘ ਨੇ ਮ੍ਰਿਤਕ ਦੇ ਪਰਿਵਾਰ ਵਲੋਂ ਤਸ਼ੱਦਦ ਦੇ ਦੋਸ਼ਾਂ ਦਾ ਖੰਡਨ ਕੀਤਾ ਹੈ।

**ਪੁਲੀਸ ਵੱਲੋਂ ਲਾਸ਼ ਨਾਲ ਬਦਸਲੂਕੀ-**

ਪੰਜਾਬ ਦੀ ਪੁਲੀਸ ਦੀ ਅਪਰਾਧਿਕ ਆਦਤ ਉਂਝ ਤਾਂ ਕਾਫੀ ਪੁਰਾਣੀ ਹੈ ਪਰ ਅੱਜਕੱਲ੍ਹ ਇਹ ਆਪਣੇ-ਆਪ ਵਿਚ ਸੁਧਾਰ ਦੀਆਂ ਡੀਂਗਾਂ ਮਾਰਦੀ ਨਹੀਂ ਥੱਕਦੀ। ਅਸਲੀਅਤ ਇਸ ਤੋਂ ਵੱਖਰੀ ਹੈ। ਹੁਸ਼ਿਆਰਪੁਰ ਵਿੱਚ ਪੁਲਿਸ ਦਾ ਸ਼ਰਮਨਾਕ ਚਿਹਰਾ ਪੇਸ਼ ਕਰਦੀ ਇੱਕ ਵੀਡੀਓ ਸਾਹਮਣੇ ਆਈ ਹੈ। ਵੀਡੀਓ ਵਿੱਚ ਮ੍ਰਿਤਕ ਮਹਿਲਾ ਦੀ ਲਾਸ਼ ਨਾਲ ਬਦਸਲੂਕੀ ਸਾਫ਼ ਵੇਖੀ ਜਾ ਸਕਦੀ ਹੈ। ਪੁਲਿਸ ਨੇ ਲਾਸ਼ ਨੂੰ ਸਹੀ ਢੰਗ ਨਾਲ ਲਿਜਾਣ ਦੀ ਥਾਂ ਘੜੀਸਣਾ ਹੀ ਠੀਕ ਸਮਝਿਆ। ਦਰਅਸਲ ਪੰਜਾਬ-ਹਿਮਾਚਲ ਪ੍ਰਦੇਸ਼ ਦੀ ਸਰਹੱਦ ਉੱਤੇ ਪੈਂਦੇ ਪਿੰਡ ਬਨਖੰਡੀ ਵਿੱਚ ਇਕ ਅਣਪਛਾਤੀ ਔਰਤ ਦੀ ਲਾਸ਼ ਮਿਲੀ ਸੀ। ਪਰ ਲਾਸ਼ ਲਿਜਾਣ ਲਈ ਕਿਸੇ ਗੱਡੀ ਦੀ ਮਦਦ ਨਹੀਂ ਲਈ ਗਈ, ਉਲਟਾ ਮ੍ਰਿਤਕ ਦੇਹ ਨਾਲ ਬਦਸਲੂਕੀ ਕੀਤੀ ਗਈ। ਹਾਲਾਂਕਿ ਹੁਸ਼ਿਆਰਪੁਰ ਪੁਲਿਸ ਸਾਰੇ ਮਾਮਲੇ ਤੋਂ ਖ਼ੁਦ ਨੂੰ ਅਣਜਾਣ ਦੱਸ ਰਹੀ ਹੈ ਤੇ ਤਰਕ ਦਿੱਤਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਔਰਤ ਦੀ ਲਾਸ਼ ਹਿਮਾਚਲ ਪੁਲਿਸ ਨੇ ਸੌਂਪੀ ਹੈ।





# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਰਾਧਾ ਸੁਆਮੀ ਡੇਰੇ ਵਿਰੁੱਧ ਸਿੱਖਾਂ ਨੇ ਖੋਲ੍ਹਿਆ ਮੋਰਚਾ

*ਬਲਦੇਵ ਸਿੰਘ ਸਿਰਸਾ ਦੀ ਅਗਵਾਈ 'ਚ ਚੱਲੀ ਵੱਡੀ ਮੁਹਿੰਮ*



**ਅੰਮ੍ਰਿਤਸਰ/ਏਟੀ ਨਿਊਜ਼ :** ਬਿਆਸ ਦਰਿਆ ਦੇ ਆਲੇ ਦੁਆਲੇ ਦੇ ਪਿੰਡਾਂ ਦੀਆ ਜ਼ਮੀਨਾਂ ਜਬਰੀ ਆਪਣੇ ਕਬਜ਼ੇ ਵਿੱਚ ਲੈਣ ਵਾਲੇ ਡੇਰਾ ਰਾਧਾ ਸੁਆਮੀ ਮੁਖੀ ਗੁਰਿੰਦਰ ਸਿੰਘ ਢਿਲੋਂ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਲਈ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਵੱਲੋ ਇੱਕ ਸੈਮੀਨਾਰ ਰੂਪੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਨੂੰ ਸੰਬੋਧਨ ਕਰਦਿਆ ਵੱਖ ਵੱਖ ਬੁਲਾਰਿਆਂ ਨੇ ਜਿਥੇ ਡੇਰਾ ਰਾਧਾ ਸੁਆਮੀ ਮੁਖੀ ਨੂੰ ਪੰਥ ਤੇ ਸਮਾਜ ਦੋਖੀ ਗਰਦਾਨਿਆਂ ਉਥੇ ਅਜਿਹੇ ਸਮਾਜ ਵਿਰੋਧੀ ਅਨਸਰਾਂ ਦਾ ਵਿਰੋਧ ਕਰਨ ਲਈ ਸਮੂਹ ਲੋਕਾਂ ਨੂੰ ਇੱਕਮੁੱਠ ਹੋਣ ਦਾ ਸੰਦੇਸ਼ ਵੀ ਦਿੱਤਾ।

ਸਥਾਨਕ ਗੁਰਦੁਆਰਾ ਪਾਤਸ਼ਾਹੀ ਛੇਵੀ ਰਣਜੀਤ ਐਵੇਨਿਊ ਵਿਖੇ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸਰਬੱਤ ਖਾਲਸਾ ਵਿੱਚ ਚੁਣੇ ਗਏ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋ ਬਣਾਈ ਗਈ ਵਿਸ਼ੇਸ਼ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਕਿਹਾ ਕਿ ਡੇਰਾ ਰਾਧਾ ਸੁਆਮੀ ਮੁਖੀ ਗੁਰਿੰਦਰ ਸਿੰਘ ਢਿਲੋ ਇੰਨਾ ਮਜ਼ਬੂਤ ਹੋ ਚੁੱਕਾ ਹੈ ਕਿ ਕੇਂਦਰ

ਬਾਕੀ ਸਫ਼ਾ 34 'ਤੇ

*ਥਰਡ ਜੈਂਡਰ ਦੀ ਸਮਾਜਿਕ, ਮਾਨਸਿਕ ਲਾਚਾਰੀ ਦਾ ਜੀਵਨ-ਬਿਰਤਾਂਤ*

# ਹਰਕੀਰਤ ਕੌਰ ਚਹਿਲ ਦੁਆਰਾ ਰਚਿਤ ਨਾਵਲ 'ਆਦਮ-ਗ੍ਰਹਿਣ'

**ਅਰਵਿੰਦਰ ਕੌਰ ਸੰਧੂ**
ਸਿਰਸਾ, ਹਰਿਆਣਾ

ਇਸ ਨਾਵਲ ਵਿਚ ਹਰਕੀਰਤ ਕੌਰ ਚਹਿਲ ਨੇ ਬੜੀ ਬਰੀਕੀ ਨਾਲ ਥਰਡ ਜੈਂਡਰ ਦੀ ਸਮਾਜਿਕ, ਮਾਨਸਿਕ ਪੱਧਰ ਦੀ ਲਾਚਾਰ ਤੇ ਬੇਵੱਸ ਜੀਵਨ ਜਾਂਚ ਨੂੰ ਆਪਣੇ ਨਾਵਲ ਵਿੱਚ ਪੇਸ਼ ਕੀਤਾ



ਹੈ। ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਜਾਂਦਾ ਹੈ। ਜੋ ਸਮਾਜ ਵਿੱਚ ਵਾਪਰ ਰਿਹਾ ਹੁੰਦਾ ਹੈ, ਉਸੇ ਤਰ੍ਹਾਂ ਦੀ ਪੇਸ਼ਕਾਰੀ ਸਾਹਿਤ ਪੇਸ਼ ਕਰਦਾ ਹੈ। ਲੇਖਕ ਦਾ ਕੰਮ ਸਮਾਜ ਵਿਚ ਫੈਲੇ ਮਾੜੇ ਵਰਤਾਰਿਆਂ ਨੂੰ ਉਜਾਗਰ ਕਰਨਾ ਅਤੇ ਉਹਨਾਂ ਉਤੇ ਤਿੱਖਾ ਵਿਅੰਗ ਜਾਂ ਤਿੱਖਾ ਰੋਸ ਕਰਨਾ ਵੀ ਹੁੰਦਾ ਹੈ। ਲੇਖਕ ਕੇਵਲ ਬਾਹਰੀ ਅੱਖਾਂ ਨਾਲ ਹੀ ਨਹੀਂ ਦੇਖਦਾ ਤੇ ਦਿਮਾਗ ਨਾਲ ਹੀ ਨਹੀਂ ਸੋਚਦਾ ,ਬਲਕਿ ਉਹ ਤਾਂ ਮਨ ਦੀਆਂ ਅੱਖਾਂ ਨਾਲ ਵੀ ਨੀਝ ਲਾ ਕੇ ਹਰ ਸ਼ੈਅ ਨੂੰ ਵੱਖਰੇ ਨਜ਼ਰੀਏ ਨਾਲ ਦੇਖਦਾ ਹੈ। ਜ਼ਿਕਰਯੋਗ ਹੈ ਕਿ 2014 'ਚ ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫੈਸਲਾ ਦਿੰਦੇ ਹੋਏ ਟਰਾਂਸਜੈਂਡਰ ਭਾਈਚਾਰੇ ਨੂੰ ਥਰਡ ਜੈਂਡਰ ਦਾ ਦਰਜਾ ਦਿੱਤਾ ਸੀ। ਇਸ ਨਾਵਲ ਤੋਂ ਪਹਿਲਾਂ ਲੇਖਿਕਾ ਇੱਕ ਕਹਾਣੀ ਸੰਗ੍ਰਹਿ

ਪਰੀਆਂ ਸੰਗ ਪਰਵਾਜ਼ 2016 ਵਿੱਚ ਅਤੇ 2 ਨਾਵਲ ਤੇਰੇ ਬਾਝੋਂ 2017 ਥੋਹਰਾਂ ਦੇ ਫੁੱਲ 2018 ਵਿੱਚ ਪਾਠਕਾਂ ਦੀ ਝੋਲੀ ਵਿਚ ਪਾ ਚੁੱਕੇ ਹਨ।

ਨਾਵਲ ਦੀ ਕਹਾਣੀ ਨਜ਼ਾਮੁਦੀਨ ਤੇ ਉਸ ਦੇ ਪਰਿਵਾਰ ਦੀ ਹੈ। ਸਲਮਾ ਨਜ਼ਾਮੁਦੀਨ ਦੀ ਘਰਵਾਲੀ ਹੈ ਅਤੇ 2 ਧੀਆਂ, 3 ਪੁੱਤਰਾਂ ਦੇ ਵੱਖਰੇ ਵੱਖਰੇ ਕਿਰਦਾਰ ਹਨ ਅਤੇ ਨਾਵਲ ਦਾ ਅਗਲਾ ਭਾਗ ਖੁਸਰਿਆਂ ਦੇ ਕੁਝ ਡੇਰਿਆਂ ਅਤੇ ਉਨ੍ਹਾਂ ਦੇ ਵਰਤਾਰੇ ਨਾਲ ਸਬੰਧਿਤ ਹੈ

ਇਸ ਨਾਵਲ ਦੀ ਮੁੱਖ ਪਾਤਰ ਅਮੀਰਾਂ ਹੈ। ਥਰਡ ਜੈਂਡਰ, ਜਿਸ ਦੇ ਮਾਂ ਬਾਪ ਸਲਮਾ ਤੇ ਨਜ਼ਾਮੁਦੀਨ ਹਨ। ਅਮੀਰਾਂ ਦੇ ਜਨਮ ਤੋਂ ਲੈ ਕੇ ਮਰਨ ਤਕ ਦਾ ਬਿਰਤਾਂਤ ਇਸ ਨਾਵਲ ਵਿਚ ਹੈ। ਨਾਵਲ ਪੜ੍ਹਦਿਆਂ ਬਹੁਤ ਵਾਰ ਮਨ ਭਾਵੁਕ ਹੋਇਆ, ਬਹੁਤ ਸਾਰੇ ਸਵਾਲ ਵੀ ਮਨ ਵਿਚ ਆਏ ਕਿ ਕਿੰਨਾ ਦਰਦ ਹੈ। ਇਸ ਨਾਵਲ ਨੂੰ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਕਿ ਸਾਡੇ ਸਮਾਜ ਦੀ ਥਰਡ ਜੈਂਡਰ ਬਾਰੇ ਕਿਵੇਂ ਦੀ ਸੋਚ ਹੈ। ਬਹੁਤ ਵਾਰੀਂ ਅਸੀਂ ਆਪਣੇ ਪਰਿਵਾਰਾਂ ਵਿਚ ਵੇਖਿਆ ਹੋਣਾ ਕਿ ਬੱਚੇ ਦੇ ਜਨਮ ਤੇ ਖੁਸ਼ੀ ਵਿਚ, ਮੁੰਡੇ ਦੇ ਵਿਆਹ ਵਿਚ ਆਮ ਹੀ ਖੁਸਰੇ ਨੱਚਦੇ ਦੇਖੇ ਹੋਣੇ ਪਰ ਉਨਾਂ ਦਾ ਅਸਲ ਦਰਦ ਨਹੀਂ ਅਸੀਂ ਸ਼ਾਇਦ ਨਹੀਂ ਦੇਖਦੇ। ਕਿੰਨਰ ਵੀ ਸਾਡੇ ਸਮਾਜ ਦਾ ਹਿੱਸਾ ਹਨ, ਉਨਾਂ ਨੂੰ ਇਸ ਸਮਾਜ ਵਿਚ ਮਾਣ ਨਾਲ ਰਹਿਣ ਦਾ, ਪੜ੍ਹਨ ਦਾ, ਨੌਕਰੀ ਕਰਨ ਦਾ, ਸਮਾਜ ਸੇਵਾ ਕਰਨ ਦਾ ਅਤੇ ਆਪਣੇ ਪਰਿਵਾਰ ਵਿਚ ਰਹਿਣ ਦਾ ਪੁਰਾ ਹੱਕ ਹੈ। ਮਾਪੇ ਕਿਉਂ ਮਜਬੂਰ ਹੋ ਜਾਂਦੇ ਹਨ ਜਦੋਂ ਕਿ ਉਹ ਆਪਣਾ ਹੀ ਬੱਚਾ ਘਰ ਨਹੀਂ ਰੱਖ ਸਕਦੇ ਜਾਂ ਕਿੰਨਰ ਆਪ ਹੀ ਘਰ ਛੱਡ ਜਾਂਦੇ ਹਨ ਕਿ ਸਾਡੇ ਭੈਣ ਭਰਾਵਾਂ ਦੇ ਵਿਆਹ ਹੋ ਜਾਣ। ਉਹ ਸਮਾਜ ਵਿਚ ਸਿਰ ਉੱਚਾ ਕਰਕੇ ਜੀ ਸਕਣ ਪਰ ਇਸ ਸਭ ਵਿਚ ਕਿੰਨਰ ਕਿੱਥੇ ਕਸੂਰਵਾਰ ਹੈ ? ਉਹ ਕਿਸ ਗੱਲ ਦੀ ਸਜ਼ਾ ਭੁਗਤ ਰਹੇ ਹਨ ? ਹਰਕੀਰਤ ਕੌਰ ਚਹਿਲ ਦਾ ਇਹ ਨਾਵਲ "ਆਦਮ-ਗ੍ਰਹਿਣ" ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਕਰਦਾ ਹੈ।

ਹਰਕੀਰਤ ਕੌਰ ਚਹਿਲ ਨੇ ਆਪਣੀ ਕਾਲਪਨਿਕ ਸਮਰੱਥਾ ਉੱਤੇ ਭਰੋਸਾ ਕਰਦਿਆਂ ਅਤੇ ਕੁਝ ਤੱਥ ਡੇਰਿਆਂ ਵਿੱਚੋਂ ਇੱਕਠੇ ਕਰਨ ਉਪਰੰਤ ਇਸ ਨਾਵਲ ਨੂੰ ਕਲਮਬੱਧ ਕੀਤਾ ਹੈ। ਇਸ ਨਾਵਲ ਵਿਚ ਸਮਾਜ ਦੇ ਰਿਸ਼ਤਿਆਂ ਦੀਆਂ ਵੱਖ ਵੱਖ ਪਰਤਾਂ ਨੂੰ ਛੋਹਿਆ ਗਿਆ ਹੈ ਸਮਾਜਿਕ ਵਰਤਾਰਿਆਂ ਨੂੰ ਸਰਲਤਾ ਅਤੇ ਸੰਖੇਪ ਬਿਰਤਾਂਤ ਨਾਲ ਦਰਸਾਇਆ ਗਿਆ ਹੈ।

ਨਾਵਲ ਦੀ ਸਭ ਤੋਂ ਵੱਡੀ ਖਾਸੀਅਤ ਇਸ ਵਿਚਲੀ ਸਰਲ ਭਾਸ਼ਾ ਹੈ ਜੋ ਕਿ ਪਾਠਕ ਨੂੰ ਅੰਤ ਤੱਕ ਆਪਣੇ ਨਾਲ ਜੋੜੀ ਰੱਖਦੀ ਹੈ।ਨਾਵਲ ਪੜ੍ਹਨ ਤੇ ਵਿਚਾਰਨਯੋਗ ਹੈ। ਨਾਵਲ "ਆਦਮ-ਗ੍ਰਹਿਣ" ਦੀ ਸੰਪੂਰਨਤਾ 'ਤੇ ਵਧਾਈ ਦਿੰਦਿਆਂ ਦੁਆ ਕਰਦੀ ਹਾਂ ਕਿ ਹਰਕੀਰਤ ਕੌਰ ਚਹਿਲ ਦੀ ਕਲਮ ਨਿਰੰਤਰ ਕਾਰਜਸ਼ੀਲ ਰਹੇ। ਸ਼ੁਭ ਕਾਮਨਾਵਾਂ !




## ਇਸ ਨਾਵਲ ਵਿਚੋਂ

"ਐਮੇਂ ਨਾ ਦਿਲ ਛੋਟਾ ਕਰ ਸਲਮਾ, ਇਹ ਤਾਂ ਅੱਲਾ ਦਾ ਹੀ ਜੀਅ ਹੈ। ਹਰ ਕੋਈ ਆਵਦੀ ਤਕਦੀਰ ਲਿਖਾ ਕੇ ਆਉਂਦਾ। ਐਮੇਂ ਰੋ -ਰੋ ਅੱਖਾਂ ਨਾ ਗਾਲ , ਆਪੇ ਭੈਣ- ਭਾਈਆਂ ਵਿਚ ਰਚ ਮਿਚ ਕੇ ਪਲ ਜਾਊ। ਸਾਰੇ ਹੀ ਭਾਂਡੇ ਤਾਂ ਭਰੇ ਨਹੀਂ ਹੁੰਦੇ, ਕੋਈ ਊਣਾ ਵੀ ਤਾਂ ਹੁੰਦਾ। ਨਾਲੇ ਨੈਣ ਪਰੈਣ ਸਹੀ ਸਲਾਮਤ ਹੋਣ, ਬੰਦਾ ਤਾਂ ਕਰਮ ਦੇ ਸਹਾਰੇ ਜਿਉਂਦਾ।"

ਸਲਮਾ (ਅਮੀਰਾਂ ਦੀ ਮਾਂ), "ਭਾਡੇਂ ਊਣੇ ਭਰੇ ਦੀ ਗੱਲ ਤਾਂ ਬਾਅਦ ਵਿਚ ਆਉਂਦੀ ਐ ਬਰਕਤ ਦੇ ਅੱਬਾ।ਪਰ ਜੇ ਭਾਂਡਾ ਹੀ ਕੱਚਾ ਪਿੱਲਾ ਘੜਿਆ ਹੋਵੇ ਤਾਂ ਕੌਣ ਆਪਣੀ ਰਸੋਈ ਵਿੱਚ ਸ਼ਿੰਗਾਰਦਾ ? ਵੱਡੀ ਗੱਲ ਤਾਂ ਇਹ ਹੈ ਕਿ ਜਦ ਲੋਕ ਪੁੱਛਣਗੇ ਕਿ ਧੀ ਜੰਮੀ ਆ ਜਾਂ ਪੁੱਤ ਫੇਰ ਕੀ ਜੁਆਬ ਦਿਆਂਗੇ ?"

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਟਕਸਾਲੀ ਅਕਾਲੀ ਖਡੂਰ ਸਾਹਿਬ, ਆਨੰਦਪੁਰ ਤੇ ਸੰਗਰੂਰ ਤੋਂ ਲੜਨਗੇ ਚੋਣ

- **ਬੀਬੀ ਖਾਲੜਾ ਬਾਰੇ ਬ੍ਰਹਮਪੁਰਾ ਨੇ ਐਚ.ਐਸ. ਫੂਲਕਾ ਦੀ ਪੇਸ਼ਕਸ਼ ਠੁਕਰਾਈ**
- **'ਆਪ' ਨਾਲ ਵੀ ਨਹੀਂ ਕਰਨਗੇ ਸਮਝੌਤਾ**
- **ਬੀਬੀ ਖਾਲੜਾ ਨੂੰ ਰਾਜ ਸਭਾ ਮੈਂਬਰ ਬਣਾਇਆ ਜਾਵੇ : ਰਣਜੀਤ ਸਿੰਘ ਬ੍ਰਹਮਪੁਰਾ**
- **ਕੀ ਫੂਲਕਾ ਨੂੰ ਬੀਬੀ ਖਾਲੜਾ ਦੇ ਵਿਦੇਸ਼ੀ ਫੰਡ ਨਾਲ ਮਤਲਬ ਹੈ : ਜਨਰਲ ਜੇ ਜੇ ਸਿੰਘ**




**ਅੰਮ੍ਰਿਤਸਰ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨੇ ਆਪਣੇ ਬਲਬੂਤੇ 'ਤੇ ਖਡੂਰ ਸਾਹਿਬ, ਆਨੰਦਪੁਰ ਸਾਹਿਬ ਅਤੇ ਸੰਗਰੂਰ ਲੋਕ ਸਭਾ ਹਲਕਿਆਂ ਤੋਂ ਚੋਣ ਲੜਨ ਦਾ ਦਾਅਵਾ ਕਰਦਿਆਂ 'ਆਪ' ਨਾਲ ਸਮਝੌਤੇ ਦੀ ਮੁੜ ਬਣ ਰਹੀ ਉਮੀਦ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਖਡੂਰ ਸਾਹਿਬ ਸੰਸਦੀ ਹਲਕੇ ਤੋਂ ਸਾਬਕਾ ਥਲ ਸੈਨਾ ਮੁਖੀ ਜਨਰਲ ਜੇ.ਜੇ. ਸਿੰਘ ਹੀ ਚੋਣ ਲੜਨਗੇ। ਉਨ੍ਹਾਂ ਸੁਝਾਅ ਦਿੱਤਾ ਕਿ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਚੋਣ ਨਹੀਂ ਲੜਨੀ ਚਾਹੀਦੀ ਅਤੇ ਸਿੱਧਾ ਰਾਜ ਸਭਾ ਭੇਜਣਾ ਚਾਹੀਦਾ ਹੈ। ਪਾਰਟੀ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ 'ਆਪ' ਆਗੂ ਐਡਵੋਕੇਟ ਐੱਚਐੱਸ ਫੂਲਕਾ ਵਲੋਂ ਕੀਤੀ ਗਈ ਪੇਸ਼ਕਸ਼ ਕਿ ਉਹ ਨਵੇਂ ਸਿਰੇ ਤੋਂ ਸਾਰੀਆਂ ਪਾਰਟੀਆਂ ਨੂੰ ਇਕੱਠਾ ਕਰਨ ਲਈ ਯਤਨ ਕਰ ਰਹੇ ਹਨ, ਦਾ ਸਵਾਗਤ ਕੀਤਾ। ਨਾਲ ਹੀ ਉਨ੍ਹਾਂ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਪਾਰਟੀ ਖਡੂਰ ਸਾਹਿਬ ਸੰਸਦੀ ਹਲਕੇ ਤੋਂ ਆਪਣੇ ਉਮੀਦਵਾਰ ਜੇ.ਜੇ. ਸਿੰਘ ਨੂੰ ਵਾਪਸ ਨਹੀਂ ਲਵੇਗੀ। ਉਨ੍ਹਾਂ ਕਿਹਾ ਕਿ ਉਹ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਦਾ ਸਤਿਕਾਰ ਕਰਦੇ ਹਨ। ਟਕਸਾਲੀ ਆਗੂ ਨੇ ਇਕ ਸਵਾਲ ਦੇ ਜਵਾਬ ਵਿਚ ਆਮ ਆਦਮੀ ਪਾਰਟੀ ਸਮੇਤ ਸੁਖਪਾਲ ਸਿੰਘ ਖਹਿਰਾ ਤੇ ਹੋਰਨਾਂ ਨਾਲ ਸਮਝੌਤੇ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਆਖਿਆ ਕਿ ਅਕਾਲੀ ਦਲ ਟਕਸਾਲੀ ਤਿੰਨ ਸੰਸਦੀ ਹਲਕਿਆਂ ਖਡੂਰ ਸਾਹਿਬ, ਆਨੰਦਪੁਰ ਸਾਹਿਬ ਅਤੇ ਸੰਗਰੂਰ ਤੋਂ ਆਪਣੇ ਬਲਬੂਤੇ 'ਤੇ ਚੋਣ ਲੜੇਗਾ।
ਇਸ ਦੌਰਾਨ ਹਾਜ਼ਰ ਸੇਵਾ ਸਿੰਘ ਸੇਖਵਾਂ ਨੇ ਸੋਸ਼ਲ ਮੀਡੀਆ 'ਤੇ ਚੱਲ ਰਹੀ ਚਰਚਾ ਨੂੰ ਰੱਦ ਕਰਦਿਆਂ ਆਖਿਆ ਕਿ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਉਨ੍ਹਾਂ ਦੇ ਕੋਈ ਮਤਭੇਦ ਨਹੀਂ ਹਨ। ਉਨ੍ਹਾਂ ਵੱਲੋਂ ਕੀਤੇ ਗਏ ਫ਼ੈਸਲੇ ਪਾਰਟੀ ਦੇ ਫ਼ੈਸਲੇ ਹਨ ਅਤੇ ਉਹ ਫ਼ੈਸਲਿਆਂ ਨਾਲ ਸਹਿਮਤ ਹਨ।

## ਫੂਲਕਾ ਬਾਰੇ ਕੱਬਾ ਬੋਲੇ ਜਨਰਲ ਜੇਜੇ ਸਿੰਘ

ਅਕਾਲੀ ਦਲ ਟਕਸਾਲੀ ਦੇ ਹਲਕਾ ਖਡੂਰ ਸਾਹਿਬ ਤੋਂ ਉਮੀਦਵਾਰ ਜਨਰਲ ਜੇ.ਜੇ. ਸਿੰਘ ਨੇ ਕਿਹਾ ਕਿ ਐਡਵੋਕੇਟ ਐੱਚਐੱਸ ਫੂਲਕਾ ਵੱਲੋਂ ਲਗਾਤਾਰ ਇਹ ਕਿਹਾ ਜਾਣਾ ਕਿ ਇਸ ਹਲਕੇ ਤੋਂ ਬੀਬੀ ਖਾਲੜਾ ਦੀ ਹਮਾਇਤ ਵਿਚ ਆਇਆ ਜਾਵੇ, ਬਾਰੇ ਉਹ ਆਪਣਾ ਮੰਤਵ ਸਪੱਸ਼ਟ ਕਰਨ।



ਉਨ੍ਹਾਂ ਕਿਹਾ ਕਿ ਬੀਬੀ ਖਾਲੜਾ ਨੂੰ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਪਾਰਟੀ ਦੇ ਆਰਥਿਕ ਹਾਲਾਤ ਵਿਚ ਤੇਜ਼ੀ ਨਾਲ ਸੁਧਾਰ ਹੋਇਆ ਹੈ ਜੋ ਉਨ੍ਹਾਂ ਦੀਆਂ ਰੈਲੀਆਂ ਤੇ ਸ਼ਾਹੀ ਮੀਟਿੰਗਾਂ ਤੋਂ ਸਪੱਸ਼ਟ ਦਿਖਾਈ ਦਿੰਦਾ ਹੈ। ਸਾਬਕਾ ਜਨਰਲ ਨੇ ਕਿਹਾ ਕਿ ਉਹ ਬੀਬੀ ਖਾਲੜਾ ਦੇ ਪਤੀ ਵੱਲੋਂ ਕੀਤੀ ਗਈ ਕੁਰਬਾਨੀ ਦੀ ਕਦਰ ਕਰਦੇ ਹਨ ਤੇ ਉਨ੍ਹਾਂ ਦਾ ਪਰਿਵਾਰ ਵੀ ਕੁਰਬਾਨੀਆਂ ਵਾਲਾ ਹੈ। ਉਨ੍ਹਾਂ ਨੇ ਤੀਸਰੀ ਪੀੜ੍ਹੀ ਵਿਚ ਫ਼ੌਜ ਦੀ ਸੇਵਾ ਕੀਤੀ ਹੈ ਤੇ ਆਪਣੇ ਸਰੀਰ 'ਤੇ ਗੋਲ਼ੀਆਂ ਵੀ ਖਾਧੀਆਂ ਹਨ। ਜਨਰਲ ਨੇ ਕਿਹਾ ਕਿ ਉਹ ਆਪਣੀ ਉਮੀਦਵਾਰੀ ਨਹੀਂ ਛੱਡਣਗੇ। ਉਹਨਾਂ ਕਿਹਾ ਕਿ ਫੂਲਕਾ ਇਹ ਸਪੱਸ਼ਟ ਕਰਨ ਕਿ ਉਹ ਆਖਿਰ ਬੀਬੀ ਖਾਲੜਾ ਲਈ ਮੈਦਾਨ ਸਾਫ਼ ਕਿਉਂ ਕਰਨਾ ਚਾਹੁੰਦੇ ਹਨ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਬੀਬੀ ਦੇ ਉਮੀਦਵਾਰ ਹੋਣ 'ਤੇ ਵਿਦੇਸ਼ਾਂ ਤੋਂ ਭਾਰੀ ਫੰਡ ਆ ਰਿਹਾ ਹੈ ਤੇ ਅਜਿਹਾ ਫੰਡ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੂੰ ਵੀ ਆਉਂਦਾ ਰਿਹਾ ਹੈ। ਉਦੋਂ ਫੂਲਕਾ 'ਆਪ' ਦੇ ਨਾਲ ਸਨ। ਉਨ੍ਹਾਂ ਕਿਹਾ ਕਿ ਕੀ ਫੂਲਕਾ ਨੂੰ ਬੀਬੀ ਖਾਲੜਾ ਦੇ ਉਮੀਦਵਾਰ ਬਣਨ ਨਾਲ ਵਿਦੇਸ਼ਾਂ ਤੋਂ ਵਧੇਰੇ ਫੰਡ ਆਉਣ ਦੀ ਸੰਭਾਵਨਾ ਹੈ।

## ਮੌੜ ਮੰਡੀ ਧਮਾਕੇ 'ਤੇ ਕਾਰਵਾਈ ਬਾਰੇ ਢਿੱਲੀ

ਬਠਿੰਡਾ/ਏਟੀ ਨਿਊਜ਼ : ਮੌੜ ਮੰਡੀ ਬੰਬ ਧਮਾਕੇ ਨੂੰ 2 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ, ਪਰ ਅਜੇ ਤੱਕ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ। ਇਨ੍ਹਾਂ ਪੀੜਤਾਂ ਵਿਚੋਂ ਹੀ ਇਕ ਨਾਂ ਹੈ ਜਸਕਰਨ ਸਿੰਘ ਜਿਸ ਨੇ ਹੁਣ ਪਿੰਡ ਵਿਚ ਕਾਂਗਰਸ ਦੇ ਬਾਈਕਾਟ ਕਰਨ ਦਾ ਫ਼ੈਸਲਾ ਲਿਆ। ਜਸਕਰਨ ਸਿੰਘ ਧਮਾਕੇ ਵਿਚ ਬੁਰੀ ਤਰ੍ਹਾਂ ਝੁਲਸ ਗਿਆ ਸੀ। ਜਸਕਰਨ ਦਾ ਪਹਿਲਾਂ ਫ਼ਰੀਦਕੋਟ ਤੇ ਫਿਰ ਲੁਧਿਆਣਾ ਵਿਖੇ ਕਰੀਬ ਸਵਾ ਦੋ ਮਹੀਨੇ ਤੱਕ ਇਲਾਜ ਚੱਲਦਾ ਰਿਹਾ। ਪ੍ਰਸ਼ਾਸਨ ਨੇ ਜਸਕਰਨ ਨੂੰ ਸਿਰਫ ਪੰਜਾਹ ਹਜ਼ਾਰ ਰੁਪਏ ਦਾ ਮੁਆਵਜ਼ਾ ਹੀ ਦਿੱਤਾ ਜਦੋਂ ਕਿ ਉਸ ਦਾ ਹੁਣ ਤੱਕ 10 ਲੱਖ ਤੋਂ ਵੱਧ ਖਰਚਾ ਹੋ ਚੁੱਕਾ ਹੈ ਤੇ ਇਸ ਦੇ ਬਾਵਜੂਦ ਜ਼ਿੰਦਗੀ ਤੇ ਮੌਤ ਨਾਲ ਜੂਝ ਰਿਹਾ ਹੈ। ਦੋ ਭੈਣਾਂ ਦੇ ਭਰਾ ਜਸਕਰਨ ਸਿੰਘ ਦੇ ਸਿਰ ਉਤੇ ਮਾਤਾ ਪਿਤਾ ਦਾ ਵੀ ਸਾਇਆ ਨਹੀਂ ਹੈ। **ਬਾਕੀ ਸਫ਼ਾ 34 'ਤੇ**

## ਇਸ ਮਹੀਨੇ ਫਿਰ ਹਮਲੇ ਦੀ ਤਿਆਰੀ 'ਚ ਭਾਰਤ : ਪਾਕਿਸਤਾਨ

### *ਜੰਗ ਬਾਰੇ ਪਾਕਿਸਤਾਨ ਦਾ ਦਾਅਵਾ ਭਾਰਤ ਵੱਲੋਂ ਮੁੱਢੋਂ ਰੱਦ*

**ਕਰਾਚੀ/ਏਟੀ ਨਿਊਜ਼ :** ਪਾਕਿਸਤਾਨ ਨੂੰ ਬੇਹੱਦ 'ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਹੈ ਕਿ ਭਾਰਤ ਇਸ ਮਹੀਨੇ ਇੱਕ ਹੋਰ ਹਮਲੇ ਦੀ ਤਿਆਰੀ ਕਰ ਰਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਇਹ ਗੱਲ ਕਹੀ। ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਨੇ ਜਵਾਬੀ ਕਾਰਵਾਈ 'ਚ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ 'ਤੇ ਕਾਰਵਾਈ ਕੀਤੀ ਸੀ, ਜਿਸ ਤੋਂ ਬਾਅਦ ਦੋਵਾਂ ਪ੍ਰਮਾਣੂ ਦੇਸ਼ਾਂ ਵਿਚਕਾਰ ਤਣਾਅ ਵਧ ਗਿਆ ਹੈ। ਕੁਰੈਸ਼ੀ ਨੇ ਦਾਅਵਾ ਕੀਤਾ ਕਿ ਭਾਰਤ ਵੱਲੋਂ ਇਹ ਹਮਲਾ 16 ਤੋਂ 20 ਅਪ੍ਰੈਲ ਦੇ ਵਿਚਕਾਰ ਹੋ ਸਕਦਾ ਹੈ। ਦੂਜੇ ਪਾਸੇ ਭਾਰਤ ਨੇ ਪਾਕਿਸਤਾਨ ਦੇ ਇਸ ਦਾਅਵੇ ਨੂੰ 'ਬਕਵਾਸ' ਕਰਾਰ ਦਿੱਤਾ ਹੈ ਤੇ ਉਸ ਦੇ ਇਸ ਦਾਅਵੇ ਨੂੰ ਖ਼ਿੱਤੇ ਵਿੱਚ ਜੰਗ ਦਾ ਡਰ ਬਿਠਾਉਣ ਦੇ ਯਤਨ ਆਖਿਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਪਾਕਿਤਸਤਾਨੀ ਵਿਦੇਸ਼ ਮੰਤਰਾਲੇ ਦੇ ਇਸ ਬਿਆਨ ਨੂੰ ਮੁੱਢੋਂ ਹੀ ਰੱਦ ਕੀਤਾ ਗਿਆ ਹੈ।


DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਅਸਾਮ 'ਚ ਸਿੱਖ ਸਕੂਲ ਖੋਲ੍ਹੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਏਟੀ ਨਿਊਜ਼ :** ਸ਼੍ਰੋਮਣੀ ਕਮੇਟੀ ਨੇ ਅਸਾਮ ਵਿਚ ਰਹਿੰਦੇ ਸਿੱਖ ਭਾਈਚਾਰੇ ਦੇ ਬੱਚਿਆਂ ਨੂੰ ਗੁਰਮੁਖੀ ਤੇ ਪੰਜਾਬੀ ਨਾਲ ਜੋੜਨ ਲਈ ਉੱਥੇ ਸਕੂਲ ਸਥਾਪਿਤ ਕਰਨ ਦਾ ਫ਼ੈਸਲਾ ਲਿਆ ਹੈ। ਇਸ ਲਈ ਲੋੜੀਂਦੀ ਥਾਂ ਸਿੱਖ ਪ੍ਰਤੀਨਿਧੀ ਬੋਰਡ ਈਸਟਰਨ ਜ਼ੋਨ ਧੁਬੜੀ ਸਾਹਿਬ ਅਸਾਮ ਵੱਲੋਂ ਦਿੱਤੀ ਜਾਵੇਗੀ ਜਦੋਂਕਿ ਸਕੂਲ ਲਈ ਇਮਾਰਤ ਤਿਆਰ ਕਰਨ ਅਤੇ ਚਲਾਉਣ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਇਹ ਐਲਾਨ ਗੁਹਾਟੀ ਵਿਚ ਗੁਰਦੁਆਰਾ ਗੁਰੂ ਸਿੰਘ ਸਭਾ ਵਿਖੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ ਹੈ।

## ਸੱਜਣ ਕੁਮਾਰ ਦੀ ਜ਼ਮਾਨਤ ਬਾਰੇ ਸੁਪਰੀਮ ਕੋਰਟ 'ਚ 15 ਅਪ੍ਰੈਲ ਨੂੰ ਹੋਵੇਗੀ ਸੁਣਵਾਈ

**ਨਵੀਂ ਦਿੱਲੀ/ਏਟੀ ਨਿਊਜ਼ :** 1984 ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿਚ ਦੋਸ਼ੀ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਨੂੰ ਸੁਪਰੀਮ ਕੋਰਟ ਨੇ 15



ਅਪ੍ਰੈਲ ਤੱਕ ਲਈ ਮੁਲਤਵੀ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਸੀਬੀਆਈ ਤੋਂ ਸਾਬਕਾ ਕਾਂਗਰਸ ਆਗੂ ਸੱਜਣ ਕੁਮਾਰ ਦੇ ਖ਼ਿਲਾਫ ਚੱਲ ਰਹੇ ਮੁਕੱਦਮੇ ਦੀ ਸਥਿਤੀ ਬਾਰੇ ਦੱਸਣ ਲਈ ਕਿਹਾ ਹੈ। ਸੀਬੀਆਈ ਨੇ ਸੁਪਰੀਮ ਕੋਰਟ ਵਿਚ ਸੱਜਣ ਕੁਮਾਰ ਦੀ ਜਮਾਨਤ ਪਟੀਸ਼ਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਉਹ 1984 ਵਿਚ ਦਿੱਲੀ ਵਿਚ ਸਿੱਖਾਂ ਦੀ ਨਸਲਕੁਸ਼ੀ ਦਾ 'ਮੁੱਖ ਸਾਜ਼ਿਸ਼ਕਾਰ' ਸੀ। ਸੀ.ਬੀ.ਆਈ. ਨੇ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਜੇ ਸੱਜਣ ਕੁਮਾਰ ਨੂੰ ਜਮਾਨਤ ਦਿੱਤੀ ਗਈ ਤਾਂ ਇਹ 'ਨਿਆਂ ਨਾਲ ਮਜ਼ਾਕ' ਹੋਵੇਗਾ, ਕਿਉਂਕਿ 1984 ਦੇ ਕਲਤੇਆਮ ਦੇ ਅਜਿਹੇ ਮਾਮਲਿਆਂ ਬਾਰੇ ਮੁਕੱਦਮਾ ਚਲ ਰਿਹਾ ਹੈ।

## ਕਥਿਤ ਟੂਣੇ ਕਾਰਨ ਝਗੜਾ, ਤਿੰਨ ਜ਼ਖ਼ਮੀ

**ਬਟਾਲਾ/ਏਟੀ ਨਿਊਜ਼ :** ਇੱਥੋਂ ਦੀ ਸ਼ਿਵ ਕਲੋਨੀ ਵਿੱਚ ਘਰ ਅੱਗੇ ਕਥਿਤ ਟੂਣਾ ਕਰਨ ਦੇ ਸ਼ੱਕ ਵਿੱਚ ਹੋਏ ਝਗੜੇ 'ਚ ਇੱਕ ਔਰਤ ਸਣੇ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਸ਼ਿਵ ਕਲੋਨੀ ਦੀ ਵਸਨੀਕ ਸ਼ੀਲਾ ਕੁਮਾਰੀ ਅਨੁਸਾਰ ਉਹ ਨਵਾਂ ਮਕਾਨ ਬਣਵਾ ਰਹੀ ਹੈ ਤੇ ਇਸ ਵੇਲੇ ਆਪਣੇ ਨਿਰਮਾਣ ਅਧੀਨ ਮਕਾਨ ਤੋਂ ਕੁਝ ਕੁ ਦੂਰੀ 'ਤੇ ਸਥਿਤ ਇੱਕ ਘਰ ਵਿੱਚ ਕਿਰਾਏ 'ਤੇ ਰਹਿ ਰਹੀ ਹੈ। ਸਵੇਰੇ ਜਦੋਂ ਉਹ ਆਪਣੀ ਨੂੰਹ ਪ੍ਰਿੰਅਕਾ ਨੂੰ ਲੈ ਕੇ ਮਿਸਤਰੀਆਂ ਨੂੰ ਚਾਹ ਦੇਣ ਬਣ ਰਹੇ ਮਕਾਨ 'ਚ ਪੁੱਜੀ ਤਾਂ ਉਸ ਨੇ ਵੇਖਿਆ ਕਿ ਉਸ ਦੇ ਮਕਾਨ ਦੀ ਨੁੱਕਰ ਨੇੜੇ ਕਿਸੇ ਨੇ ਝਾੜੂ, ਸਿਧੂਰ ਤੇ ਨਾਰੀਅਲ ਸੁੱਟ ਕੇ 'ਟੂਣਾ' ਕੀਤਾ ਹੋਇਆ ਸੀ। ਉਸ ਨੂੰ ਸ਼ੱਕ ਸੀ ਕਿ ਇਹ ਕਾਰਾ ਉਸ ਦੀ ਹੀ ਇੱਕ ਰਿਸ਼ਤੇਦਾਰ ਆਸ਼ਾ ਵਾਸੀ ਪ੍ਰੇਮ ਨਗਰ ਨੇ ਕੀਤਾ ਹੈ, ਇਸ ਲਈ ਉਹ ਤੁਰੰਤ ਆਸ਼ਾ ਦੇ ਘਰ ਅੱਗੇ ਪੁੱਜੀ ਤੇ ਉਸ ਦਾ ਪਿੱਟ-ਸਿਆਪਾ ਕਰਨ ਲੱਗ ਪਈ। ਇਸ ਦੌਰਾਨ ਆਸ਼ਾ ਦਾ ਪੁੱਤਰ ਵਿਵੇਕ ਤੇ ਉਸ ਦੇ ਦੋ ਦੋਸਤ ਮਨੋਜ ਤੇ ਜਸਬੀਰ ਬਾਹਰ ਨਿਕਲੇ ਤੇ ਉਨ੍ਹਾਂ ਸ਼ੀਲਾ ਕੁਮਾਰੀ ਦੀ ਕੁੱਟਮਾਰ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਇਸੇ ਦੌਰਾਨ ਸ਼ੀਲਾ ਦਾ ਪਤੀ ਮਨੋਹਰ ਲਾਲ ਤੇ ਪੁੱਤਰ ਪੰਕਜ ਵੀ ਉੱਥੇ ਪੁੱਜ ਗਏ ਅਤੇ ਉਕਤ ਸਾਰੇ ਮਰਦ ਆਪਸ ਵਿੱਚ ਭਿੜ ਗਏ। ਇਸ ਲੜਾਈ ਵਿੱਚ ਮਨੋਜ ਅਤੇ ਮਨੋਹਰ ਲਾਲ ਵੀ ਜ਼ਖ਼ਮੀ ਹੋ ਗਏ।

## ਪੰਜਾਬ ਨਸ਼ਿਆਂ ਵਿਚ 'ਨੰਬਰ ਵਨ', ਕੈਪਟਨ ਦੇ ਦਾਅਵੇ ਝੂਠੇ

**ਚੰਡੀਗੜ੍ਹ/ਏਟੀ ਨਿਊਜ਼ :**
ਚੋਣ ਕਮਿਸ਼ਨ ਦੇ ਅੰਕੜਿਆਂ ਨੇ ਨਸ਼ਿਆਂ ਦੇ ਕਾਰੋਬਾਰ 'ਤੇ ਲਗਾਮ ਕੱਸਣ ਲਈ ਪੰਜਾਬ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਚੋਣ ਜ਼ਾਬਤਾ ਲੱਗਣ ਬਾਅਦ ਦੇਸ਼ ਭਰ ਵਿੱਚੋਂ ਪੰਜਾਬ ਵਿੱਚ ਸਭ ਤੋਂ ਵੱਧ ਨਸ਼ਾ ਫੜਿਆ ਗਿਆ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਹੁਣ ਤਕ ਦੇਸ਼ ਵਿੱਚ 133.862 ਕਰੋੜ ਦਾ ਨਸ਼ਾ ਫੜਿਆ ਗਿਆ ਹੈ। ਇਕੱਲੇ ਪੰਜਾਬ ਦੀ ਗੱਲ ਕਰੀਏ ਤਾਂ ਇੱਥੋਂ 85 ਕਰੋੜ 56 ਲੱਖ ਦਾ ਨਸ਼ਾ ਜ਼ਬਤ ਕੀਤਾ ਗਿਆ ਹੈ।

## ਪਿੰਡ ਵਾਲਿਆਂ ਨੇ ਫੜਿਆ ਨਸ਼ਾ ਤਸਕਰ

**ਸੁਲਤਾਨਵਿੰਡ/ਏਟੀ ਨਿਊਜ਼ :**
ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡ ਵਿਚ ਜਥਾ ਸਿਰਲੱਥ ਖ਼ਾਲਸਾ ਨੇ ਇਕ ਨਸ਼ਾ ਤਸਕਰ ਬਲਜਿੰਦਰ ਸਿੰਘ ਨੂੰ ਕਾਬੂ ਕਰ ਕੇ ਪੁਲਿਸ ਹਵਾਲੇ ਕੀਤਾ ਹੈ। ਆਗੂਆਂ ਨੇ ਦੱਸਿਆ ਕਿ ਤਿੰਨ ਨੌਜਵਾਨ ਨਸ਼ਾ ਖ਼ਰੀਦਣ ਤੇ ਵੇਚਣ ਦੀ ਗੱਲ ਕਰ ਰਹੇ ਸਨ। ਜਦੋਂ ਜਥੇ ਨੂੰ ਇਸ ਦਾ ਪਤਾ ਲੱਗਾ ਤਾਂ ਇਕ ਨੌਜਵਾਨ ਨੂੰ ਫੜ ਲਿਆ ਤੇ ਨੌਜਵਾਨ ਦੀ ਕੁੱਟਮਾਰ ਦੀ ਇਕ ਵੀਡੀਓ ਵੀ ਬਣਾਈ ਗਈ ਜਿਸ ਨੂੰ ਸੋਸ਼ਲ ਮੀਡੀਆ ਉਤੇ ਸਾਂਝਾ ਕੀਤਾ ਗਿਆ ਹੈ। ਵੀਡੀਓ ਵਿਚ ਨੌਜਵਾਨ ਦੀ ਕੁੱਟਮਾਰ ਕੀਤੀ ਜਾ ਰਹੀ ਹੈ। ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਕੀਤੇ ਨੌਜਵਾਨ ਦੇ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਨੌਜਵਾਨ 3 ਸਾਲ ਤੋਂ ਨਸ਼ਾ ਵੇਚਣ ਦਾ ਕੰਮ ਕਰ ਰਿਹਾ ਹੈ।

# ਭਾਰਤੀ ਇਤਰਾਜ਼ ਮਗਰੋਂ ਕਰਤਾਰਪੁਰ ਲਾਂਘੇ ਬਾਰੇ ਕਮੇਟੀ 'ਤੇ ਪਾਕਿਸਤਾਨ ਨੇ ਲਾਈ ਰੋਕ

**✪ ਪਾਕਿਸਤਾਨ ਨਵੀਂ ਕਮੇਟੀ ਕਾਇਮ ਕਰੇ ✪ ਲੋਕ ਸਭਾ ਚੋਣਾਂ ਤੱਕ ਗੱਲਬਾਤ ਰੁਕੀ ✪ ਭਾਰਤ ਵਾਲੇ ਪਾਸੇ ਉਸਾਰੀ ਕਾਰਜ ਹੋਏ ਸ਼ੁਰੂ**



**ਲਾਹੌਰ/ਏਟੀ ਨਿਊਜ਼ :**
ਭਾਰਤ ਦੇ ਇਤਰਾਜ਼ ਮਗਰੋਂ ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਬਾਰੇ ਬਣੀ 10 ਮੈਂਬਰੀ ਕਮੇਟੀ 'ਤੇ ਰੋਕ ਲਾ ਦਿੱਤੀ ਹੈ। ਭਾਰਤ ਨੇ ਕਮੇਟੀ ਵਿੱਚ ਖ਼ਾਲਿਸਤਾਨੀ ਗੋਪਾਲ ਸਿੰਘ ਚਾਵਲਾ ਦੀ ਸ਼ਮੂਲੀਅਤ 'ਤੇ ਇਤਰਾਜ਼ ਜਤਾਇਆ ਸੀ। ਪਾਕਿ ਨੇ ਭਾਰਤ ਦੇ ਇਸ ਇਤਰਾਜ਼ ਬਾਅਦ 10 ਮੈਂਬਰੀ ਕਮੇਟੀ 'ਤੇ ਲਾਈ ਰੋਕ ਲਾ ਦਿੱਤੀ ਹੈ। ਪਾਕਿ ਹੁਣ ਨਵੀਂ ਕਮੇਟੀ ਕਾਇਮ ਕਰੇਗਾ। ਜ਼ਿਕਰਯੋਗ ਹੈ ਕਿ ਕਰਤਾਰਪੁਰ ਲਾਂਘੇ ਬਾਰੇ 10 ਮੈਂਬਰੀ ਕਮੇਟੀ ਪਾਕਿਸਤਾਨ ਕੈਬਨਿਟ ਵੱਲੋਂ ਬਣਾਈ ਗਈ ਸੀ। ਇਸ ਕਮੇਟੀ ਵਿੱਚ ਕੁਝ ਖ਼ਾਲਿਸਤਾਨੀ ਸਿੱਖਾਂ ਦੇ ਨਾਵਾਂ 'ਤੇ ਭਾਰਤ ਸਰਕਾਰ ਨੂੰ ਇਤਰਾਜ਼ ਸੀ, ਜਿਨ੍ਹਾਂ ਵਿਚ ਚਾਵਲਾ ਵੀ ਸ਼ਾਮਲ ਹੈ। ਭਾਰਤ ਨੇ ਇਸ ਦੇ ਵਿਰੋਧ ਵਿੱਚ ਕਰਤਾਰਪੁਰ ਲਾਂਘੇ ਬਾਰੇ ਦੋ ਅਪ੍ਰੈਲ ਨੂੰ ਹੋਣ ਵਾਲੀ ਬੈਠਕ ਮੁਲਤਵੀ ਕਰ ਦਿੱਤੀ ਸੀ। ਭਾਰਤ ਨੇ ਦਾਅਵਾ ਕੀਤਾ ਸੀ ਕਿ ਲਾਂਘੇ ਨੂੰ ਖੋਲ੍ਹਣ ਦੀ ਆਪਣੀ ਵਚਨਬੱਧਤਾ 'ਤੇ ਕਾਇਮ ਹੈ ਪਰ ਕੌਮੀ ਸੁਰੱਖਿਆ ਤੇ ਦੇਸ਼ ਦੀ ਅਖੰਡਤਾ ਨਾਲ ਜੁੜੀਆਂ ਚਿੰਤਾਵਾਂ ਸਭ ਤੋਂ ਉਪਰ ਹਨ। ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਨੂੰ ਸੂਚਿਤ ਕੀਤਾ ਸੀ ਕਿ ਕੌਰੀਡੋਰ ਸਬੰਧੀ ਅਗਲੀ ਬੈਠਕ ਪਾਕਿਸਤਾਨ ਦੇ ਜਵਾਬ ਤੋਂ ਬਾਅਦ ਹੀ ਤੈਅ ਕੀਤੀ ਜਾਵੇਗੀ।

**ਭਾਰਤ ਵਾਲੇ ਪਾਸਿਓਂ ਕਾਰਜ ਸ਼ੁਰੂ-**
ਭਾਰਤ ਵਾਲੇ ਪਾਸੇ ਕਰਤਾਰਪੁਰ ਸਾਹਿਬ ਗਲਿਆਰੇ ਦੇ ਉਸਾਰੀ ਕਾਰਜ ਵੀ ਆਰੰਭ ਦਿੱਤੇ ਗਏ ਹਨ। ਕਿਸਾਨਾਂ ਤੋਂ ਜ਼ਮੀਨ ਐਕੁਆਇਰ ਕੀਤੇ ਜਾਣ ਮਗਰੋਂ ਉਸਾਰੀ ਸ਼ੁਰੂ ਕੀਤੀ ਗਈ। ਨਿਰਮਾਣ ਕੰਪਨੀ ਦੇ ਸਹਿ-ਨਿਰਦੇਸ਼ਕ ਜਤਿੰਦਰ ਸਿੰਘ ਨੇ ਦੱਸਿਆ ਕਿ ਭਾਰਤ ਵੱਲੋਂ ਕੌਰੀਡੋਰ ਲਈ ਬਣਾਈ ਜਾਣ ਵਾਲੀ ਸੜਕ ਚਾਰ ਕਿਲੋਮੀਟਰ ਲੰਮੀ ਹੋਵੇਗੀ ਅਤੇ 200 ਫੁੱਟ ਚੌੜੀ ਹੋਵੇਗੀ। ਉਨ੍ਹਾਂ ਦੱਸਿਆ ਕਿ ਲੈਂਡਪੋਰਟ ਅਥਾਰਟੀ ਵੱਲੋਂ ਬਣਾਏ ਜਾਣ ਵਾਲੇ ਇੰਟੀਗ੍ਰੇਟਿਡ ਚੈੱਕ ਪੋਸਟ ਟਰਮੀਨਲ ਦੇ ਨਿਰਮਾਣ ਦੀ ਸ਼ੁਰੂਆਤ ਆਉਂਦੇ ਦਿਨਾਂ ਵਿੱਚ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਰਤ-ਪਾਕਿ ਦੀ ਕੰਡਿਆਲੀ ਤਾਰ ਦਰਮਿਆਨ ਪੁਲ ਵੀ ਉਸਾਰਿਆ ਜਾਵੇਗਾ, ਜਿਸ ਦਾ ਨਿਰਮਾਣ ਵੀ ਜਲਦ ਹੋਣ ਵਾਲਾ ਹੈ। ਹਾਲਾਂਕਿ, ਕੌਰੀਡੋਰ ਬਾਰੇ ਦੋਵੇਂ ਦੇਸ਼ਾਂ ਵਿਚਾਲੇ ਬੈਠਕਾਂ ਦਾ ਦੌਰ ਰੁਕਿਆ ਹੋਇਆ ਹੈ। ਹੁਣ ਪਾਕਿ ਨੇ ਭਾਰਤ ਵੱਲੋਂ ਜਤਾਏ ਇਤਰਾਜ਼ ਦਰੁਸਤ ਕਰ ਦਿੱਤੇ ਹਨ, ਜਿਸ ਤੋਂ ਬਾਅਦ ਲਾਂਘੇ ਦੇ ਨਿਯਮਾਂ ਤੇ ਹੋਰ ਸ਼ਰਤਾਂ ਤੈਅ ਹੋਣ ਬਾਰੇ ਮੀਟਿੰਗਾਂ ਦਾ ਸਿਲਸਿਲਾ ਛੇਤੀ ਸ਼ੁਰੂ ਹੋਣ ਦੀ ਆਸ ਹੈ।

**ਚੋਣਾਂ ਤੱਕ ਨਹੀਂ ਹੋਵੇਗੀ ਕੋਈ ਗੱਲਬਾਤ-**
ਕੇਂਦਰ ਸਰਕਾਰ ਨੇ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘੇ ਸਬੰਧੀ ਮੁੱਖ ਮੁੱਦੇ ਉੱਤੇ ਕੋਈ ਹੋਰ ਕਦਮ ਪੁੱਟਣ ਤੋਂ ਪਿੱਛੇ ਹਟਦਿਆਂ, ਪਾਕਿਸਤਾਨ ਦੀ ਹਰ ਗੱਲ ਨਾਲ ਸਹਿਮਤ ਹੋਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਸ ਤਰ੍ਹਾਂ ਲੋਕ ਸਭਾ ਚੋਣਾਂ ਤੱਕ ਕੋਈ ਗੱਲਬਾਤ ਹੋਣ ਦੀ ਸੰਭਾਵਨਾ ਨਹੀਂ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਐਲਾਨ ਕੀਤਾ ਹੈ ਕਿ ਭਾਰਤ ਨੇ ਦੂਜੇ ਗੇੜ ਦੀ ਗੱਲਬਾਤ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ ਕਿਉਂਕਿ ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਸਬੰਧੀ ਗੱਲਬਾਤ ਲਈ ਕਮੇਟੀ ਵਿੱਚ ਕੁੱਝ ਵਿਵਾਦਗ੍ਰਸਤ ਸਖ਼ਸ਼ੀਅਤਾਂ ਨੂੰ ਨਿਯੁਕਤ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਭਾਰਤ ਰਾਜਸੀ ਤੌਰ ਉੱਤੇ ਇਸ ਤਰ੍ਹਾਂ ਦੇ ਗੰਭੀਰ ਮਾੜੇ ਪੱਖਾਂ ਦੇ ਬਾਵਜੂਦ ਤਕਨੀਕੀ ਗੱਲਬਾਤ ਨੂੰ ਅੱਗੇ ਤੋਰਨਾ ਚਾਹੁੰਦਾ ਹੈ ਤਾਂ ਜੋ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਸ਼ਤਾਬਦੀ ਸਮਾਰੋਹ ਜੋ ਨਵੰਬਰ ਵਿੱਚ ਸ਼ੁਰੂ ਹੋਣੇ ਹਨ, ਤੱਕ ਢਾਂਚੇ ਦੀ ਉਸਾਰੀ ਵਿੱਚ ਕਿਸੇ ਪ੍ਰਕਾਰ ਦੀ ਦੇਰੀ ਨਾ ਹੋਵੇ। ਭਾਰਤ ਦਾ ਪੱਖ ਸਪਸ਼ਟ ਕਰਦਿਆਂ ਵਿਦੇਸ਼ ਵਿਭਾਗ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਸਰਕਾਰ ਲੋਕਾਂ ਦੀਆਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਸਬੰਧੀ ਮਨੋਕਾਮਨਾਵਾਂ ਅਤੇ ਇੱਛਾਵਾਂ ਨੂੰ ਪੂਰੀਆਂ ਕਰਨ ਲਈ ਤਿਆਰ ਹੈ। ਪਰ ਕੇਂਦਰ ਨੇ ਪਾਕਿਸਤਾਨ ਵੱਲੋਂ ਕਮੇਟੀ ਵਿੱਚ ਵਿਵਾਦਗ੍ਰਸਤ ਲੋਕਾਂ ਦੀ ਨਿਯੁਕਤੀ ਨੂੰ ਲੈ ਕੇ ਫਿਕਰ ਜਤਾਇਆ ਹੈ। ਪਾਕਿਸਤਾਨ ਦਾ ਪੱਖ ਉਡੀਕਿਆ ਜਾ ਰਿਹਾ ਹੈ ਤੇ ਇਸ ਕਰਕੇ ਗੱਲਬਾਤ ਮੁਲਤਵੀ ਕੀਤੀ ਗਈ ਹੈ। ਪਾਕਿਸਤਾਨ ਸਰਕਾਰ ਨੇ ਅਜੇ ਤੱਕ ਕੋਈ ਜੁਆਬ ਨਹੀਂ ਦਿੱਤਾ।

## ਕਰਤਾਰਪੁਰ ਲਾਂਘੇ ਨੂੰ ਛੇਤੀ ਤੋਂ ਛੇਤੀ ਮੁਕੰਮਲ ਕਰਨ ਦੀ ਕੋਸ਼ਿਸ਼ ਕਰਾਂਗੇ- ਅਰੁਣ ਜੇਤਲੀ

**ਨਵੀਂ ਦਿੱਲੀ/ਏਟੀ ਨਿਊਜ਼ :** -ਵਿੱਤ ਮੰਤਰੀ ਅਰੁਣ ਜੇਤਲੀ ਨੇ ਕਰਤਾਰਪੁਰ ਲਾਂਘੇ ਦੀ ਸਾਰੀ ਵਿਵਸਥਾ ਬਾਰੇ ਕਿਹਾ ਕਿ ਸਾਡੇ ਪਾਕਿਸਤਾਨ ਨਾਲ ਸਬੰਧ ਬਹੁਤ ਚੰਗੇ ਨਹੀਂ ਹਨ ਕਿਉਂਕਿ ਉਹ ਅੱਤਵਾਦ ਫੈਲਾਉਂਦਾ ਹੈ, ਪਰ ਕੁਝ ਮੁੱਦੇ ਸ਼ਰਧਾ ਨਾਲ ਜੁੜੇ ਹੁੰਦੇ ਹਨ। ਉਸ ਦਾ ਕੋਈ ਵੀ ਤਾਅਲੁਕ ਨਾ ਤਾਂ ਦੇਸ਼ ਦੀ ਅੰਦਰੂਨੀ ਰਾਜਨੀਤੀ ਨਾਲ ਹੈ, ਨਾ ਹੀ ਸੁਰੱਖਿਆ ਨਾਲ। ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਕਰਤਾਰਪੁਰ ਲਾਂਘਾ ਛੇਤੀ ਤੋਂ ਛੇਤੀ ਖੁੱਲ੍ਹ ਜਾਵੇ।

# ਗੁਰੂ ਨਾਨਕ ਦਾ ਰਾਹ ਜੰਗ ਨਹੀਂ, ਵਿਸ਼ਵ ਸ਼ਾਂਤੀ : ਪੁਰੇਵਾਲ, ਖਾਲਸਾ

- **ਪ੍ਰਵਾਸੀ ਸਾਹਿਤਕਾਰ ਪੰਨੂ ਦੀ ਪਾਕਿ ਗੁਰਧਾਮ ਯਾਤਰਾ ਬਾਰੇ 'ਮਿੱਟੀ ਦੀ ਮਹਿਕ' ਪੁਸਤਕ ਰਿਲੀਜ਼**
- **ਸਫ਼ਰਨਾਮੇ 'ਚ ਪਾਕਿ ਗੁਰਦੁਆਰਿਆਂ ਦੀ ਵਿਰਾਸਤ ਦਾ ਅਧਿਐਨ ਕੀਤਾ : ਪੰਨੂ**



**ਜਲੰਧਰ/ਏਟੀ ਨਿਊਜ਼ :** ਗਿਆਨੀ ਦਿੱਤ ਸਿੰਘ ਸਾਹਿਤ ਸਭਾ ਇੰਟਰਨੈਸ਼ਨਲ, ਜੋ ਕਿ ਸਿੱਖ ਇਤਿਹਾਸ, ਸਾਹਿਤ ਤੇ ਫਿਲਾਸਫੀ ਦੇ ਅਧਿਐਨ ਦਾ ਅਦਾਰਾ ਹੈ, ਦੇ ਮੈਂਬਰਾਂ ਨੇ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ 'ਤੇ ਪ੍ਰਵਾਸੀ ਪੰਜਾਬੀ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਦੀ ਪੁਸਤਕ 'ਮਿੱਟੀ ਦੀ ਮਹਿਕ' ਰਿਲੀਜ਼ ਕਰਦਿਆਂ ਕਿਹਾ ਕਿ ਕਰਤਾਰਪੁਰ ਖੁੱਲ੍ਹਾ ਲਾਂਘਾ ਵਿਸ਼ਵ ਸ਼ਾਂਤੀ ਦੀ ਵਿਰਾਸਤ ਹੈ ਤੇ ਦੋਹਾਂ ਦੇਸ਼ਾਂ ਨੂੰ ਆਪਸ ਵਿਚ ਮਿਲ ਬੈਠ ਕੇ ਸਬੰਧ ਸੁਧਾਰਨੇ ਚਾਹੀਦੇ ਹਨ ਤੇ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ। ਸ. ਰਜਿੰਦਰ ਸਿੰਘ ਪੁਰੇਵਾਲ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਦੱਸਿਆ ਕਿ ਪਾਕਿ ਗੁਰਧਾਮ ਕਾਰਸੇਵਾ ਕਮੇਟੀ ਨੇ ਉੱਥੇ ਗੁਰਧਾਮਾਂ ਦੀ ਬਹੁਤ ਵਧੀਆ ਢੰਗ ਨਾਲ ਸੰਭਾਲ ਕੀਤੀ ਹੈ ਤੇ ਸਿੱਖ ਵਿਰਾਸਤ ਨੂੰ ਸਾਂਭਿਆ ਹੈ, ਪਰ ਸ਼੍ਰੋਮਣੀ ਕਮੇਟੀ ਨੇ ਇਸ ਵਿਚ ਕੋਈ ਯੋਗਦਾਨ ਨਹੀਂ ਪਾਇਆ। ਉਲਟਾ ਜੋ ਪਾਕਿ ਵਿਚ ਮਾਇਆ ਇਕੱਠੀ ਹੋਈ, ਉਹ ਇੰਡੀਆ ਲੈ ਗਏ, ਜਦ ਕਿ ਇਹ ਸੰਗਤ ਦਾ ਪੈਸਾ ਗੁਰਧਾਮਾਂ ਦੀ ਸੰਭਾਲ 'ਤੇ ਲੱਗਣਾ ਚਾਹੀਦਾ ਸੀ। ਸ. ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਸ. ਪਰਮਿੰਦਰਪਾਲ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਕੁਆਰਡੀਨੇਟਰ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਇੰਟਰਨੈਸ਼ਨਲ, ਪ੍ਰੋ. ਬਲਵਿੰਦਰਪਾਲ ਸਿੰਘ ਜਰਨਲਿਸਟ, ਸੁਰਿੰਦਰਪਾਲ ਸਿੰਘ ਗੋਲਡੀ ਮੈਂਬਰ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਨੇ ਕਿਹਾ ਕਿ 'ਮਿੱਟੀ ਦੀ ਮਹਿਕ' ਪਾਕਿਸਤਾਨੀ ਸਫ਼ਰਨਾਮਾ ਸਾਹਿਤਕ ਦਸਤਾਵੇਜ਼ ਹੈ ਤੇ ਪੰਜਾਬੀ ਸਾਹਿਤ ਵਿਚ ਇਹ ਇਕ ਵੱਡੀ ਪ੍ਰਾਪਤੀ ਹੈ। ਉਹਨਾਂ ਦੱਸਿਆ ਕਿ ਪ੍ਰਵਾਸੀ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਨੇ ਪਾਕਿ ਵਿਚ ਥਾਂ-ਥਾਂ ਜਾ ਕੇ ਇਹਨਾਂ ਇਤਿਹਾਸਕ ਅਸਥਾਨਾਂ ਦੀ ਜਾਣਕਾਰੀ ਲੈ ਕੇ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਵਡਮੁੱਲਾ ਕਾਰਜ ਕੀਤਾ ਹੈ। ਲੇਖਕ ਨੇ ਲਾਹੌਰ ਲਾਇਲਪੁਰ ਹੋਰ ਸ਼ਹਿਰਾਂ, ਪਿੰਡਾਂ, ਕਸਬਿਆਂ ਵਿਚ ਧਾਰਮਿਕ ਸਥਾਨਾਂ ਦੀ ਯਾਤਰਾ ਕਰਕੇ ਇਤਿਹਾਸਕ ਪਿਛੋਕੜ ਵੀ ਕਲਮਬੰਦ ਕੀਤਾ ਹੈ। ਇਹ ਪੁਸਤਕ ਪਾਕਿਸਤਾਨ ਦੇ ਗੁਰਧਾਮਾਂ ਲਈ ਗਾਈਡ ਵਜੋਂ ਭੂਮਿਕਾ ਨਿਭਾਉਣ ਦੀ ਸਮਰੱਥਾ ਰੱਖਦੀ ਹੈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਉਹਨਾਂ ਦੇ ਪਰਿਵਾਰ ਨਾਲ ਸੰਬੰਧਿਤ ਮਹਲਾਂ ਤੇ ਇਤਿਹਾਸਕ ਵਿਰਾਸਤ ਦਾ ਜ਼ਿਕਰ ਹੈ। ਉਹਨਾਂ ਕਿਹਾ ਕਿ ਇਸ ਪੁਸਤਕ ਵਿਚ ਭਾਰਤ ਪਾਕਿਸਤਾਨ ਦੇ ਵਿਗੜ ਰਹੇ ਸੰਬੰਧਾਂ 'ਤੇ ਜਿੱਥੇ ਚਿੰਤਾ ਪ੍ਰਗਟਾਈ ਗਈ ਹੈ, ਉਥੇ ਕਰਤਾਰਪੁਰ ਖੁੱਲ੍ਹਾ ਲਾਂਘਾ ਖੁੱਲ੍ਹਣ 'ਤੇ ਸੁਆਗਤ ਕੀਤਾ ਗਿਆ ਹੈ। ਇਸ ਮੌਕੇ ਚਰਨਜੀਤ ਸਿੰਘ ਪੰਨੂ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਗਿਆ।
ਚਰਨਜੀਤ ਸਿੰਘ ਪੰਨੂ ਨੇ ਦੱਸਿਆ ਕਿ 'ਮਿੱਟੀ ਦੀ ਮਹਿਕ' ਵਿਚ ਜੋ ਉਹਨਾਂ ਨੇ ਲਿਖਿਆ ਹੈ, ਉਹ ਅੱਖੀ ਦੇਖਿਆ ਤੇ ਹੱਡੀ ਹੰਢਾਇਆ ਹੈ ਤੇ ਧਾਰਮਿਕ ਸ਼ਰਧਾ ਨਾਲ ਉਹਨਾਂ ਨੇ ਆਪਣੀ ਇਸ ਪੁਸਤਕ ਦੀ ਰਚਨਾ ਕੀਤੀ ਹੈ। ਉਹਨਾਂ ਕਿਹਾ ਕਿ ਪਾਕਿਸਤਾਨ ਦੇ ਲੋਕ ਬਹੁਤ ਪਿਆਰ ਕਰਨ ਵਾਲੇ ਨੇਕ ਲੋਕ ਹਨ। ਪਹਿਲਾਂ ਉਸ ਨੂੰ ਪਾਕਿਸਤਾਨ ਜਾਣ 'ਤੇ ਵੀ ਡਰ ਲੱਗਦਾ ਸੀ, ਪਰ ਇਹ ਡਰ ਇਸ ਸਫ਼ਰਨਾਮੇ ਦੀ ਰਚਨਾ ਕਰਦਿਆਂ ਨਿਕਲ ਗਿਆ। ਉਹਨਾਂ ਕਿਹਾ ਕਿ ਮੇਰਾ ਇਹ ਇਤਿਹਾਸਕ ਕਾਰਜ ਗੁਰੂ ਨਾਨਕ ਸਾਹਿਬ 550 ਸਾਲਾਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੈ। ਉਹਨਾਂ ਇਹ ਵੀ ਦੱਸਿਆ ਕਿ ਪਾਕਿ ਦੇ ਗੁਰਧਾਮਾਂ 'ਤੇ ਅਜੇ ਵੀ ਲੋਕਾਂ ਦੇ ਕਬਜ਼ੇ ਹਨ। ਖਾਲਸਾ ਪੰਥ ਨੂੰ ਚਾਹੀਦਾ ਹੈ ਕਿ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਕੇ ਇਸ ਵਿਰਾਸਤ ਨੂੰ ਸਾਂਭੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਕਾਰਜਾਂ ਤੇ ਗੁਰੂ ਨਾਨਕ ਦੀ ਵਿਰਾਸਤ ਨੂੰ ਚੇਤੇ ਰੱਖ ਸਕਣ। ਇਸ ਮੌਕੇ ਗੁਰਮੀਤ ਪਲਾਹੀ, ਅਮਰੀਕ ਪਲਾਹੀ ਕੈਨੇਡਾ, ਹਰਭਜਨ ਸਿੰਘ ਬੈਂਸ, ਮਹਿੰਦਰ ਸਿੰਘ ਚਮਕ ਆਦਿ ਹਾਜ਼ਰ ਸਨ।

# ਕਾਲੇ ਕਾਨੂੰਨ 'ਅ.ਫਸਪਾ' ਦੀ ਰਾਖੀ ਲਈ ਪਹਿਰੇਦਾਰ ਬਣੀ ਭਾਜਪਾ

ਪ੍ਰੋ. ਬਲਵਿੰਦਰਪਾਲ ਸਿੰਘ
ਮੋਬਾਇਲ 9815700916




**✪ ਅਮਿਤ ਸ਼ਾਹ ਨੇ ਕਿਹਾ 'ਅ.ਫਸਪਾ' ਨੂੰ ਕੋਈ ਖ਼ਤਮ ਨਹੀਂ ਕਰ ਸਕਦਾ ✪ ਮੋਦੀ ਵੀ ਅਮਿਤ ਸ਼ਾਹ ਦੀ ਹਮਾਇਤ 'ਤੇ ✪ ਪੋਟਾ, ਟਾਡਾ ਤੋਂ ਵੀ ਖਤਰਨਾਕ ਕਾਨੂੰਨ ਹੈ ਅਫਸਪਾ**

ਅਫਸਪਾ ਫੌਜ, ਕੇਂਦਰੀ ਹਥਿਆਰਬੰਦ ਬਲਾਂ ਅਤੇ ਸੂਬਾਈ ਪੁਲਸ ਨੂੰ ਕੇਂਦਰ ਜਾਂ ਸੂਬੇ ਦੀ ਸਰਕਾਰ ਵੱਲੋਂ ਐਲਾਨ ਕੀਤੇ ਗੜਬੜ ਵਾਲੇ ਇਲਾਕਿਆਂ ਵਿੱਚ ਅਥਾਹ "ਵਿਸ਼ੇਸ਼ ਸ਼ਕਤੀਆਂ" ਪ੍ਰਦਾਨ ਕਰਦਾ ਹੈ। ਇਸ ਅਨੁਸਾਰ ਕਿਸੇ ਵਿਅਕਤੀ ਨੂੰ, ਜਿਸ ਨੇ ਕੋਈ ਅਪਰਾਧ ਕੀਤਾ ਹੈ, ਜਾਂ ਕੀਤੇ ਜਾਣ ਦੀ ਸ਼ੱਕ ਹੈ, ਜੋ ਦਹਿਸ਼ਤਗਰਦ ਜਾਂ ਬਾਗੀ ਹੈ ਜਾਂ ਅਜਿਹਾ ਹੋ ਸਕਦਾ ਹੈ, ਬਿਨਾਂ ਵਾਰੰਟ ਗ੍ਰਿ.ਫਤਾਰ ਕੀਤਾ ਜਾ ਸਕਦਾ ਹੈ, ਕੁੱਟਮਾਰ ਕੀਤੀ ਜਾ ਸਕਦੀ ਹੈ ਜਾਂ ਗੋਲੀ ਤੱਕ ਮਾਰੀ ਜਾ ਸਕਦੀ ਹੈ। ਇਸੇ ਤਰ੍ਹਾਂ ਕਿਸੇ ਮਕਾਨ/ਇਮਾਰਤ ਆਦਿ ਨੂੰ ਢਾਹ ਦੇਣ ਦੀ ਸੁਰੱਖਿਆ ਫੋਰਸਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਹਥਿਆਰਬੰਦ ਬਲਾਂ ਦੇ ਕਿਸੇ ਵੀ ਵਿਅਕਤੀ 'ਤੇ ਕੇਂਦਰੀ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਕੋਈ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਪੰਜਾਬ, ਕਸ਼ਮੀਰ, ਮਨੀਪੁਰ, ਅਸਾਮ, ਨਾਗਾਲੈਂਡ ਵਿਚ ਇਹੀ ਕੁਝ ਵਾਪਰਦਾ ਰਿਹਾ ਹੈ। ਇਸੇ ਕਾਨੂੰਨ ਤਹਿਤ ਪੰਜਾਬ ਨੂੰ ਅਸ਼ਾਂਤ ਇਲਾਕਾ ਐਲਾਨਿਆ ਗਿਆ।

ਭਾਜਪਾ ਕਾਲੇ ਕਾਨੂੰਨ ਅਫਸਪਾ ਦੀ ਵੱਡੀ ਹਮਾਇਤੀ ਬਣ ਬੈਠੀ ਹੈ, ਜਿਸ ਤਹਿਤ ਘੱਟ ਗਿਣਤੀਆਂ ਦਾ ਘਾਣ ਕੀਤਾ ਜਾ ਰਿਹਾ ਹੈ। ਕਾਂਗਰਸ ਨੇ ਇਸ ਦਾ ਵਿਰੋਧ ਕੀਤਾ ਹੈ। ਕਾਂਗਰਸ ਦੇ ਸੀਨੀਅਰ ਆਗੂ ਕਪਿਲ ਸਿੱਬਲ ਨੇ ਦੇਸ਼ਧ੍ਰੋਹ ਨਾਲ ਜੁੜੀ ਆਈਪੀਸੀ ਦੀ ਧਾਰਾ 124ਏ ਨੂੰ ਖ਼ਤਮ ਕਰਨ ਦੀ ਹਮਾਇਤ ਕਰਦਿਆਂ ਕਿਹਾ ਸੀ ਕਿ ਇਸ ਵੇਲੇ ਇਸ ਪੁਰਾਣੇ ਸਮੇਂ ਦੇ ਕਾਨੂੰਨ ਦੀ ਲੋੜ ਨਹੀਂ। ਉਨ੍ਹਾਂ ਦਾ ਇਹ ਬਿਆਨ ਉਸ ਵਕਤ ਆਇਆ ਹੈ ਜਦ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਦੋ ਸਾਲ ਪਹਿਲਾਂ ਹੋਈ ਕਥਿਤ ਨਾਹਰੇਬਾਜ਼ੀ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੇ ਹਾਲ ਹੀ ਵਿਚ ਘਨਈਆ ਕੁਮਾਰ ਤੇ ਹੋਰਾਂ ਵਿਰੁਧ ਦੋਸ਼ਪੱਤਰ ਦਾਖ਼ਲ ਕੀਤਾ ਹੈ।

ਦੂਜੇ ਪਾਸੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਾਲੇ ਕਾਨੂੰਨ ਅ.ਫਸਪਾ 'ਤੇ ਕਾਂਗਰਸ ਦੇ ਪੱਖ ਦਾ ਵਿਰੋਧ ਕਰਦਿਆਂ ਕਿਹਾ ਕਿ ਕੋਈ ਵੀ 'ਅ.ਫਸਪਾ' ਨੂੰ ਖਤਮ ਨਹੀਂ ਕਰ ਸਕਦਾ ਅਤੇ ਭਾਜਪਾ ਸੁਰੱਖਿਆ ਸੈਨਾਵਾਂ ਦੇ ਸਮਰਥਨ ਵਿਚ ਚਟਾਨ ਵਾਂਗ ਖੜ੍ਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕਿਹਾ ਹੈ ਕਿ ਕਾਂਗਰਸ ਦਾ ਅਜਿਹਾ ਬਿਆਨ ਦੇਸ ਵਿਰੋਧੀ ਤਾਕਤਾਂ ਦੀ ਹਮਾਇਤ ਹੈ।



**ਕੀ ਹੈ ਕਾਲਾ ਕਾਨੂੰਨ ਅਫਸਪਾ ?**

ਕੇਂਦਰ ਵਿੱਚ ਪਹਿਲਾਂ ਵੀ ਅ.ਫਸਪਾ ਜਿਹਾ ਕਾਲ਼ਾ ਕਨੂੰਨ ਸੀ ਜਿਹੜਾ ਕਿ 1958 ਵਿੱਚ ਨਹਿਰੂ ਸਰਕਾਰ ਵੱਲੋਂ ਉੱਤਰ-ਪੂਰਬ ਵਿੱਚ ਘੱਟ ਗਿਣਤੀ ਕੌਮਾਂ, ਕਬੀਲਿਆਂ ਤੇ ਦਲਿਤਾਂ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਲਿਆਂਦਾ ਗਿਆ ਸੀ। ਇਹ ਕਾਲ਼ਾ ਕਾਨੂੰਨ ਵੀ ਫ਼ਿਰੰਗੀ ਹਕੂਮਤ ਤੋਂ ਵਿਰਾਸਤ ਵਿਚ ਮਿਲਿਆ ਸੀ। ਭਾਰਤੀ ਹਾਕਮ ਆਜ਼ਾਦੀ ਅਤੇ ਜਮਹੂਰੀਅਤ ਦੇ ਫੱਟੇ ਹੇਠ ਆਪਣੇ ਬਰਤਾਨਵੀਂ ਰਾਜ ਦੇ ਕਦਮ ਚਿੰਨ੍ਹਾਂ ਵਿਚੇ ਹੀ ਚੱਲ ਰਹੇ ਹਨ ਤੇ ਦੇਸ਼ ਦੇ ਵੱਖ ਵੱਖ ਖਿੱਤਿਆਂ ਦੇ ਘੱਟ ਗਿਣਤੀ ਕੌਮਾਂ, ਕਬੀਲਿਆਂ ਤੇ ਦਲਿਤਾਂ ਦੀਆਂ ਹੱਕੀ ਲਹਿਰਾਂ ਨੂੰ ਅਫਸਪਾ ਵਰਗੇ ਕਾਲੇ ਕਾਨੂੰਨਾਂ ਰਾਹੀਂ ਦਬਾ ਰਹੇ ਹਨ। ਵੱਖ ਵੱਖ ਕੇਂਦਰੀ ਸਰਕਾਰਾਂ ਕਾਂਗਰਸ ਤੇ ਭਾਜਪਾ ਨੇ ਅਫਸਪਾ ਨੂੰ ਕਾਇਮ ਹੀ ਨਹੀਂ ਰੱਖਿਆ, ਸਗੋਂ ਇਸ ਕਾਲੇ ਕਾਨੂੰਨ ਨੂੰ ਹੋਰ ਮਜ਼ਬੂਤ ਕੀਤਾ ਹੈ। ਯਾਦ ਰਹੇ ਕਿ 1942 ਦੇ ਲੋਕ ਉਭਾਰ ਨੂੰ ਕੁਚਲਣ ਲਈ ਅੰਗਰੇਜ਼ਾਂ ਨੇ "ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਐਕਟ-1942" ਜਾਰੀ ਕੀਤਾ ਸੀ ਅਤੇ ਫਿਰ ਇਸ ਦਾ ਕਾਲੇ ਕਾਨੂੰਨ ਵਜੋਂ ਲੋਕਾਂ ਨੂੰ ਗੁਲਾਮ ਰੱਖਣ ਦੇ ਲਈ ਤੇ ਲੋਕ ਹੱਕਾਂ ਨੂੰ ਦਬਾਉਣ ਦੇ ਲਈ ਇਸਤੇਮਾਲ ਵੀ ਕੀਤਾ ਗਿਆ ਸੀ। ਹੂਬਹੂ ਇਸੇ ਦੇ ਸਾਂਚੇ ਵਿਚ ਢਾਲ਼ ਕੇ 1958 ਵਿਚ ਭਾਰਤੀ ਸੰਸਦ ਵਿੱਚ ਇੱਕ ਬਿੱਲ ਉਸ ਸਮੇਂ ਦੇ ਗ੍ਰਹਿ ਮੰਤਰੀ ਗੋਵਿੰਦ ਵੱਲਭ ਪੰਤ ਰਾਹੀਂ ਪੇਸ਼ ਕੀਤਾ ਗਿਆ, ਜਿਹੜਾ ਪਾਸ ਹੋਣ ਮਗਰੋਂ 'ਹਥਿਆਰਬੰਦ ਬਲ (ਵਿਸ਼ੇਸ਼ ਅਧਿਕਾਰ) ਕਾਨੂੰਨ-1958' (ਏ. ਐਫ. ਐਸ. ਪੀ. ਏ.) ਬਣ ਗਿਆ। 1958 ਵਿੱਚ ਇਹ ਕਨੂੰਨ ਅਸਾਮ ਅਤੇ ਮਣੀਪੁਰ ਦੇ ਪੂਰਬੀ ਰਾਜਾਂ ਦੇ ਲਈ ਬਣਾਇਆ ਗਿਆ ਸੀ।



**ਨਾਗਾਲੈਂਡ ਦੀਆਂ ਔਰਤਾਂ ਅਫਸਫਾ ਵਿਰੁਧ ਅੰਦੋਲਨ ਕਰਦੀਆਂ ਹੋਈਆਂ**

1972 ਵਿਚ ਇਸੇ ਨੂੰ ਸੋਧ ਕੇ ਉੱਤਰ-ਪੂਰਬ ਦੇ ਸਾਰੇ ਰਾਜਾਂ- ਅਸਾਮ, ਮਣੀਪੁਰ, ਤ੍ਰਿਪੁਰਾ, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਮਿਜ਼ੋਰਮ ਅਤੇ ਨਗਾਲੈਂਡ ਵਿਚ ਲਾਗੂ ਕਰਨ ਦਾ ਐਲਾਨ ਕੀਤਾ ਗਿਆ। 1972 ਵਿਚ ਇੱਕ ਸੋਧ ਰਾਹੀਂ ਇਸ ਦਾ ਘੇਰਾ ਵਿਸ਼ਾਲ ਕਰਕੇ ਮੁਲਕ ਦੇ ਕਿਸੇ ਵੀ 'ਗੜਬੜ ਵਾਲੇ ਇਲਾਕੇ' ਵਿਚ ਅਫਸਪਾ ਨੂੰ ਲਾਗੂ ਕਰਨਯੋਗ ਬਣਾ ਦਿੱਤਾ ਗਿਆ ਸੀ। ਭਾਰਤੀ ਹਾਕਮਾਂ ਦੀ ਨਜ਼ਰ ਵਿਚ ਦੇਸ਼ ਦੇ ਉੱਤਰ-ਪੂਰਬ ਦੇ ਮੌਜੂਦਾ 7 ਸੂਬੇ (ਅਸਾਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮੀਜ਼ੋਰਮ, ਮਨੀਪੁਰ, ਤ੍ਰਿਪੁਰਾ, ਮੇਘਾਲਿਆ) ਗੜਬੜ ਵਾਲੇ ਇਲਾਕੇ ਹਨ, ਜੋ ਇਸ ਕਾਲੇ ਕਾਨੂੰਨ ਦਾ ਸ਼ਿਕਾਰ ਹਨ। ਇਸ ਤੋਂ ਇਲਾਵਾ 1990 ਤੋਂ ਅਫਸਪਾ ਜੰਮੂ-ਕਸ਼ਮੀਰ ਵਿਚ ਵੀ ਲਾਗੂ ਚੱਲਿਆ ਆ ਰਿਹਾ ਹੈ। ਇਸ ਕਾਲੇ ਕਾਨੂੰਨ ਤਹਿਤ ਮਨੀਪੁਰ ਅਤੇ ਉੱਤਰੀ-ਪੂਰਬੀ ਭਾਰਤ ਦੇ ਬਾਕੀ ਸੂਬਿਆਂ ਵਿਚ ਕੇਂਦਰੀ ਅਤੇ ਸੂਬਾਈ ਹਥਿਆਰਬੰਦ ਬਲਾਂ ਦੇ ਹੱਥੋਂ ਗ੍ਰਿਫਤਾਰੀਆਂ, ਕਤਲਾਂ, ਔਰਤਾਂ ਦੇ ਬਲਾਤਕਾਰਾਂ, ਮਨੁੱਖੀ ਅਧਿਕਾਰਾਂ ਦੇ ਘਾਣ ਇਸ ਗੱਲ ਦੇ ਗਵਾਹ ਹਨ। ਸੰਨ 2000 ਵਿਚ ਬੱਸ ਦੀ ਉਡੀਕ ਕਰ ਰਹੇ ਵੱਖ ਵੱਖ ਉਮਰ ਦੇ 10 ਵਿਅਕਤੀਆਂ ਨੂੰ ਆਸਾਮ ਰਾਈਫਲਜ਼ ਵੱਲੋਂ ਮਾਰੀਆਂ ਗੋਲੀਆਂ ਰਾਹੀਂ ਕੀਤੇ ਕਤਲ ਅਤੇ ਇਸ ਘਟਨਾ ਦੇ ਜੁਆਬ ਵਿਚ ਮਨੀਪੁਰ ਵਿਖੇ ਇਰੋਮ ਸ਼ਰਮੀਲਾ ਵੱਲੋਂ 16 ਵਰ੍ਹੇ ਲੰਮੀ ਭੁੱਖ ਹੜਤਾਲ ਰੱਖਣੀ ਪਈ ਸੀ। 2004 ਵਿਚ ਇੱਕ 34 ਸਾਲ ਦੀ ਔਰਤ ਥਾਂਗਜਮ ਮਨੋਰਮਾ ਦਾ ਕਤਲ ਕੀਤਾ ਗਿਆ, ਜਿਸ ਦੇ ਲਈ ਪੁਲੀਸ 'ਤੇ ਦੋਸ਼ ਲੱਗੇ। ਇਸ ਕਾਰਨ ਇੱਕ ਦਰਜਨ ਮਨੀਪੁਰੀ ਔਰਤਾਂ ਵੱਲੋਂ ਫੌਜੀ ਕੈਂਪ ਤੱਕ ਨਗਨ ਮੁਜ਼ਾਹਰਾ ਕੀਤਾ ਕਿ 'ਆਰਮੀ ਰੇਪ ਵਿਦ ਅਸ'। ਇਹ ਤਸਵੀਰਾਂ ਅਜੇ ਵੀ ਗੂਗਲ ਵਿਚ ਮੌਜੂਦ ਹਨ। ਪੁਲਿਸ ਵੱਲੋਂ ਤਿਆਰ ਲਿਖਤੀ ਚੌਖਟੇ ਵਿੱਚ ਮਾਮਲਾ ਲਿਆਉਣ ਦੀਆਂ ਕਿੰਨੀਆਂ ਝੂਠੇ ਬਿਰਤਾਂਤ ਇਤਿਹਾਸ ਵਿੱਚ ਦਰਜ ਹਨ ਜਿਨ੍ਹਾਂ ਵਿੱਚ ਪੁਲਿਸ ਮੁਲਾਜ਼ਮਾਂ ਦੀ ਗਵਾਹੀਆਂ ਅਤੇ ਬਰਾਮਦਗੀਆਂ ਦੀਆਂ ਕਹਾਣੀਆਂ ਵਿੱਚ ਸਿਰਫ਼ ਤਰੀਕਾਂ, ਨਾਮ ਅਤੇ ਥਾਂਵਾਂ ਬਦਲਦੀ ਹੈ। ਪੰਜਾਬ ਵਿਚ ਇਹੋ ਜਿਹੇ ਕਾਨੂੰਨ ਸਿੱਖਾਂ ਨੂੰ ਦਬਾਉਣ ਦੇ ਲਈ ਟਾਡਾ ਤੇ ਪੋਟਾ ਵਰਤੇ ਗਏ।

**ਕੌਮਾਂਤਰੀ ਪੱਧਰ 'ਤੇ ਮਸਲਾ ਉਠਿਆ-** ਅਫਸਪਾ ਬਾਰੇ ਕੌਮਾਂਤਰੀ ਪੱਧਰ 'ਤੇ ਵੀ ਨੁਕਤਾਚੀਨੀ ਹੋਈ ਹੈ ਅਤੇ ਜਮਹੂਰੀਅਤ ਬਾਰੇ ਹਾਕਮਾਂ 'ਤੇ ਸੁਆਲ ਉੱਠੇ ਹਨ। ਸੰਨ 1991 ਵਿੱਚ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਬਾਰੇ ਕਮੇਟੀ ਨੇ ਇਸ ਨੂੰ ਗੈਰ-ਸੰਵਿਧਾਨਕ ਆਖਿਆ ਹੈ। ਸੰਨ 1997 ਵਿਚ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਬਾਰੇ ਕਮੇਟੀ ਨੇ ਸੁਰੱਖਿਆ ਦਸਤਿਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਹੀ ਉਲੰਘਣਾ ਅਤੇ ਭਾਰਤ ਦੀ ਸਰਕਾਰ ਵੱਲੋਂ ਅਫਸਪਾ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਗਈ ਸੀ ਤੇ ਅਫਸਪਾ ਨੂੰ ਭਾਰਤੀ ਲੋਕਤੰਤਰ ਦਾ ਵਿਰੋਧੀ ਦੱਸਿਆ ਸੀ। ਪਰ ਭਾਰਤੀ ਹਾਕਮਾਂ ਨੇ ਕੌਮਾਂਤਰੀ, ਦਾਅਵਿਆਂ, ਅਸੂਲਾਂ ਅਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਸਬੰਧੀ ਕੌਮਾਂਤਰੀ ਸਮਝੌਤਿਆਂ ਨੂੰ ਹਮੇਸ਼ਾਂ ਅੱਖੋ ਪਰੋਖੇ ਕੀਤਾ ਹੈ। ਸੰਨ 2009 ਵਿੱਚ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਕਮਿਸ਼ਨਰ ਨੇ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਮਿਆਰਾਂ ਦੀ ਉਲੰਘਣਾ ਕਰਨ ਕਰਕੇ ਅ.ਫਸਪਾ ਦੀ ਨਿਖੇਧੀ ਕੀਤੀ ਸੀ ਅਤੇ ਇਸ ਨੂੰ ਰੱਦ ਕਰਨ ਬਾਰੇ ਜ਼ੋਰ ਪਾਇਆ ਸੀ। ਸੰਨ 2012 ਵਿਚ ਸੰਯੁਕਤ ਰਾਸ਼ਟਰ ਨੇ ਇੱਕ ਵਾਰ ਫਿਰ ਭਾਰਤੀ ਹਾਕਮਾਂ ਨੂੰ ਅਫਸਪਾ ਦਾ ਕਾਨੂੰਨੀ ਰੁਤਬਾ ਰੱਦ ਕਰਨ ਲਈ ਕਿਹਾ ਸੀ।

**ਅਫਸਪਾ ਮਨੁੱਖੀ ਅਧਿਕਾਰਾਂ ਵਿਰੁੱਧ ਕਾਨੂੰਨ-**

ਅਫਸਪਾ ਫੌਜ, ਕੇਂਦਰੀ ਹਥਿਆਰਬੰਦ ਬਲਾਂ ਅਤੇ ਸੂਬਾਈ ਪੁਲਸ ਨੂੰ ਕੇਂਦਰ ਜਾਂ ਸੂਬੇ ਦੀ ਸਰਕਾਰ ਵੱਲੋਂ ਐਲਾਨ ਕੀਤੇ ਗੜਬੜ ਵਾਲੇ ਇਲਾਕਿਆਂ ਵਿੱਚ ਅਥਾਹ "ਵਿਸ਼ੇਸ਼ ਸ਼ਕਤੀਆਂ" ਪ੍ਰਦਾਨ ਕਰਦਾ ਹੈ। ਇਸ ਅਨੁਸਾਰ ਕਿਸੇ ਵਿਅਕਤੀ ਨੂੰ, ਜਿਸ ਨੇ ਕੋਈ ਅਪਰਾਧ ਕੀਤਾ ਹੈ, ਜਾਂ ਕੀਤੇ ਜਾਣ ਦੀ ਸ਼ੱਕ ਹੈ, ਜੋ ਦਹਿਸ਼ਤਗਰਦ ਜਾਂ ਬਾਗੀ ਹੈ ਜਾਂ ਅਜਿਹਾ ਹੋ ਸਕਦਾ ਹੈ, ਬਿਨਾਂ ਵਾਰੰਟ ਗ੍ਰਿ.ਫਤਾਰ ਕੀਤਾ ਜਾ ਸਕਦਾ ਹੈ, ਕੁੱਟਮਾਰ ਕੀਤੀ ਜਾ ਸਕਦੀ ਹੈ ਜਾਂ ਗੋਲੀ ਤੱਕ ਮਾਰੀ ਜਾ ਸਕਦੀ ਹੈ। ਇਸੇ ਤਰ੍ਹਾਂ ਕਿਸੇ ਮਕਾਨ/ਇਮਾਰਤ ਆਦਿ ਨੂੰ ਢਾਹ ਦੇਣ ਦੀ ਸੁਰੱਖਿਆ ਫੋਰਸਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਹਥਿਆਰਬੰਦ ਬਲਾਂ ਦੇ ਕਿਸੇ ਵੀ ਵਿਅਕਤੀ 'ਤੇ ਕੇਂਦਰੀ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਕੋਈ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਪੰਜਾਬ, ਕਸ਼ਮੀਰ, ਮਨੀਪੁਰ, ਅਸਾਮ, ਨਾਗਾਲੈਂਡ ਵਿਚ ਇਹੀ ਕੁਝ ਵਾਪਰਦਾ ਰਿਹਾ ਹੈ। ਇਸੇ ਕਾਨੂੰਨ ਤਹਿਤ ਪੰਜਾਬ ਨੂੰ ਅਸ਼ਾਂਤ ਇਲਾਕਾ ਐਲਾਨਿਆ ਗਿਆ। ਕਾਲੇ ਕਨੂੰਨ ਅਫਸਪਾ ਦੀ ਧਾਰਾ-5 ਅਨੁਸਾਰ, ਫੌਜ ਜੇਕਰ ਅਸ਼ਾਂਤ ਇਲਾਕੇ ਵਿੱਚ ਕਿਸੇ ਵਿਅਕਤੀ ਨੂੰ ਗ੍ਰਿ.ਫਤਾਰ ਕਰਦੀ ਹੈ ਉਸ ਨੂੰ "ਜਿੰਨੀ ਜਲਦੀ ਹੋ ਸਕੇ" ਨੇੜਲੇ ਪੁਲਿਸ ਸਟੇਸ਼ਨ ਨੂੰ ਸੌਂਪ ਦੇਵੇਗੀ। ਪਰ ਇਸ "ਜਿੰਨੀ ਜਲਦੀ ਹੋ ਸਕੇ" ਨੂੰ ਅਸਪਸ਼ਟ ਰਹਿਣ ਦਿੱਤਾ ਗਿਆ ਹੈ। ਕਨੂੰਨ ਦੀ ਧਾਰਾ-6 ਅਨੁਸਾਰ, ਏ. ਐੱਫ. ਸੀ. ਪੀ. ਏ. ਤਹਿਤ ਕੰਮ ਕਰ ਰਹੀ ਫੌਜ ਦੇ ਕਿਸੇ ਵੀ ਵਿਅਕਤੀ 'ਤੇ ਕੇਂਦਰ ਸਰਕਾਰ ਦੀ ਆਗਿਆ ਬਿਨਾਂ ਕੋਈ ਕਨੂੰਨੀ ਕਾਰਵਾਈ ਨਹੀਂ ਹੋ ਸਕਦੀ। ਭਾਵੇਂ ਉਹਨਾਂ ਨੇ ਕਾਨੂੰਨ ਵਿਰੁੱਧ ਜਾ ਕੇ ਗੜਬੜ ਇਲਾਕੇ ਵਿਚ ਮਾਸੂਮਾਂ ਦੇ ਕਤਲ ਕਿਉਂ ਨਾ ਕੀਤੇ ਹੋਣ।

ਇਹ ਕਾਨੂੰਨ ਭਾਰਤੀ ਸੰਵਿਧਾਨ ਦੀ ਧਾਰਾ-21 ਦੀ ਖੁੱਲ੍ਹੀ ਉਲੰਘਣਾ ਹੈ, ਜਿਹੜੀ ਦੱਸਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸਦੇ ਜਿਉਣ ਦੇ ਹੱਕ ਜਾਂ ਨਿੱਜੀ ਅਜ਼ਾਦੀ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ ਹੈ।




**ਅਫਸਫਾ ਵਿਰੁਧ ਇੱਕ ਦਰਜਨ ਮਨੀਪੁਰੀ ਔਰਤਾਂ ਵੱਲੋਂ ਫੌਜੀ ਕੈਂਪ ਤੱਕ ਨਗਨ ਮੁਜ਼ਾਹਰਾ ਕੀਤਾ ਸੀ ਕਿ 'ਆਰਮੀ ਰੇਪ ਵਿਦ ਅਸ'**

ਅੰਮ੍ਰਿਤਸਰ ਟਾਈਮਜ਼
AMRITSAR TIMES
10 ਅਪ੍ਰੈਲ 2019 ਤੋਂ 16 ਅਪ੍ਰੈਲ 2019

# ਖਾਲਸੇ ਦੀ ਸਾਜਨਾ

-ਮਨਜੀਤ ਸਿੰਘ ਟਿਵਾਣਾ

ਸਾਡੇ ਕੋਲ ਹੁਣ ਤਕ ਪ੍ਰਾਪਤ ਮਾਨਵੀ ਇਤਿਹਾਸ ਵਿਚ ਵਿਸ਼ਵ ਭਰ ਦੇ ਕਈ ਕੋਨਿਆਂ ਵਿਚ ਵਾਪਰੇ ਇਨਕਲਾਬਾਂ-ਕ੍ਰਾਂਤੀਆਂ ਤੇ ਲਹਿਰਾਂ ਦੇ ਹਵਾਲੇ ਮਿਲਦੇ ਹਨ। ਸੰਸਾਰ-ਤਵਾਰੀਖ ਵਿਚ ਦਰਜ ਸਿੱਖ-ਇਨਕਲਾਬ ਦਾ ਇਕ ਉਹ ਸੁਨਹਿਰੀ ਪੰਨਾ ਹੈ, ਜਿਸ ਵਰਗਾ ਇਸ ਧਰਤੀ ਉਤੇ ਨਾ ਤਾਂ ਕਦੇ ਪਹਿਲਾਂ ਲਿਖਿਆ ਗਿਆ ਤੇ ਨਾ ਕਿਤੇ ਬਾਅਦ ਵਿਚ ਹੀ ਵਾਪਰਿਆ। ਇਹ ਸਭ ਇਸ ਕਰ ਕੇ ਕਿਹਾ ਜਾਂ ਲਿਖਿਆ ਨਹੀਂ ਜਾ ਰਿਹਾ ਕਿ ਅਸੀਂ ਆਪਣੇ ਧਰਮ ਪ੍ਰਤੀ ਉਲਾਰ ਹਾਂ, ਇਸ ਦੀ ਤਾਈਦ ਦੂਜੇ ਧਰਮਾਂ, ਕੌਮਾਂ ਅਤੇ ਦੇਸ਼ਾਂ ਦੇ ਦਾਰਸ਼ਨਿਕ, ਇਤਿਹਾਸਕਾਰ, ਵਿਦਵਾਨ ਤੇ ਲੇਖਕ ਅਕਸਰ ਕਰਦੇ ਆਏ ਹਨ। ਸਿੱਖ-ਇਨਕਲਾਬ ਇਸ ਧਰਤੀ ਉਤੇ ਵਾਪਰਿਆ ਅਸਲੋਂ ਹੀ ਇਕ ਨਿਆਰਾ ਤੇ ਅਲੌਕਿਕ ਵਰਤਾਰਾ ਹੈ, ਜਿਸ ਦੇ ਨਾਲ ਦੀ ਮਿਸਾਲ ਹੋਰ ਕਿਤੇ ਵੀ ਨਹੀਂ ਮਿਲਦੀ। ਮਾਨਵੀ ਇਤਿਹਾਸ ਵਿਚ ਕਿਤੇ ਵੀ ਪਹਿਲਾਂ ਸਿੱਖ ਗੁਰੂਆਂ ਵਰਗੀਆਂ ਮਹਾਨ ਰੂਹਾਂ ਨੇ ਸਫਰ ਨਹੀਂ ਕੀਤਾ ਜੋ ਇਕੋ ਵੇਲੇ ਮਨ, ਸਰੀਰ, ਸਮਾਜ, ਰਾਜਨੀਤੀ, ਧਰਮ ਅਤੇ ਰੂਹਾਨੀਅਤ ਦੇ ਲੌਕਿਕ ਤੇ ਪਰਾਲੌਕਿਕ ਅਨੁਭਵਾਂ ਦੀ ਬੁਲੰਦ ਅਵਸਥਾ 'ਤੇ ਪਹੁੰਚ ਕੇ ਦੀਨ ਤੇ ਦੁਨੀਆ ਦੇ ਤਮਾਮ ਸਵਾਲਾਂ ਨੂੰ ਸੰਬੋਧਨ ਹੋਈਆਂ ਹੋਣ। ਸਿੱਖ ਗੁਰੂ ਸਾਹਿਬਾਨ ਮਨੁੱਖੀ ਜ਼ਿੰਦਗੀ ਨਾਲ ਜੁੜੇ ਤਮਾਮ ਸਵਾਲਾਂ ਨੂੰ ਸਿਰਫ ਸੰਬੋਧਨ ਹੀ ਨਹੀਂ ਹੋਏ, ਸਗੋਂ ਉਨ੍ਹਾਂ ਤਮਾਮ ਮੁਸ਼ਕਲਾਂ ਤੋਂ ਪਾਰ ਪਾਉਣ ਲਈ ਸੁਚੱਜੀ ਜੀਵਨ-ਜਾਚ ਦਾ ਇਕ ਸਿੱਖ ਮਾਡਲ ਵੀ ਪੇਸ਼ ਕੀਤਾ ਅਤੇ ਅਮਲ ਵਿਚ ਲਾਗੂ ਵੀ ਕਰ ਕੇ ਦਿਖਾਇਆ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਸ਼ੁਰੂ ਕੀਤੇ ਸਿੱਖ-ਇਨਕਲਾਬ ਦੇ ਸਿਖਰਲੇ ਮਰਹਲੇ ਉਤੇ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ ਜੋ ਸਿੱਖ ਫਲਸਫੇ ਨੂੰ ਇਸ ਧਰਤੀ ਉਤੇ ਅਮਲੀ ਰੂਪ ਵਿਚ ਲਾਗੂ ਕਰਨ ਦੇ ਆਖਰੀ ਪੜਾਅ ਦੀ ਸ਼ੁਰੂਆਤ ਸੀ। ਇਸ ਤੋਂ ਬਾਅਦ ਖਾਲਸਾ ਰਾਜ ਦੀ ਸਥਾਪਨਾ ਕਰਨ ਲਈ ਜੰਗਾਂ-ਯੁੱਧਾਂ ਤੇ ਲਾਸਾਨੀ ਕੁਰਬਾਨੀਆਂ ਦਾ ਇਕ ਅਮੁੱਕ ਸਿਲਸਿਲਾ ਸ਼ੁਰੂ ਹੋਇਆ। ਇਹ ਸਭ ਪੜ੍ਹਦਿਆਂ-ਸੁਣਦਿਆਂ ਤੇ ਮਹਿਸੂਸ ਕਰਦਿਆਂ ਅਸੀਂ ਇਕ ਅਜਬ-ਵਿਸਮਾਦ ਦੇ ਰੰਗ ਵਿਚ ਰੰਗੇ ਜਾਂਦੇ ਹਾਂ। ਸਿੱਖ ਫਲਸਫੇ ਵਿਚ ਖਾਲਸਾ ਗੁਰੂ ਤੇ ਗੁਰੂ ਖਾਲਸਾ ਹੋ ਜਾਣ ਦੇ ਰੂਹਾਨੀ ਮਿਲਣ ਦੀ ਬਾਤ ਪਾਈ ਗਈ ਹੈ। ਗੁਰੂ-ਖਾਲਸਾ ਦੇ ਆਪਸ ਵਿਚ ਇਕਮਿੱਕ ਹੋਣ ਵਿਚ ਹੀ ਖਾਲਸੇ ਦੀ ਆਤਮਿਕ ਤੇ ਆਚਰਣ-ਵਿਹਾਰ ਦੀ ਬੁਲੰਦੀ ਦਾ ਭੇਦ ਛੁਪਿਆ ਹੈ। "ਖਾਲਸਾ ਅਕਾਲ ਪੁਰਖ ਕੀ ਫੌਜ।। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।।" ਖਾਲਸੇ ਦਾ ਸਿੱਧਾ ਪਰਮ-ਸੱਤਾ (ਅਕਾਲ ਪੁਰਖ) ਦੀ ਅਧੀਨਗੀ ਵਿਚ ਜਾ ਕੇ ਸੰਸਾਰਕ ਸੱਤਾ ਤੇ ਗੁਲਾਮੀਆਂ ਤੋਂ ਭੈਅ-ਮੁਕਤ ਹੋ ਕੇ ਆਪਣੀ ਆਜ਼ਾਦ ਹਸਤੀ ਦਾ ਮਾਲਕ ਆਪ ਹੋ ਜਾਣ ਦਾ ਲਖਾਇਕ ਹੈ। ਭਾਈ ਗੁਰਦਾਸ ਜੀ ਦਾ ਇਹ ਕਥਨ 'ਗੁਰ ਸੰਗਤ ਕੀਨੀ ਖਾਲਸਾ' ਇਸੇ ਗੱਲ ਵੱਲ ਸੰਕੇਤ ਕਰਦਾ ਹੈ ਕਿ ਬਾਦਸ਼ਾਹ ਦੀ ਸਾਰੀ ਜਾਇਦਾਦ ਵਾਂਗੂ ਸਿੱਖ ਸੰਗਤ ਸਿੱਧੇ ਰੂਪ ਵਿਚ ਗੁਰੂ ਨਾਲ ਜੁੜ ਕੇ ਤੇ ਫਿਰ ਅਕਾਲ ਪੁਰਖ ਨਾਲ ਜੁੜ ਕੇ ਖਾਲਸਾ ਹੋ ਗਈ ਹੈ। ਇਸ ਭੇਦ ਨੂੰ ਬੁੱਝਣ ਵਾਲਾ ਗੁਰੂ ਦਾ ਖਾਲਸਾ "ਕਬੀਰ ਮੁਹਿ ਮਰਨੇ ਕਾ ਚਾਉ" ਦਾ ਸੰਕਲਪ ਲੈ ਕੇ ਸ਼ਹਾਦਤ ਦੀ ਬੇਦੀ ਉਤੇ ਪਰਵਾਨ ਚੜ੍ਹਦਾ ਆਇਆ ਹੈ। ਤੱਤੀਆਂ ਤਵੀਆਂ ਉਤੇ ਬੈਠਣ, ਚਰਖੜੀਆਂ ਉਤੇ ਚੜ੍ਹਨ, ਦੇਗਾਂ ਵਿਚ ਉਬਲਣ, ਬੰਦ-ਬੰਦ ਕਟਵਾਉਣ ਅਤੇ ਨੀਹਾਂ ਵਿਚ ਚਿਣੇ ਜਾਣ ਦਾ ਸਾਡਾ ਇਤਿਹਾਸ ਇਸ ਦੀ ਸ਼ਾਹਦੀ ਭਰਦਾ ਹੈ।

ਵਿਕੀਪੀਡੀਆ ਵਿਚ ਖ਼ਾਲਸਾ ਸ਼ਬਦ ਦਾ ਮੂਲ ਅਰਬੀ ਭਾਸ਼ਾ ਦਾ ਸ਼ਬਦ ਖ਼ਾਲਿਸ ਦੱਸਿਆ ਗਿਆ ਹੈ ਜਿਸ ਦਾ ਅਰਥ ਪਾਕਿ, ਸ਼ੁੱਧ, ਬੇਐਬ ਜਾਂ ਬੇਦਾਗ਼ ਹੁੰਦਾ ਹੈ। ਖਾਲਸਾ ਦਾ ਅਰਥ ਉਹ ਜ਼ਮੀਨ ਵੀ ਲਿਆ ਜਾਂਦਾ ਹੈ ਜੋ ਨਿੱਜੀ ਬਾਦਸ਼ਾਹਤ ਵਾਲੀ ਹੋਵੇ। ਇਸ ਦਾ ਭਾਵ ਕਿ ਖਾਲਸਾ ਆਪਣੇ ਆਪ ਵਿਚ ਇਕ ਆਜ਼ਾਦ ਹਸਤੀ ਹੈ। ਮੈਕਾਲਿਫ ਅਨੁਸਾਰ 'ਖਾਲਸਾ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਖਾਲਿਸ' ਅਰਥਾਤ 'ਸ਼ੁੱਧ' ਵਿਚੋਂ ਨਿਕਲਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਸਿੱਖਾਂ ਲਈ ਇਹ ਸ਼ਬਦ ਵਰਤਿਆ ਹੈ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਛਕ ਲਈ ਭਾਵ ਸ਼ੁੱਧ ਹੋ ਗਏ ਅਤੇ ਸਿੱਧੇ ਤੌਰ 'ਤੇ ਅਕਾਲ ਪੁਰਖ ਨਾਲ ਜੁੜ ਗਏ ਜੋ ਕਿ 'ਖ਼ੁਦਮੁਖਤਿਆਰ' ਹੈ। ਸਿੱਖ ਕੌਮ ਨੇ ਇਸ ਸ਼ਬਦ ਦੇ ਮੂਲ ਅਰਥਾਂ ਨੂੰ ਇੰਨੀ ਸ਼ਿੱਦਤ ਨਾਲ ਅਪਣਾਇਆ ਤੇ ਜੀਵਿਆ ਕਿ ਇਹ ਸ਼ਬਦ ਅੱਜ ਸਿੱਖਾਂ ਲਈ ਹੀ ਰਾਖਵਾਂ ਹੋ ਗਿਆ ਹੈ। ਤਵਾਰੀਖ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਈ. ਦੀ ਵਿਸਾਖੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਚ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਸਾਜਿਆ ਸੀ। ਇਸ ਦਿਨ ਤੋਂ ਹੀ ਸਮੂਹ ਅੰਮ੍ਰਿਤਧਾਰੀ ਸਿੱਖਾਂ ਨੂੰ ਖ਼ਾਲਸਾ ਕਿਹਾ ਜਾਣ ਲੱਗਿਆ।

ਗੁਰੂ ਸਾਹਿਬ ਵੱਲੋਂ ਖਾਲਸੇ ਦੀ ਸਿਰਜਣਾ ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੇ ਸਿੱਖ-ਇਨਕਲਾਬ ਦਾ ਇਕ ਅਹਿਮ ਉਦੇਸ਼ ਸੀ। ਖਾਲਸਾ ਪੰਥ ਦੀ ਸਾਜਨਾ ਇਕ ਅਜਿਹਾ ਇਨਕਲਾਬ ਸੀ ਜਿਸ ਨੇ ਸਾਡੀ ਸਦੀਆਂ ਦੀ ਮਾਨਸਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਗੁਲਾਮੀ ਦਾ ਸਦਾ-ਸਦਾ ਲਈ ਫਸਤਾ ਵੱਢਣਾ ਸੀ। ਖਾਲਸੇ ਦੀ ਸਿਰਜਣਾ ਕਰਕੇ ਗੁਰੂ ਸਾਹਿਬ ਨੇ ਬਿਨਾ ਹੱਦਾਂ-ਸਰਹੱਦਾਂ ਦੇ ਅਜਿਹੇ ਰਾਜ ਭਾਗ ਦੀ ਸਥਾਪਨਾ ਕਰ ਦਿੱਤੀ ਸੀ, ਜਿਸ ਵਿਚ ਬਿਪਰਵਾਦੀ ਰਾਜ ਤੇ ਸਮਾਜ ਪ੍ਰਬੰਧ ਵਿਚ ਸਦੀਆਂ ਤੋਂ ਦੱਬੇ-ਕੁਚਲੇ ਅਤੇ ਲਿਤਾੜੇ ਗਏ ਲੋਕਾਂ ਨੂੰ ਇੱਜ਼ਤ ਤੇ ਸਵੈਮਾਣ ਨਾਲ ਜਿਉਣ ਦਾ ਮੌਕਾ ਮਿਲਿਆ। ਰਾਜਸੀ ਜਰਵਾਣਿਆਂ ਕੋਲੋਂ ਉਹ ਆਪਣੀ ਰਾਖੀ ਆਪ ਹੀ ਕਰ ਸਕਣ ਦੇ ਯੋਗ ਵੀ ਹੋਏ, ਸਗੋਂ ਦੂਜੇ ਪੀੜਤ ਲੋਕਾਂ ਦੀ ਮਦਦ ਕਰਨ ਦਾ ਮਾਣ ਵੀ ਖੱਟਿਆ। ਭਗਤੀ ਦੇ ਨਾਲ ਸ਼ਕਤੀ ਅਤੇ ਸ਼ਸਤਰਾਂ ਦੇ ਨਾਲ ਸ਼ਾਸਤਰਾਂ ਦੇ ਸੁਮੇਲ ਨੇ ਸਿੱਖਾਂ ਦੇ ਜੀਵਨ ਵਿਚ ਮੀਰੀ ਅਤੇ ਪੀਰੀ ਦਾ, ਸੰਤ ਅਤੇ ਸਿਪਾਹੀ ਦਾ ਅਨੂਠਾ ਜਲੌਅ ਭਰਿਆ। ਇਸ ਦੀ ਬਦੌਲਤ ਹੀ ਧਰਤੀ ਦੇ ਇਕ ਨਿੱਕੇ ਜਿਹੇ ਟੁਕੜੇ ਪੰਜਾਬ ਦੀ ਸਰਜ਼ਮੀਂ ਉਤੇ ਪੈਦਾ ਹੋਏ ਖਾਲਸੇ ਨੇ ਪੂਰੇ ਜਗਤ ਵਿਚ ਆਪਣੇ ਨਾਮ ਤੇ ਕਰਮ ਦਾ ਸਿੱਕਾ ਚਲਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਜਿਹੇ ਪੰਥ ਦੀ ਸਾਜਨਾ ਕੀਤੀ ਜੋ ਸਾਰੇ ਸੰਸਾਰ ਵਿਚ ਆਪਣੇ ਨਿਆਰੇਪਣ ਅਤੇ ਵਿਲੱਖਣਤਾ ਕਰ ਕੇ ਪਛਾਣਿਆ ਜਾਂਦਾ ਹੈ।

ਗੁਰੂ ਪਿਤਾ ਨੇ ਸਾਨੂੰ ਸਰਬ ਸਾਂਝੀਵਾਲਤਾ ਵਾਲੀ ਵਿਸ਼ਵ ਵਿਆਪੀ ਸੋਚ ਅਤੇ ਆਜ਼ਾਦ ਹਸਤੀ ਵਾਲੀ ਖਿਆਤੀ ਬਖ਼ਸ਼ੀ ਹੋਈ ਹੈ। ਸੱਚ 'ਤੇ ਪਹਿਰਾ ਦੇਣ ਦਾ ਸੰਦੇਸ਼ ਦਿੱਤਾ ਹੈ। ਇਸ ਵਿਸਾਖੀ ਦੇ ਦਿਹਾੜੇ ਉਤੇ ਸਾਨੂੰ ਸਭ ਨੂੰ ਸਰਬੰਸ ਦਾਨੀ ਗੁਰੂ ਦੇ ਬਚਨਾਂ ਨੂੰ ਆਤਮਸਾਤ ਕਰਦਿਆਂ ਆਪਣੇ ਇਤਿਹਾਸ ਨੂੰ ਗਹੁ ਨਾਲ ਪਰਖਣ ਅਤੇ ਭੈਅਮੁਕਤ ਹੋ ਕੇ ਸੱਚ ਦੇ ਮਾਰਗ ਉਤੇ ਤੁਰਨ ਦਾ ਅਹਿਦ ਕਰਨਾ ਹੀ ਸਹੀ ਮਾਅਨਿਆਂ ਵਿਚ ਖਾਲਸਾ ਸਾਜਨਾ ਦਿਵਸ ਮਨਾਉਣ ਦਾ ਸਾਰ ਤੱਤ ਹੈ।

# 'ਕਾਰ-ਸੇਵਾ' ਦੇ ਹਥੌੜੇ ਦਾ ਸ਼ਿਕਾਰ ਸਿੱਖ ਵਿਰਾਸਤ

**ਇਹ ਵੀ ਸੱਚ ਨਹੀਂ ਕਿ ਕਾਰ ਸੇਵਾ ਵਾਲੇ ਸਾਰੇ ਬਾਬੇ ਅਜਿਹੇ ਹਨ। ਬਾਬਾ ਜੀਵਨ ਸਿੰਘ, ਬਾਬਾ ਝੰਡਾ ਸਿੰਘ ਤੇ ਬਾਬਾ ਖੜਕ ਸਿੰਘ ਵਰਗੇ ਕਈ ਮਹਾਂਪੁਰਸ਼ ਹੋਏ ਹਨ, ਜਿਹਨਾਂ ਸਾਰੀ ਉਮਰ ਮੋਟਾ ਖੱਦਰ ਪਹਿਨਿਆਂ, ਸਿਰ 'ਤੇ ਟੋਕਰੇ ਢੋਹੇ ਤੇ ਪੰਥ ਦੀ ਚੜ੍ਹਦੀ ਕਲਾ ਲਈ ਗੁਰੂਘਰਾਂ ਤੋਂ ਇਲਾਵਾ ਅਨੇਕਾਂ ਸਕੂਲਾਂ, ਕਾਲਜਾਂ ਅਤੇ ਪੁਲਾਂ ਦੀ ਉਸਾਰੀ ਕਰਵਾਈ। ਸਿੱਖ ਇਤਿਹਾਸ ਨਾਲ ਸਬੰਧਿਤ ਇਮਾਰਤਾਂ ਨੂੰ ਨਵਿਆਉਣ ਜਾਂ ਮਜ਼ਬੂਤੀ ਦੇਣ ਖਾਤਰ ਭੰਨ-ਤੋੜ ਦੇਣਾ ਹੀ ਇਕੋ ਇਕ ਹੱਲ ਨਹੀਂ ਹੈ। ਅੱਜ ਵਿਗਿਆਨ ਦਾ ਯੁੱਗ ਹੈ, ਇਮਾਰਤ ਨੂੰ ਬਚਾਉਣ ਦੇ ਹੋਰ ਵੀ ਬਹੁਤ ਸਾਰੇ ਤਰੀਕੇ ਹਨ। ਹੁਣ ਤਾਂ ਪੂਰੀ ਦੀ ਪੂਰੀ ਇਮਾਰਤ ਨੂੰ ਖੱਗ ਕੇ ਨਵੀਂ ਥਾਂ ਸਥਾਪਿਤ ਕੀਤਾ ਜਾ ਸਕਦਾ ਹੈ।**



**ਬਲਰਾਜ ਸਿੰਘ ਸਿੱਧੂ**
ਸੀਨੀਅਰ ਪੁਲੀਸ ਅਫਸਰ
(+91 - 95011 - 00062)

ਆਖਰ ਅਸ਼ਵਮੇਧ ਯੱਗ ਦੇ ਘੋੜੇ ਵਾਂਗ ਬੇਲਗਾਮ ਦੌੜਦਾ ਕਾਰ ਸੇਵਾ ਵਾਲੇ ਬਾਬਿਆਂ ਦਾ ਹਥੌੜਾ ਦਰਬਾਰ ਸਾਹਿਬ (ਤਰਨ ਤਾਰਨ) ਦੀ ਇਤਿਹਾਸਿਕ ਦਰਸ਼ਨੀ ਡਿਉੜੀ ਨੂੰ ਨਸ਼ਟ ਕਰਦੇ ਕਰਦੇ ਰੋਕ ਹੀ ਦਿੱਤਾ ਗਿਆ। ਹੁਣ ਤਕ ਕਥਿਤ ਧਾਰਮਿਕ ਲੋਕਾਂ ਦੀ ਹਰ ਕਰਤੂਤ ਨੂੰ ਇਲਾਹੀ ਹੁਕਮ ਸਮਝ ਕੇ ਫੁੱਲ ਚੜ੍ਹਾਉਣ



ਵਾਲੇ ਲੋਕਾਂ ਨੂੰ ਵੀ ਸੋਝੀ ਆਉਣੀ ਸ਼ੁਰੂ ਹੋ ਗਈ ਹੈ। ਲੱਗਦਾ ਹੈ ਕਾਰ ਸੇਵਾ ਵਾਲਾ ਇਹ ਬਾਬਾ ਵਿਹਲਾ ਬੈਠਾ ਸੀ, ਕਿਸੇ ਪਾਸੇ ਤੋਂ ਮਾਇਆ ਮੋਹਣੀ ਨਹੀਂ ਆ ਰਹੀ ਹੋਣੀ, ਇਸੇ ਲਈ ਉਸ ਨੇ ਰਾਤ ਨੂੰ ਚੋਰਾਂ ਵਾਂਗ ਵਿਹਲੜਾਂ ਦੀ ਫੌਜ ਲਗਾ ਕੇ ਸਿੱਖ ਰਾਜ ਦੀ ਇਹ ਅਣਮੋਲ ਨਿਸ਼ਾਨੀ ਢਾਹੁਣ ਦੀ ਕੋਸ਼ਿਸ਼ ਕੀਤੀ। ਜੇ ਕਿਤੇ ਅਜਿਹੀ ਹਰਕਤ ਪਾਕਿਸਤਾਨ ਵਿੱਚ ਸਥਿਤ ਕਿਸੇ ਸਿੱਖ ਸਮਾਰਕ ਨਾਲ ਕੀਤੀ ਗਈ ਹੁੰਦੀ ਤਾਂ ਸਭ ਤੋਂ ਵੱਧ ਸੰਘ ਇਸੇ ਸਾਧ ਨੇ ਪਾੜਨਾ ਸੀ। ਅੱਜ ਵੀ ਇਸ ਬਾਬੇ ਨੂੰ ਜੇ ਇਸ ਦਰਸ਼ਨੀ ਡਿਉੜੀ ਦੇ ਇਤਿਹਾਸ ਬਾਰੇ ਪੁੱਛਿਆ ਜਾਵੇ ਤਾਂ ਇਹ ਆਸੇ ਪਾਸੇ ਝਾਕਣ ਲੱਗ ਪਏਗਾ। ਇਹਨਾਂ ਲੋਕਾਂ ਨੂੰ ਇੱਕ ਹੀ ਕੰਮ ਆਉਂਦਾ ਹੈ, ਇਤਿਹਾਸਿਕ ਨਿਸ਼ਾਨੀਆਂ ਦਾ ਸੋਨਾ ਅਤੇ ਮਾਰਬਲ ਚੇਪ ਕੇ ਗਲ ਘੁੱਟਣਾ। ਇਸ ਬਾਬੇ ਵੱਲੋਂ ਸੁਲਤਾਨਪੁਰ ਲੋਧੀ ਵਿਖੇ ਸਥਿਤ ਬੇਬੇ ਨਾਨਕੀ ਦੇ ਪਵਿੱਤਰ ਘਰ ਨੂੰ ਢਾਹੁਣ ਦੀ ਸੇਵਾ ਵੀ ਨਿਭਾਈ ਜਾ ਚੁੱਕੀ ਹੈ।

ਕਾਰ ਸੇਵਾ ਇੱਕ ਬਹੁਤ ਹੀ ਲਾਹੇਵੰਦਾ ਧੰਦਾ ਹੈ। ਇਮਾਰਤ ਬਣਾਉਣ ਲਈ ਸਾਰਾ ਸਮਾਨ (ਇੱਟਾਂ-ਸੀਮਿੰਟ ਆਦਿ) ਸ਼੍ਰੋਮਣੀ ਕਮੇਟੀ ਵੱਲੋਂ ਮੁਹੱਈਆ ਕੀਤਾ ਜਾਂਦਾ ਹੈ, ਬਾਬੇ ਦੀ ਸਿਰਫ ਲੇਬਰ ਹੁੰਦੀ ਹੈ। ਇਮਾਰਤ ਉਸਾਰਨ ਲਈ ਕੋਈ ਸਮਾਂ ਸੀਮਾ ਤੈਅ ਨਹੀਂ ਕੀਤੀ ਜਾਂਦੀ। ਸੇਵਾ ਪ੍ਰਾਪਤ ਹੁੰਦੇ ਸਾਰ ਬਾਬੇ ਪਿੰਡਾਂ ਵਿਚ ਹੋਕਾ ਫੇਰ ਦਿੰਦੇ ਹਨ ਕਿ ਫਲਾਣੇ ਗੁਰਦਵਾਰੇ ਦੀ ਕਾਰ ਸੇਵਾ ਚੱਲ ਰਹੀ ਹੈ। ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸੰਗਤਾਂ ਸਾਰੇ ਕੰਮ ਛੱਡ ਕੇ ਹੁੰਮ ਹੁੰਮਾ ਕੇ ਪਹੁੰਚ ਜਾਂਦੀਆਂ ਹਨ। ਨਾਲੇ ਲੋਕ ਮੁਫਤ ਦੀ ਮਜ਼ਦੂਰੀ ਕਰਦੇ ਹਨ, ਨਾਲੇ ਬਾਬਿਆਂ ਦੇ ਟੋਕਰੇ ਮਾਇਆ ਨਾਲ ਭਰ ਦਿੰਦੇ ਹਨ। ਝਬਾਲ ਦੇ ਇਕ ਇਤਿਹਾਸਿਕ ਗੁਰਦੁਆਰੇ ਦੇ ਪ੍ਰਬੰਧਕ ਨੇ ਇਲਾਕੇ ਦੇ ਪ੍ਰਸਿੱਧ ਕਾਰ ਸੇਵਕ ਬਾਬੇ ਨੂੰ ਪੁੱਛਿਆ ਕਿ ਅਸੀਂ ਗੁਰਦਵਾਰੇ ਦੀ ਛੱਤ ਬਦਲਣੀ ਹੈ, ਕਿੰਨਾ ਕੁ ਖਰਚਾ ਆਵੇਗਾ? ਪਹਿਲਾਂ ਤਾਂ ਬਾਬੇ ਨੇ ਜ਼ੋਰ ਲਗਾਇਆ ਕਿ ਕਾਰ ਸੇਵਾ ਮੈਨੂੰ ਦੇ ਦੇ, ਤੂੰ ਐਵੇਂ ਕਿੱਥੇ ਖਪਦਾ ਫਿਰੇਂਗਾ? ਪ੍ਰਬੰਧਕ ਨੂੰ ਪਤਾ ਸੀ ਕਿ ਇਸ ਨੇ ਤਾਂ ਪੱਕਾ ਕਬਜ਼ਾ ਕਰ ਕੇ ਬੈਠ ਜਾਣਾ ਹੈ। ਉਹ ਨਾ ਮੰਨਿਆ ਤਾਂ ਬਾਬੇ ਨੇ ਸਮਝਾਇਆ ਕਿ ਖਰਚਾ ਕਾਹਦਾ, ਸਗੋਂ ਪੈਸੇ ਬਚਣਗੇ। ਤੂੰ ਦੋ ਕੁ ਮਜ਼ਦੂਰ ਤੇ ਇੱਕ ਮਿਸਤਰੀ ਲਗਾ ਤੇ ਸਾਰੇ ਇਲਾਕੇ ਵਿਚ ਰੌਲਾ ਪਾ ਦੇ ਕਿ ਕਾਰ ਸੇਵਾ ਚੱਲ ਰਹੀ ਹੈ, ਵੇਖ ਲੋਕ ਕਿਵੇਂ ਨੋਟ ਢੇਰੀ ਕਰਦੇ ਹਨ।

ਪੱਛਮੀ ਦੇਸ਼ਾਂ ਵਿੱਚ ਰਾਜ ਮਿਸਤਰੀ ਵੀ ਬਣਨਾ ਹੋਵੇ ਤਾਂ ਡਿਪਲੋਮਾ ਹਾਸਲ ਕਰਨਾ ਪੈਂਦਾ ਹੈ। ਪਰ ਸਾਡੇ ਇੱਥੇ ਇੰਜੀਨੀਅਰ ਤੋਂ ਲੈ ਕੇ ਡਾਕਟਰ ਤਕ ਬਿਨਾ ਕੋਈ ਕੋਰਸ ਕੀਤੇ ਬਣਿਆ ਜਾ ਸਕਦਾ ਹੈ। ਕਾਰ ਸੇਵਾ ਵਾਲੇ ਬਾਬੇ ਵੀ ਜਿਆਦਾਤਰ ਅਨਪੜ੍ਹ ਹੀ ਹੁੰਦੇ ਹਨ। ਉਹਨਾਂ ਨੂੰ ਸਿੱਖਾਂ ਦੇ ਗੌਰਵਸ਼ਾਲੀ ਇਤਿਹਾਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਤਿਹਾਸਿਕ ਮਹੱਤਵ ਦੀ ਕੋਈ ਇਮਾਰਤ ਢਾਹੁਣ ਲੱਗਿਆਂ ਇਹਨਾਂ ਨੂੰ ਭੋਰਾ ਦਰਦ ਨਹੀਂ ਆਉਂਦਾ। ਸਿੱਖ ਧਰਮ ਦੁਨੀਆ ਦਾ ਸਭ ਤੋਂ ਨਵੀਨ ਧਰਮ ਹੈ, ਪਰ ਅੱਜ ਦੀਵਾ ਲੈ ਕੇ ਵੀ ਕਿਸੇ ਗੁਰੂ ਸਾਹਿਬ ਦਾ ਘਰ ਜਾਂ ਹੋਰ ਨਿਸ਼ਾਨੀ ਨਹੀਂ ਲੱਭਦੀ। ਸਭ ਕੁਝ ਬਾਬਿਆਂ ਦੇ ਹਥੌੜੇ ਦੀ ਮਾਰ ਹੇਠ ਆ ਕੇ ਨਸ਼ਟ ਹੋ ਚੁੱਕਾ ਹੈ। ਸਰਹਿੰਦ ਦਾ ਠੰਢਾ ਬੁਰਜ, ਚਮਕੌਰ ਸਾਹਿਬ ਦੀ ਗੜ੍ਹੀ, ਬਾਬਾ ਬੋਤਾ ਸਿੰਘ - ਬਾਬਾ ਗਰਜਾ ਸਿੰਘ ਦਾ ਅਸਥਾਨ ਅਤੇ ਛੋਟੇ ਤੇ ਵੱਡੇ ਘੱਲੂਘਾਰੇ ਆਦਿ ਨਾਲ ਸਬੰਧਿਤ ਸਾਰੀਆਂ ਨਿਸ਼ਾਨੀਆਂ ਮਾਰਬਲ ਥੱਲੇ ਦਫਨ ਕਰ ਦਿੱਤੀਆਂ ਗਈਆਂ ਹਨ। ਗੁਰਦਵਾਰਾ ਬਾਬਾ ਅਟੱਲ ਸਾਹਿਬ ਵਰਗੀ ਜਿਹੜੀ ਇਮਾਰਤ ਇਹ ਨਹੀਂ ਢਾਹ ਸਕਦੇ, ਉਸ ਵਿਚਲੀ ਪੁਰਾਤਨ ਚਿੱਤਰਕਾਰੀ ਕੂਚੀ ਫੇਰ ਕੇ ਨਸ਼ਟ ਕਰ ਦਿੰਦੇ ਹਨ।

ਇਹਨਾਂ ਸੂਰਮਿਆਂ ਨੇ ਤਾਂ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚਲੀਆਂ ਪੁਰਾਤਨ ਬੇਰੀਆਂ ਨੂੰ ਵੀ ਖਤਮ ਕਰਨ ਦੀ ਕਸਰ ਨਹੀਂ ਸੀ ਛੱਡੀ। ਬੇਵਕੂਫ ਤੋਂ ਬੇਵਕੂਫ ਇਨਸਾਨ ਨੂੰ ਵੀ ਪਤਾ ਹੈ ਕਿ ਦਰੱਖਤ ਨੂੰ ਵਧਣ ਫੁੱਲਣ ਲਈ ਹਵਾ, ਪਾਣੀ ਅਤੇ ਮਿੱਟੀ ਦੀ ਜਰੂਰਤ ਹੁੰਦੀ ਹੈ। ਇਹਨਾਂ ਨੇ ਬੇਰੀਆਂ ਦੀਆਂ ਜੜ੍ਹਾਂ ਨੂੰ ਇਸ ਤਰ੍ਹਾਂ ਮਾਰਬਲ ਨਾਲ ਢੱਕਿਆ ਕਿ ਵਿਚਾਰੀਆਂ ਮਰਨ ਕਿਨਾਰੇ ਪਹੁੰਚ ਗਈਆਂ। ਭਲਾ ਹੋਵੇ ਸ਼੍ਰੋਮਣੀ ਕਮੇਟੀ ਦੇ ਕਿਸੇ ਸਿਆਣੇ ਅਹੁਦੇਦਾਰ ਦਾ, ਜਿਸ ਨੇ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਇਮਦਾਦ ਨਾਲ ਉਹਨਾਂ ਨੂੰ ਮਰਨੋਂ ਬਚਾਇਆ। ਜਦੋਂ ਜੜ੍ਹਾਂ ਨਾਲੋਂ ਮਾਰਬਲ ਹਟਾ ਕੇ ਖਾਦ ਪਾਣੀ ਦਿੱਤਾ ਗਿਆ ਤਾਂ ਉਹ ਦੁਬਾਰਾ ਫਲ ਦੇਣ ਲੱਗ ਪਈਆਂ। ਇਕੱਲੀਆਂ ਇਹ ਬੇਰੀਆਂ ਹੀ ਨਹੀਂ, ਸਗੋਂ ਹਰੇਕ ਗੁਰਦਵਾਰੇ ਦੀ ਪਰਕਰਮਾ ਵਿੱਚ ਲੱਗੇ ਦਰਖਤਾਂ ਦੀਆਂ ਜੜ੍ਹਾਂ ਇਸੇ ਤਰ੍ਹਾਂ ਮਾਰਬਲ ਨਾਲ ਢਕ ਦਿੱਤੀਆਂ ਗਈਆਂ ਹਨ।

ਸੰਨ 1965-66 ਲਾਗੇ ਦਰਬਾਰ ਸਾਹਿਬ ਤਰਨ ਤਾਰਨ ਦੀ ਪਰਕਰਮਾ ਵਿਚ ਅੰਬਾਂ ਦੇ ਅਨੇਕਾਂ ਹਰੇ ਭਰੇ ਦਰੱਖਤ ਹੁੰਦੇ ਸਨ ਜਿਹਨਾਂ ਦੀ ਠੰਢੀ ਛਾਂ ਹੇਠ ਲੋਕ ਦੁਪਹਿਰ ਕੱਟਿਆ ਕਰਦੇ ਸਨ। ਉਹ ਵੀ ਸਾਰੇ ਸਾਫ ਕਰ ਕੇ ਮਾਰਬਲ ਚੇਪ ਦਿੱਤਾ ਗਿਆ ਹੈ।

ਕਾਰ ਸੇਵਾ ਵਾਲੇ ਬਾਬਿਆਂ ਦਾ ਇੱਕ ਵਰਤਾਰਾ ਸਭ ਨੇ ਵੇਖਿਆ ਹੋਵੇਗਾ ਕਿ ਇਹ ਕਾਰ ਸੇਵਾ ਨੂੰ ਮੁਕੰਮਲ ਕਰਨ ਵਿਚ ਬਿਲਕੁਲ ਰੁਚੀ ਨਹੀਂ ਰੱਖਦੇ। ਕਾਰਨ, ਕੰਮ ਪੂਰਾ ਹੁੰਦੇ ਸਾਰ ਚੜ੍ਹਾਵਾ ਆਉਣਾ ਬੰਦ ਹੋ ਜਾਂਦਾ ਹੈ। ਇੱਕ ਦੋ ਮਿਸਤਰੀ ਲਗਾ ਕੇ ਸਾਲਾਂ ਬੱਧੀ ਟੁੱਕ ਟੁੱਕ ਕਰਦੇ ਰਹਿੰਦੇ ਹਨ। ਇੱਕ ਬਾਬੇ ਨੂੰ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਲੱਕੜ ਦੇ ਨਵੇਂ ਦਰਵਾਜ਼ੇ ਬਣਾਉਣ ਦੀ ਸੇਵਾ ਮਿਲੀ ਸੀ। ਕਈ ਸਾਲ ਜੂੰ ਚਾਲੇ ਕੰਮ ਚੱਲਦਾ ਰਿਹਾ। ਇਸ ਸਬੰਧੀ ਅਖਬਾਰਾਂ ਵਿਚ ਵੀ ਰੌਲਾ ਪਿਆ ਸੀ। ਜਦੋਂ ਪਾਣੀ ਸਿਰ ਤੋਂ ਲੰਘ ਗਿਆ ਤਾਂ ਕਿਤੇ ਜਾ ਕੇ ਉਸ ਨੂੰ ਰਹਿਮ ਆਇਆ ਤੇ ਦਰਵਾਜ਼ੇ ਮੁਕੰਮਲ ਹੋਏ। ਹਰਿਮੰਦਰ ਸਾਹਿਬ ਦੇ ਸਰੋਵਰ ਦੀ ਅਖੀਰਲੀ ਸਫਾਈ ਸੰਨ 2004 ਵਿੱਚ ਹੋਈ ਸੀ। ਕਿਉਂਕਿ ਹੁਣ ਸਰੋਵਰ ਵਿਚ ਫਿਲਟਰ ਲੱਗ ਚੁੱਕੇ ਹਨ, ਇਸ ਲਈ ਸ਼ਾਇਦ ਦੁਬਾਰਾ ਸਫਾਈ ਦੀ ਜਰੂਰਤ ਨਾ ਪਵੇ। ਜਦੋਂ ਕਾਰ ਸੇਵਾ ਸ਼ੁਰੂ ਹੋਈ ਤਾਂ ਸੰਗਤਾਂ ਦੇ ਅਥਾਹ ਜੋਸ਼ ਅੱਗੇ ਸਰੋਵਰ ਵੀ ਛੋਟਾ ਪੈ ਗਿਆ। ਸੰਗਤਾਂ ਨੇ ਇੱਕ ਦਿਨ ਵਿੱਚ ਹੀ ਅੱਧਾ ਸਰੋਵਰ ਸਾਫ ਕਰ ਦਿੱਤਾ। ਕਾਰ ਸੇਵਾ ਵਾਲੇ ਬਾਬੇ ਨੂੰ ਫਿਕਰ ਪੈ ਗਿਆ ਕਿ ਜੇ ਇਹ ਸਫਾਈ ਦੋ-ਤਿੰਨ ਦਿਨ ਵਿੱਚ ਮੁਕੰਮਲ ਹੋ ਗਈ ਤਾਂ ਮਾਇਆ ਦੇ ਗੱਫੇ ਕਿੱਥੋਂ ਆਉਣਗੇ? ਉਸ ਨੇ ਕੋਈ ਬਹਾਨਾ ਬਣਾ ਕੇ ਕਈ ਦਿਨ ਸੇਵਾ ਬੰਦ ਰੱਖੀ। ਜਦੋਂ ਗੋਲਕਾਂ ਨੱਕੋ ਨੱਕ ਭਰ ਗਈਆਂ ਤਾਂ ਕਿਤੇ ਜਾ ਕੇ ਦੁਬਾਰਾ ਸੇਵਾ ਸ਼ੁਰੂ ਕਰਵਾਈ ਗਈ।

ਬਾਬਿਆਂ ਮੁਤਾਬਕ ਕਾਰ ਸੇਵਾ ਦਾ ਮਤਲਬ ਹੈ ਸਿਰਫ ਗੁਰਦਵਾਰਿਆਂ ਦੀ ਤੋੜ ਭੰਨ ਅਤੇ ਨਵ ਉਸਾਰੀ। ਜਦ ਕਿ ਕਾਰ ਸੇਵਾ ਦਾ ਅਸਲੀ ਮਤਲਬ ਹੈ ਇਨਸਾਨੀਅਤ ਦੀ ਸੇਵਾ, ਨਰ ਸੇਵਾ - ਨਰਾਇਣ ਸੇਵਾ। ਕਦੇ ਕਿਸੇ ਕਾਰ ਸੇਵਾ ਵਾਲੇ ਬਾਬੇ ਨੇ ਕੋਈ ਜਰਜਰ ਹਾਲਤ ਸਰਕਾਰੀ ਸਕੂਲ, ਕਾਲਜ, ਹਸਪਤਾਲ, ਬਿਰਧਘਰ ਜਾਂ ਯਤੀਮਖਾਨਾ ਤੋੜ ਕੇ ਨਵਾਂ ਉਸਾਰਿਆ ਹੈ? ਅਜਿਹਾ ਲੋਕ ਭਲਾਈ ਦਾ ਕੰਮ ਕਰਨ ਦਾ ਕੋਈ ਫਾਇਦਾ ਨਹੀਂ, ਪੱਲਿਉਂ ਪੈਸੇ ਖਰਚਣੇ ਪੈਣੇ ਹਨ। ਇਹ ਵੀ ਸਚਾਈ ਹੈ ਕਿ ਸਾਡੀ ਕੌਮ ਅਜਿਹੇ ਕਿਸੇ ਚੰਗੇ ਕੰਮ ਲਈ ਦਾਨ ਦੱਖਣਾ ਨਹੀਂ ਦਿੰਦੀ। ਵੇਖਣ ਵਿੱਚ ਆਇਆ ਹੈ ਕਿ ਗੁਰਦਵਾਰਿਆਂ ਦੀ ਕਾਰ ਸੇਵਾ ਸਮੇਂ ਸ਼ਰਧਾਲੂ ਨਵੇਂ ਟਰੱਕ, ਸਣੇ ਸਰੀਆ-ਸੀਮਿੰਟ ਦੇ ਬਾਬਿਆਂ ਨੂੰ ਦਾਨ ਕਰ ਜਾਂਦੇ ਹਨ। ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸਮੇਂ ਬਾਬੇ ਨੂੰ ਬੰਬਈ ਦੇ ਇੱਕ ਹੀ ਸ਼ਰਧਾਵਾਨ ਨੇ 5-6 ਨਵੀਆਂ ਬਲੈਰੋ ਗੱਡੀਆਂ ਦਾਨ ਦਿੱਤੀਆਂ ਸਨ, ਹੋਰ ਪਤਾ ਨਹੀਂ ਕੀ ਕੁਝ ਆਇਆ ਹੋਵੇਗਾ।

ਕਾਰ ਸੇਵਾ ਕਿੰਨਾ ਮੁਨਾਫਾ-ਬਖਸ਼ ਕੰਮ ਹੈ, ਇਹ ਇਹਨਾਂ ਬਾਬਿਆਂ ਦੇ ਆਲੀਸ਼ਾਨ ਡੇਰਿਆਂ ਨੂੰ

ਬਾਕੀ ਸਫ਼ਾ 36 'ਤੇ

# ਵਿਰਾਸਤੀ ਇਮਾਰਤਾਂ ਨੂੰ ਕਾਰ ਸੇਵਾ ਦੇ ਨਾਮ ’ਤੇ ਮਲੀਆਮੇਟ ਕਰ ਦੇਣਾ ਸਿੱਖ ਪੰਥ ਦਾ ਦੁਖਾਂਤ

**ਸ਼੍ਰੋਮਣੀ ਕਮੇਟੀ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੇ ਵਿਰਾਸਤ ਬਾਰੇ ਤੈਅ ਕਰਨੇ ਪੈਣਗੇ ਸਿਧਾਂਤ**

## ਅੰਮ੍ਰਿਤਸਰ ਟਾਈਮਜ਼ ਵਿਸ਼ੇਸ਼

ਕਾਰ ਸੇਵਾ ਦੇ ਨਾਮ ’ਤੇ ਸਿੱਖ ਵਿਰਾਸਤ ਦਾ ਘਾਣ ਪੰਥਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਠੰਢੇ ਬੁਰਜ, ਕੱਚੀ ਗੜ੍ਹੀ, ਆਨੰਦਪੁਰ ਸਾਹਿਬ ਦੇ ਕਿਲੇ ਅਤੇ ਹੋਰ ਕਈ ਵਿਰਾਸਤੀ ਇਮਾਰਤਾਂ ਨੂੰ ਕਾਰ ਸੇਵਾ ਦੇ ਨਾਮ ’ਤੇ ਮਲੀਆਮੇਟ ਕਰ ਦੇਣਾ ਸਿੱਖ ਪੰਥ ਦਾ ਦੁਖਾਂਤ ਹੈ। ਕੁਝ ਸਮਾਂ ਪਹਿਲਾਂ ਸੁਲਤਾਨਪੁਰ ਵਿਖੇ ਸਥਿਤ ਬੇਬੇ ਨਾਨਕੀ ਦਾ ਜੱਦੀ ਘਰ ਵੀ ਢਾਹ ਦਿੱਤਾ ਗਿਆ ਸੀ। ਇਹ ਸਿਲਸਿਲਾ ਅਜੇ ਖਤਮ ਨਹੀਂ ਹੋਇਆ, ਕਿਉਂਕਿ ਸ਼੍ਰੋਮਣੀ ਕਮੇਟੀ ਨੇ ਸਿੱਖ ਵਿਰਾਸਤ ਨੂੰ ਕਾਇਮ ਰੱਖਣ ਲਈ ਕੋਈ ਪਾਲਿਸੀ ਨਹੀਂ ਬਣਾਈ।

ਯਾਦ ਰਹੇ ਕਿ ਹਾਲ ਹੀ ‘ਚ ਤਰਨ ਤਾਰਨ ਦਰਬਾਰ ਸਾਹਿਬ ਅੱਗੇ 200 ਸਾਲ ਪਹਿਲਾਂ ਦੀ ਬਣੀ ਹੋਈ ਦਰਸ਼ਨੀ ਡਿਉਢੀ ਬਾਬਾ ਜਗਤਾਰ ਸਿੰਘ ਨੇ ਕਾਰ ਸੇਵਾ ਦੇ ਨਾਮ ’ਤੇ ਢਾਹ ਦਿੱਤੀ ਅਤੇ ਜਦੋਂ ਕੁਝ ਸੰਗਤਾਂ ਰੋਕਣ ਆਈਆਂ ਤਾਂ ਬਾਬੇ ਦੇ ਹਥਿਆਰਬੰਦ ਸੇਵਕਾਂ ਨੇ ਉਹਨਾਂ ਦੀ ਕੁੱਟ-ਮਾਰ ਕੀਤੀ ਤੇ ਜ਼ਖ਼ਮੀ ਕਰ ਦਿੱਤਾ। ਜਦੋਂ ਆਲੇ ਦੁਆਲੇ ਸੰਗਤਾਂ ਨੂੰ ਪਤਾ ਲੱਗਿਆ ਤਾਂ ਬਾਬਾ ਜਗਤਾਰ ਸਿੰਘ ਤੇ ਉਸ ਦੀਆਂ ਫੌਜਾਂ ਨੂੰ ਪੁਲੀਸ ਦੀ ਹਾਜ਼ਰੀ ਵਿਚ ‘ਕਾਰ ਸੇਵਾ’ ਵਿਚੇ ਛੱਡ ਕੇ ਭੱਜਣਾ ਪਿਆ। ਸ਼ੋਸ਼ਲ ਮੀਡੀਆ ਰਾਹੀਂ ਇਹ ਦੁਖਾਂਤ ਪੂਰੇ ਵਿਸ਼ਵ ਵਿਚ ਸਿੱਖਾਂ ਦੇ ਸਾਹਮਣੇ ਆ ਗਿਆ ਤੇ ਸਿੱਖ ਜਗਤ ਵਿਚ ਇਸ ਬਾਰੇ ਨਿਖੇਧੀ ਹੋਣ ਲੱਗੀ। ਅਗਲੇ ਦਿਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੰਗਤ ਅੰਦਰ ਉਪਜੇ ਰੋਹ ਦੀ ਸਮਝ ਆਈ ਤਾਂ ਉਸ ਨੇ ਗੋਗਲੂਆਂ ਤੋਂ ਮਿੱਟੀ ਝਾੜਦਿਆਂ ਤੁਰੰਤ ਦਰਬਾਰ ਸਾਹਿਬ ਦੇ ਮੈਨੇਜਰ ਦੀ ਬਦਲੀ ਹਰਿਆਣੇ ਵਿਚਲੇ ਜੀਂਦ ਦੇ ਗੁਰਦੁਆਰਾ ਸਾਹਿਬ ਦੀ ਕਰ ਦਿੱਤੀ ਤੇ ਬਾਬੇ ਜਗਤਾਰ ਸਿੰਘ ਤੋਂ ਵਾਪਸ ਲੈ ਲਈ। ਅਖ਼ਬਾਰਾਂ ਵਿਚ ਖਬਰਾਂ ਲੱਗੀਆਂ ਕਿ ਸ਼੍ਰੋਮਣੀ ਕਮੇਟੀ ਨੇ ਕਰੜਾ ਐਕਸ਼ਨ ਲਿਆ ਹੈ। ਬਾਬਾ ਜਗਤਾਰ ਸਿੰਘ ਦਾ ਮੰਨਣਾ ਹੈ ਕਿ ਉਸ ਕੋਲ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਸੀ। ਪਰ ਸ਼੍ਰੋਮਣੀ ਕਮੇਟੀ ਬਾਬੇ ਦੀ ਗੱਲ ਨੂੰ ਰੱਦ ਕਰ ਰਹੀ ਹੈ। ਹੁਣ ਸ਼੍ਰੋਮਣੀ ਕਮੇਟੀ ਨੇ ਆਪਣੀ ਜਾਂਚ ਕਮੇਟੀ ਬਣਾ ਦਿੱਤੀ ਹੈ, ਉਹ ਕੀ ਐਕਸ਼ਨ ਲੈ ਸਕਦੀ ਹੈ? ਜੇਕਰ ਜਾਂਚ ਕਮੇਟੀ ਬਣਾਉਣੀ ਸੀ ਤਾਂ ਸਿਆਣੇ ਬੁੱਧੀਜੀਵੀਆਂ ਦੀ ਬਣਾਉਣੀ ਚਾਹੀਦੀ ਸੀ, ਜੋ ਕਾਨੂੰਨ, ਵਿਰਾਸਤ ਬਾਰੇ ਗਿਆਨ ਰੱਖਦੇ ਹੋਣ ਤੇ ਨਿਰਪੱਖ ਹੋਣ। ਇਹ ਦਰਸ਼ਨੀ ਡਿਉਢੀ ਇਤਿਹਾਸਕ ਹੈ। ਇਸ ਨੂੰ ਸ਼੍ਰੋਮਣੀ ਕਮੇਟੀ ਨੇ ਨਹੀਂ ਬਣਾਇਆ, ਜਿਸ ਨੂੰ ਉਹ ਢਾਹ ਸਕੇ। ਇਹ ਇਤਿਹਾਸਕ ਇਮਾਰਤ ਮਾਹਾਰਾਜ ਰਣਜੀਤ ਸਿੰਘ ਦੇ ਰਾਜ ਵਿਚ ਉਹਨਾਂ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੇ ਸੰਗਤਾਂ ਦੇ ਸਹਿਯੋਗ ਨਾਲ ਉਸਾਰੀ ਸੀ। ਇਹ ਖਾਲਸਾ ਰਾਜ ਦੀ ਵਿਰਾਸਤ ਸੀ। ਇਸ ਦਾ ਦਰਜਾ ਵਿਰਾਸਤ ਵਾਂਗ ਕਾਇਮ ਸੀ। ਪਰ ਇਸ ਵਿਰਾਸਤ ਦੇ ਇਤਿਹਾਸਕ ਮੁੱਲ ਬਾਰੇ ਨਾ ਸ਼੍ਰੋਮਣੀ ਕਮੇਟੀ ਨੂੰ ਗਿਆਨ ਹੈ ਤੇ ਨਾ ਹੀ ਬਾਬਿਆਂ ਨੂੰ।

ਇੱਥੇ ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਪਿਛਲੇ ਸਾਲ ਕੋਈ ਮਤਾ ਪਾਸ ਕਰ ਦਿੱਤਾ ਕਿ ਤਰਨ ਤਾਰਨ ਵਾਲੇ ਦਰਬਾਰ ਸਾਹਿਬ ਦੇ ਅੱਗੇ ਬਣੀ ਦਰਸ਼ਨੀ ਡਿਉਢੀ ਢਾਹ ਕੇ ਨਵੀਂ ਉਸਾਰੀ ਕਰਵਾਈ ਜਾਵੇ ਤੇ ਇਹ ਕਾਰ ਸੇਵਾ ਵਾਲੇ ਬਾਬੇ ਜਗਤਾਰ ਸਿੰਘ ਨੂੰ ਸੌਂਪਣ ਦਾ ਐਲਾਨ ਕੀਤਾ ਗਿਆ ਸੀ। ਉਸ ਸਮੇਂ ਦੌਰਾਨ ਵੀ ਸੰਗਤਾਂ ਦੇ ਤਿੱਖੇ ਵਿਰੋਧ ਕਾਰਨ ਬਾਬਾ ਜਗਤਾਰ ਸਿੰਘ ਤੇ ਸ਼੍ਰੋਮਣੀ ਕਮੇਟੀ ਨੂੰ ਇਹ ਕਾਰ ਸੇਵਾ ਰੋਕਣੀ ਪਈ ਸੀ। ਇਹੀ ਕਾਰਨ ਹੈ ਕਿ ਰਾਤ ਦੇ ਘੁੱਪ ਹਨੇਰਿਆਂ ਵਿਚ ਬਾਬਾ ਜਗਤਾਰ ਸਿੰਘ ਵੱਲੋਂ ਦੁਬਾਰਾ ਇਹ ਗਲਤੀ ਕੀਤੀ ਗਈ। ਜਦੋਂ ਸੰਗਤਾਂ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਇਸ ਬਾਰੇ ਜ਼ਿੰਮੇਵਾਰ ਠਹਿਰਾਇਆ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਹ ਦਲੀਲ ਦਿੱਤੀ ਕਿ ਮਤਾ ਪਾਸ ਕਰਨ ਤੋਂ ਬਾਅਦ ਵਾਪਸ ਲੈ ਲਿਆ ਗਿਆ ਸੀ। ਪਰ ਇਹ ਮਤਾ ਕਦੋਂ ਵਾਪਸ ਲਿਆ ਗਿਆ, ਉਹ ਚਿੱਠੀ ਹਾਲੇ ਤੱਕ ਜਾਰੀ ਨਹੀਂ ਕੀਤੀ। ਕਾਰ ਸੇਵਾ ਵਾਲਾ ਬਾਬਾ ਜਗਤਾਰ ਸਿੰਘ ਇਹ ਕਹਿ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਤੋਂ ਸਾਨੂੰ ਅਜਿਹੀ ਕੋਈ ਚਿੱਠੀ ਨਹੀਂ ਮਿਲੀ ਕਿ ਕਾਰ ਸੇਵਾ ਰੋਕ ਦਿੱਤੀ ਜਾਵੇ। ਉਨ੍ਹਾਂ ਕੋਲ ਕਾਰ ਸੇਵਾ ਲਈ ਸ਼੍ਰੋਮਣੀ ਕਮੇਟੀ ਦਾ ਮਤਾ ਸੀ ਤੇ ਇਸੇ ਲਈ ਉੱਥੇ ਕਾਰ ਸੇਵਾ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਵੀ ਉਨ੍ਹਾਂ ਨੂੰ ਇੱਥੇ ਕਾਰ ਸੇਵਾ ਲਈ ਨਹੀਂ ਰੋਕਿਆ। ਇਸ ਬਿਰਤਾਂਤ ਤੋਂ ਸਾਬਤ ਹੁੰਦਾ ਹੈ ਕਿ ਦਾਲ ਵਿਚ ਕੁਝ ਕਾਲਾ ਹੈ ਤੇ ਸ਼੍ਰੋਮਣੀ ਕਮੇਟੀ ਸੱਚ ਲੁਕਾ ਰਹੀ ਹੈ।

ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਾਂ ਦੀ ਰਾਖੀ ਲਈ ਤੇ ਪ੍ਰਬੰਧ ਕਰਨ ਲਈ ਬਣਾਈ ਗਈ ਹੈ, ਨਾ ਕਿ ਸਿੱਖ ਵਿਰਾਸਤ ਢਾਹੁਣ ਦੇ ਲਈ। ਇਹ ਸਿੱਖ ਵਿਰਾਸਤ ਗੁਰੂ ਪੰਥ ਦੀ ਹੈ ਤੇ ਸ਼੍ਰੋਮਣੀ ਕਮੇਟੀ ਗੁਰੂ ਪੰਥ ਨਹੀਂ ਤੇ ਨਾ ਹੀ ਗੁਰੂ ਪੰਥ ਦੀ ਪ੍ਰਤੀਨਿਧ ਹੈ। ਇਸ ਲਈ ਉਸ ਨੂੰ ਗ਼ੈਰ ਜ਼ਿੰਮੇਵਾਰੀ ਵਾਲੀ ਭੂਮਿਕਾ ਨਹੀਂ ਨਿਭਾਉਣੀ ਚਾਹੀਦੀ। ਸਿੱਖ ਵਿਰਾਸਤ ਦੇ ਘਾਣ ਲਈ ਬਾਬੇ ਨਹੀਂ, ਸ਼੍ਰੋਮਣੀ ਕਮੇਟੀ ਜ਼ਿੰਮੇਵਾਰ ਹੈ। ਬਾਬਿਆਂ ਨੇ ਬਹੁਤ ਵੱਡੀਆਂ ਇਮਾਰਤਾਂ ਬਣਾਈਆਂ ਹਨ ਤੇ ਸਿੱਖਾਂ ਕੋਲ ਅਜੇ ਤੱਕ ਇਸ ਬਾਰੇ ਬਦਲ ਵੀ ਨਹੀਂ ਹੈ। ਇਸ ਲਈ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੇ ਵਿਰਾਸਤ ਬਾਰੇ ਸਿਧਾਂਤ ਤੈਅ ਕਰਨੇ ਪੈਣਗੇ। ਪੂਰੇ ਵਿਸ਼ਵ ਵਿਚ ਸਰਕਾਰਾਂ ਤੇ ਕੌਮਾਂ ਆਪਣੀ ਵਿਰਾਸਤ ਨੂੰ ਸੰਭਾਲਣ ਲਈ ਚੇਤੰਨ ਹਨ। ਇੱਥੋਂ ਤੱਕ ਮਾਰਸ਼ਲ ਰਾਜਪੂਤ ਕੌਮ ਨੇ ਆਪਣੀ ਵਿਰਾਸਤ ਰਾਜਸਥਾਨ ਵਿਚ ਸੰਭਾਲੀ ਹੋਈ ਹੈ। ਜੈਪੁਰ ਮਿਊਜ਼ੀਅਮ ਵਿਚ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ ਤੇ ਵਸਤਰ ਵੀ ਪਏ ਹਨ। ਉਹ ਵੀ ਸੰਭਾਲੇ ਪਏ ਹਨ। ਜੈਪੁਰ, ਜੋਧਪੁਰ, ਉਦੈਪੁਰ ਦੇਖ ਕੇ ਦਿਲ ਖੁਸ਼ ਹੋ ਜਾਂਦਾ ਹੈ ਕਿ ਇਕ ਕੌਮ ਨੇ ਕਿਵੇਂ ਆਪਣੀ ਵਿਰਾਸਤ ਸੰਭਾਲੀ ਹੈ, ਪਰ ਅਸੀਂ ਮਾਰਸ਼ਲ ਕੌਮ ਹੋਣ ਦੇ ਬਾਵਜੂਦ ਆਪਣੀ ਵਿਰਾਸਤ ਨਹੀਂ ਸੰਭਾਲ ਸਕੇ। ਪੰਜਾਬ, ਦਿੱਲੀ ਵਿੱਚ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੀ ਜ਼ਿੰਮੇਵਾਰੀ ਨਾ ਨਿਭਾਉਣ ਕਰਕੇ ਸਿੱਖ ਵਿਰਾਸਤ ਦਾ ਉਜਾੜਾ ਹੋਇਆ ਹੈ। ਜਿਹੜੇ ਗੁਰੂ ਘਰਾਂ ਵਿੱਚ ਕਦੇ ਨਾਨਕਸ਼ਾਹੀ ਇੱਟਾਂ ਦੀ ਨਾਲ ਬਣੇ ਬੁੰਗੇ ਤੇ ਪਰਕਰਮਾ ਮੌਜੂਦ ਸਨ, ਉਹ ਸਭ ਕਾਰ ਸੇਵਾ ਦੇ ਨਾਮ ’ਤੇ ਮਿਟਾ ਕੇ ਸੰਗਮਰਮਰ ਪੱਥਰਾਂ ਵਿਚ ਲਪੇਟ ਦਿੱਤੀਆਂ ਗਈਆਂ। ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਕਾਰ ਸੇਵਾ ਵਾਲੇ ਬਾਬਿਆਂ ਨੂੰ ਸ਼੍ਰੋਮਣੀ ਕਮੇਟੀ ਰਕਮ ਨਹੀਂ ਦਿੰਦੀ, ਉਲਟਾ ਰਕਮ ਲਈ ਜਾਂਦੀ ਹੈ, ਉਹ ਕਿਵੇਂ ਲਈ ਜਾਂਦੀ ਹੈ ਉਹ ਤਾਂ ਸ਼੍ਰੋਮਣੀ ਕਮੇਟੀ ਵਾਲੇ ਜੁਆਬ ਦੇ ਸਕਦੇ ਹਨ। ਪਰ ਬਾਬਿਆਂ ਨੂੰ ਮਾਇਆ ਕਿੱਥੋਂ ਆਉਂਦੀ ਹੈ, ਇਹ ਵੀ ਬਾਬੇ ਹੀ ਦੱਸ ਸਕਦੇ ਹਨ। ਮੈਨੇਜਰ ਨੂੰ ਬਲੀ ਦਾ ਬੱਕਰਾ ਬਣਾ ਕੇ ਸ਼੍ਰੋਮਣੀ ਕਮੇਟੀ ਦਾ ਛੁਟਕਾਰਾ ਨਹੀਂ ਹੋਣਾ। ਇਸ ਸਭ ਕੁਝ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ’ਤੇ ਹੈ। ਸੋਹਣੀਆਂ ਇਮਾਰਤਾਂ ਨਾਲੋਂ ਵਿਰਾਸਤੀ ਇਤਿਹਾਸ ਕੀਮਤੀ ਹੈ ਤੇ ਇਸੇ ਨੂੰ ਸਾਂਭਣ ਦੀ ਲੋੜ ਹੈ। ਕੀ ਸਿੱਖ ਸੰਗਤਾਂ ਇਨ੍ਹਾਂ ਕੋਲੋਂ ਜਵਾਬ ਮੰਗਣਗੀਆਂ ਕਿ ਸਾਡੇ ਭਵਿੱਖ ਨੂੰ ਰੌਸ਼ਨ ਕਰਨ ਅਤੇ ਲਈ ਸਾਡੀਆਂ ਵਿਰਾਸਤਾਂ ਬਚਾਉਣ ਦੀ ਬਜਾਏ ਤੁਸਾਂ ਮਲੀਆਮੇਟ ਕਰਨੀਆਂ ਕਿਉਂ ਸ਼ੁਰੂ ਕਰ ਦਿੱਤੀਆਂ ਹਨ? ਸਾਡੇ ਲਈ ਸਸਤੇ ਅਤੇ ਚੰਗੇ ਸਕੂਲ ਅਤੇ ਹਸਪਤਾਲ ਕਿੱਥੇ ਹਨ?

### ਕੀ ਕਹਿੰਦੇ ਹਨ ਮਾਹਿਰ -

ਸਿੱਖ ਵਿਦਵਾਨ ਤਰਨਦੀਪ ਬਿਲਾਸਪੁਰ (ਨਿਊਜ਼ੀਲੈਂਡ ) ਆਖਦੇ ਹਨ ਕਿ ਪਿਛਲੇ ਦਿਨੀਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਸਿੱਖਾਂ ਦੇ ਇਤਿਹਾਸਕ ਗੁਰੂ ਘਰਾਂ ਸਮੇਤ ਇਤਿਹਾਸਕ ਸਿੱਖ ਇਮਾਰਤਾਂ ਨੂੰ ਵੀ ਸਾਂਭ ਰਹੀ ਹੈ, ਵੱਲੋਂ ਤਰਨਤਾਰਨ ਦੇ ਇਤਿਹਾਸਕ ਗੁਰੂਘਰ ਦੀ ਦਰਸ਼ਨੀ ਡਿਉਢੀ ਦੀ ਮੁੜ ਉਸਾਰੀ ਤਹਿਤ ਇੱਕ ਕਾਰ ਸੇਵਕ ਬਾਬੇ ਰਾਹੀਂ ਢਾਹੁਣਾ ਕਈ ਸਵਾਲ ਉਠਾ ਰਿਹਾ ਹੈ । ਸਭ ਤੋਂ ਪਹਿਲਾ ਸਵਾਲ ਸ੍ਰੋਮਣੀ




ਕਮੇਟੀ ਵੱਲੋਂ ਇਮਾਰਤਾਂ ਨੂੰ ਉਹਨਾਂ ਦੀ ਉਮਰ ਤੇ ਇਤਿਹਾਸਕ ਮਹੱਤਤਾ ਅਨੁਸਾਰ ਵਰਗੀਕਰਨ ਨਾ ਕਰਨ ਉੱਪਰ ਹੈ। ਦੂਸਰਾ ਸਵਾਲ ਕਰੋੜਾਂ ਰੁਪਈਆਂ ਦੀ ਆਮਦਨ ਵਾਲੀ ਸ੍ਰੋਮਣੀ ਕਮੇਟੀ ਵੱਲੋਂ ਇੱਕ ਇਮਾਰਤਸਾਜੀ, ਪੁਰਾਤਨਤਨਾ ਨੂੰ ਸਾਂਭਣ ਤੇ ਉਸ ‘ਤੇ ਨਿਗਾਹ ਰੱਖਣ ਵਾਲੇ ਮਾਹਿਰਾਂ ਦੀ ਟੀਮ ਨੂੰ ਲੈ ਕੇ ਹੈ । ਜਦੋਂ ਯੂਨੈਸਕੋ ਵਰਗੀਆਂ ਸੰਸਥਾਵਾਂ ਹਜ਼ਾਰਾਂ ਸਾਲ ਪੁਰਾਣੀਆਂ ਥਾਵਾਂ ਤੇ ਇਮਾਰਤਾਂ ਨੂੰ ਹੂਬਹੂ ਸਾਂਭਣ ਲਈ ਯਤਨਸ਼ੀਲ ਨੇ ਤਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਭਵਿੱਖੀ ਰੂਟ ਮੈਪ ਕੀ ਹੈ। ਕਾਰ ਸੇਵਾ ਵਾਲੇ ਬਾਬੇ ਆਖਿਰ ਕਿਸ ਯੋਗਤਾ ਤਹਿਤ ਪੁਰਾਣੀਆਂ ਇਮਾਰਤਾਂ ਨੂੰ ਢਾਹ ਕੇ ਨਵੀਂਆਂ ਇਮਾਰਤਾਂ ਬਣਾਉਂਦੇ ਹਨ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੇਂ ਨਿਰਮਾਣ ਦਾ ਕੰਮ ਕਿਹੜੇ ਅਧਾਰ ਤੇ ਵਿੱਢਦੀ ਹੈ? ਮੰਨਿਆ ਜਾ ਰਿਹਾ ਹੈ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਚਾਲੀ ਸਾਲਾਂ ਵਿਚ ਦੋ ਹਿੱਸੇ ਪੁਰਾਣੀਆਂ ਇਮਾਰਤਾਂ ਇਸ ਕਾਰ ਸੇਵਾ ਦੀ ਭੇਟ ਚਾੜ੍ਹ ਕੇ ਸੰਗਮਰਮਰ ਦੀਆਂ ਸਿੱਲਾਂ ਹੇਠ ਦਫ਼ਨ ਕਰ ਦਿੱਤੀਆਂ ਹਨ। ਅਜੋਕੇ ਸਮੇਂ ਵਿਚ ਸੋਸ਼ਲ ਮੀਡੀਆਂ ਰਾਹੀਂ ਦੁਨੀਆ ਭਰ ਦੇ ਨਕਸ਼ ਦੇਖਣ ਤੋਂ ਬਾਅਦ ਆਪਣੇ ਇਤਿਹਾਸਕ ਸਥਾਨਾਂ ਪ੍ਰਤੀ ਲੋਕਾਂ ਦੀ ਦਿਲਚਸਪੀ ਵਧੀ ਹੈ ਜੋ ਪਹਿਲਾ ਕਾਰ ਸੇਵਾ ਨਾਂ ਦੀ ਸ਼ਰਧਾ ਵਿਚ ਵਲੀਨ ਹੋ ਜਾਂਦੀ ਸੀ। ਅੱਜ ਸਮੁੱਚੇ ਸੰਸਾਰ ਨੂੰ ਦੇਖਦਿਆਂ ਇਹ ਇੱਕ ਸਮੂਹਿਕ ਫਰਜ਼ ਵੀ ਬਣਦਾ ਹੈ। ਇੱਥੇ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਦੀ ਬਿਆਨਬਾਜ਼ੀ ਇੱਕ ਸਿਆਸੀ ਮਸਲੇ ਨੂੰ ਹੱਲ ਕਰਨ ਤੋਂ ਵਧ ਕੇ ਕੁਝ ਨਹੀਂ ਹੈ ਤੇ ਵਿਰੋਧੀ ਧਿਰਾਂ ਲਈ ਇਸ ਮੌਕੇ ਭੰਡੀ ਪ੍ਰਚਾਰ ਤੋਂ ਵਧ ਕੇ ਵੀ ਨਹੀਂ, ਇਸ ਮੌਕੇ ਲੋੜ ਸਥਾਈ ਦਬਾਓ ਦੀ ਹੈ ।

ਰੰਗਕਰਮੀ ਪਾਲੀ ਭੁਪਿੰਦਰ ਸਿੰਘ ਆਖਦੇ ਹਨ ਕਿ ਸਿੱਖੀ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਹ ਪੜ੍ਹੇ-ਗੁੜ੍ਹੇ ਸਾਹਿਤਕਾਰ ਗੁਰੂ ਸਾਹਿਬਾਨਾਂ ਤੋਂ ਚੱਲ ਕੇ ਮੂਰਖ ਕਿਸਮ ਦੇ ਅਨਪੜ੍ਹ ਜਥੇਦਾਰਾਂ ਤੇ ਬਾਬਿਆਂ ਦੇ ਹੱਥ ਆ ਗਈ ਹੈ, ਜਿਨ੍ਹਾਂ ਨੂੰ ਇਤਿਹਾਸ, ਅਧਿਆਤਮ ਅਤੇ ਸਿੱਖੀ-ਸਪਿਰਟ ਦੀ ਇੰਨੀ ਕੁ ਹੀ ਸਮਝ ਹੈ, ਜਿੰਨੀ ਰੇਲ ਇੰਜਨ ਦੇ ਡਰਾਈਵਰ ਨੂੰ ਦੰਦਾਂ ਦੀਆਂ ਬਿਮਾਰੀਆਂ ਦੀ ਹੁੰਦੀ ਹੈ। ਇਨ੍ਹਾਂ ਨੇ ਮੱਥੇ ਟੇਕ ਕੇ ਗੱਦੀਆਂ ‘ਤੇ ਕਬਜ਼ੇ ਕੀਤੇ ਹਨ ਤੇ ਹੁਣ ਮੱਥੇ ਟਿਕਾ ਕੇ ਗੱਦੀਆਂ ਚਲਾ ਰਹੇ ਹਨ। ਮੱਥਿਆਂ ਅੰਦਰ ਨਾ ਇਨ੍ਹਾਂ ਦੇ ਕਦੇ ਆਪਣੇ ਸਿੱਖੀ ਵੜੀ, ਨਾ ਇਹ ਕਿਸੇ ਹੋਰ ਦੇ ਕਦੇ ਵੜਨ ਦਿੰਦੇ ਹਨ। ਇਹੀ ਕਾਰਨ ਹੈ, ਵਿਦਵਾਨ, ਕਲਾਕਾਰ ਤੇ ਲੇਖਕ ਤਾਂ ਡਰਦੇ ਮਾਰੇ ਇਨ੍ਹਾਂ ਦੀ ਗਲੀ ਵਿੱਚੋਂ ਨਹੀਂ ਲੰਘਦੇ, ਜਿਸ ਕਰਕੇ ਸਿੱਖ ਇਤਿਹਾਸ ਲਗਾਤਾਰ ਧੁੰਦਲਾ ਤੇ ਗੰਧਲ਼ਾ ਹੁੰਦਾ ਜਾ ਰਿਹਾ ਹੈ।

ਮੀਡੀਆ ਵਿੱਚ ਦਰਸ਼ਨੀ ਡਿਓਢੀ ਦੇ ਢਾਹੇ ਜਾਣ ਦਾ ਗ਼ੁੱਸਾ ਹੈ ਪਰ ਦਾੜ੍ਹੀਆਂ ਦੇ ਦਮ ‘ਤੇ ਬਣੇ ਇਨ੍ਹਾਂ ‘ਮਹਾਂਪੁਰਸ਼ਾਂ’ ਨੇ ਸਿੱਖ ਦਰਸ਼ਨ ਢਾਹ ਛੱਡਿਆ, ਦਰਸ਼ਨੀ ਡਿਓਢੀ ਦੀ ਇਨ੍ਹਾਂ ਅੱਗੇ ਕੀ ਮਜਾਲ ਸੀ! ਅਬਦਾਲੀ-ਇੰਦਰਾ ਐਵੇਂ ਲੜਦੇ ਮਰ ਗਏ. ਇਹੋ ਜਿਹੇ ਚਾਰ ਕੁ ਮਹਾਂਪੁਰਸ਼ ਪਾਲ ਲੈਂਦੇ, ਉਨ੍ਹਾਂ ਨੇ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਛੱਡਣਾ ਸੀ ।

ਸਰਬਜੀਤ ਸਿੰਘ ਘੁਮਾਣ ਆਖਦੇ ਹਨ ਕਿ ਹਕੀਕਤ ਇਹ ਹੈ ਕਿ ਸ਼੍ਰੋਮਣੀ ਕਮੇਟੀ ਦਾ ਸਿਸਟਮ ਕਾਰ ਸੇਵਾ ਵਾਲਿਆਂ ਨਾਲ ਐਨਾ ਘਿਓ-ਖਿਚੜੀ ਆ ਬਈ ਜੇ ਲੋਕ-ਲਾਜ ਲਈ ਵੀ ਕੁਝ ਕਰਨਾ ਚਾਹੁਣ ਤਾਂ ਮੌਜੂਦਾ ਪ੍ਰਧਾਨ ਤੇ ਹੋਰ ਅਮਲਾ ਕੱਖ ਨਹੀ ਕਰ ਸਕਦਾ। ਇਸ ਗੱਲ ਦਾ ਸ਼੍ਰੋਮਣੀ ਕਮੇਟੀ ਨੂੰ ਦੁੱਖ ਬੜਾ ਕਿ ਕਾਰ ਸੇਵਾ ਵਾਲਿਆਂ ਨੇ ਸਾਡੀ ਛੋਤ ਲੁਹਾਤੀ! ਕਾਰ ਸੇਵਾ ਵਾਲਿਆਂ ਨੇ ਸ਼੍ਰੋਮਣੀ ਕਮੇਟੀ ਦੀ ਹੈਸੀਅਤ ਤੇ ਵਕਾਰ ਨੂੰ ਸ਼ਰੇ-ਬਜ਼ਾਰ ਨੀਵਾਂ ਦਿਖਾਇਆ ਹੈ । ਕਾਰਸੇਵਾ ਵਾਲਿਆਂ ਨੂੰ ਚਿੱਤ-ਚੇਤਾ ਈ ਨਹੀ ਸੀ ਕਿ ਪੰਥ ਸਾਡੇ ਨਾਲ ਇਉਂ ਵੀ ਕਰ ਸਕਦਾ ਹੈ। ਉਹ ਤਾਂ ਇਹੀ ਸੋਚਦੇ ਨੇ ਕਿ ਜਿਥੇ ਪਹਿਲਾਂ ਅਸੀਂ ਐਨਾ ਅਣਮੁੱਲਾ ਵਿਰਾਸਤੀ ਸਿੱਖ ਖਜਾਨਾ ਮਲੀਆਮੇਟ ਕਰ ‘ਤਾ, ਜਦ ਹੁਣ ਤਕ ਨਹੀ ਕਿਸੇ ਨੇ ਚੂੰ ਕੀਤੀ ਤਾਂ ਹੁਣ ਕੀ ਹੋ ਜਾਊ! ਕਾਰ ਸੇਵਾ ਵਾਲੇ ਸਮਝਦੇ ਰਹੇ ਕਿ ਜਿਵੇਂ ਅੱਗੇ ਆਹ ਕਲਮਾਂ ਜਿਹੀਆਂ ਘਸੀਟਣ ਵਾਲੇ ਸਿੱਖ ਇਤਿਹਾਸ ਦੀਆਂ ਇਮਾਰਤਾਂ ਢਾਹੁਣ ਮਗਰੋਂ ਲਿਖਤਾਂ ਜਿਹੀਆਂ ਲਿਖਦੇ ਰਹਿੰਦੇ ਨੇ, ਉਵੇਂ ਹੀ ਦੋ ਚਾਰ ਲਿਖਤਾਂ ਜਹੀਆਂ ਹੋਰ ਲਿਖ ਲੈਣਗੇ ਪਰ ਇਸ ਵੇਰ ਉਹ ਹੋਇਆ ਜੋ ਕਾਰ ਸੇਵਾ ਵਾਲ਼ਿਆਂ ਨੇ ਸੋਚਿਆ ਹੀ ਨਹੀਂ ਸੀ। ਸਾਰੇ ਸਿੱਖ ਜਗਤ ਵਿਚ ਥੂਹ-ਥੂਹ ਹੋਈ ਪਈ ਆ। ਬਾਦਲਕਿਆਂ ਨੂੰ ਬਰਗਾੜੀ ਮੋਰਚੇ ਨੇ ਪਹਿਲਾਂ ਹੀ ਬੜਾ ਖਪਾਇਆ ਹੋਇਆ ਹੋਣ ਕਰਕੇ ਵੋਟਾਂ ਵੇਲੇ ਮਾਝੇ ਵਿਚ ਇਹ ਨਵੀਂ ਬਿਪਤਾ ਬੜਾ ਵੱਡਾ ਸੰਕਟ ਦਿਸ ਰਹੀ ਹੈ। ਬਾਦਲਕਿਆਂ ਨੇ ਐਨੇ ਚਿਰ ਦੇ ਸਾਥੀ ਕਾਰ ਸੇਵਾ ਵਾਲੇ ਵੀ ਹੱਥੋਂ ਨਹੀ ਗਵਾਉਣੇ ਤੇ ਥੂਹ-ਥੂਹ ਤੋਂ ਵੀ ਬਚਣਾ। ਉਪਰੋਂ ਕੈਪਟਨ ਨੇ ਕਹਿ ‘ਤਾ ਬਈ ਅਸੀਂ ਤਾਂ ਇਸ ਗੱਲ ‘ਚ ਈ ਨਹੀਂ ਆਉਣਾ। ਇਉਂ ਕੈਪਟਨ ਨੇ ਕਾਰ ਸੇਵਾ ਵਾਲਿਆ ਨੂੰ ਇਸ਼ਾਰਾ ਕਰ ‘ਤਾ ਕਿ ਜੇ ਥੋੜਾ ਕੁਛ ਵਿਗੜਿਆ ਤਾਂ ਬਾਦਲਕਿਆਂ ਨੇ ਹੀ ਵਿਗਾੜਨਾ। ਸਿੱਖ ਜਗਤ ਵਿਚ ਆਪਣੀ ਸਾਖ ਬਚਾਉਣ ਲਈ ਸ਼੍ਰੋਮਣੀ ਕਮੇਟੀ ਜੋ ਮਰਜ਼ੀ ਰਾਹ ਕੱਢੇ ਪਰ ਬਚਣਾ ਮੁਸ਼ਕਿਲ ਹੀ ਹੈ। ਅਸਲ ਵਿਚ ਇਹ ਕਾਰ ਸੇਵਾ ਵਾਲੇ ਜੋ ਕੁਝ ਪਹਿਲਾਂ ਨੁਕਸਾਨ ਕਰੀ ਬੈਠੇ ਨੇ ਉਹ ਤਾਂ ਗੱਲ ਵੱਖਰੀ ਐ, ਹੁਣ ਵੀ ਹੋਰ ਕਈ ਇਮਾਰਤਾਂ ਨੂੰ ਮਲੀਆਮੇਟ ਕਰਨ ਦੀ ਪੂਰੀ ਤਿਆਰੀ ਆ। ਪਰ ਹੁਣ ਸਾਫ ਦਿਸਦਾ ਕਿ ਜਿਥੇ ਵੀ ਇਹ ਕਾਰ ਸੇਵਾ ਵਾਲੇ ਨਵਾਂ ਪੰਗਾ ਲੈਣਗੇ, ਸੰਗਤ ਨਾਲ ਟਕਰਾਅ ਹੋਵੇਗਾ। ਇਹ ਕਾਰ ਸੇਵਾ ਵਾਲੇ ਹੈਂਕੜਬਾਜ਼ ਨੇ ਤੇ ਇਨਾਂ ਨੂੰ ਗੁਰੂ ਕੀ ਸੰਗਤ ਦੇ ਵਿਰੋਧ ਜਾਂ ਭਾਵਨਾ ਦੀ ਕੱਖ ਪਰਵਾਹ ਨਹੀਂ। ਇਹ ਤਾਂ ਮਰਨ-ਮਾਰਨ ‘ਤੇ ਉਤਰ ਆਉਣਗੇ; ਜਿਵੇਂ ਬਾਦਲਕਿਆਂ ਨੇ ਪਹਿਲਾਂ ਦਸ ਸਾਲ ਵਿਚ ਪੁਲੀਸ ਤੋਂ ਸਿੱਖ ਮਰਵਾਏ ਨੇ ਹੁਣ ਕਾਰ ਸੇਵਾ ਵਾਲਿਆਂ ਤੋਂ ਮਰਵਾ ਸਕਦੇ ਨੇ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਜਿਥੇ ਕੁਝ ਸਹੀ ਸੋਚ ਵਾਲੇ ਨੇ, ਉਥੇ ਬਹੁਤੇ ਮਤਲਬੀ ਬੰਦੇ ਵੀ ਨੇ, ਜਿਨਾਂ ਨੂੰ ਸਿੱਖ ਕੌਮ ਦੇ ਹਿੱਤਾਂ ਦਾ ਕੋਈ ਮਤਲਬ ਨਹੀਂ, ਨਾ ਇਤਿਹਾਸਕ ਇਮਾਰਤਾਂ ਪ੍ਰਤੀ ਕੋਈ ਸੰਵੇਦਨਾ, ਨਾ ਕੌਮ ਪ੍ਰਤੀ ਕੋਈ ਜਿੰਮੇਵਾਰੀ। ਉਨ੍ਹਾਂ ਨੂੰ ਤਾਂ ਕਾਰ ਸੇਵਾ ਵਾਲਿਆਂ ਦੀਆਂ ‘ਖੁਸ਼ੀਆਂ’ ਚਾਹੀਦੀਆਂ ਨੇ। ਵਿਕਣ ਵਾਲ਼ੇ ਤਿਆਰ ਨੇ ਤੇ ਬਾਬਿਆਂ ਕੋਲ ਮਾਇਆ ਬੜੀ। ਬਾਬਿਆਂ ਦੇ ਮਾਲਕਾਂ ਦੇ ਹੁਕਮ ਦੀ ਵੀ ਲੋੜ ਨਹੀਂ, ਅਗਲੇ ਅੱਖ ਦਾ ਇਸ਼ਾਰਾ ਈ ਸਮਝਦੇ ਨੇ ਬਈ ਬਾਬਿਆਂ ਦਾ ਪੱਖ ਪੂਰਨਾ। ਇਹ ਮਸਲਾ ਬੇਹੱਦ ਗੰਭੀਰ ਹੈ। ਜੇ ਸੰਗਤ ਮਸਲਾ ਭਖਾਈ ਰੱਖੇ ਤਾਂ ਬੜਾ ਕੁਝ ਨੰਗਾ ਹੋਵੇਗਾ। ਕਾਰ ਸੇਵਾ ਵਾਲ਼ੇ ਸ਼ਰੇਆਮ ਐਲਾਨ ਵੀ ਕਰ ਸਕਦੇ ਆ ਕਿ ਅਸੀਂ ਢਾਹਾਂਗੇ ਸਿੱਖਾਂ ਦੀਆਂ ਇਤਿਹਾਸਕ ਇਮਾਰਤਾਂ, ਦੇਖਾਂਗੇ ਕਿਹੜਾ ਰੋਕਦਾ। ਅਗਲਿਆਂ ਨਾਲ ਬਾਦਲਕੇ ਨੇ, ਅਸਿੱਧੇ ਰੂਪ ਵਿਚ ਕਾਂਗਰਸ ਆ, ਆਰਐਸਐਸ ਆ ਤੇ ਹਕੂਮਤੀ ਸਿਸਟਮ ਆ। ਸਿੱਖਾਂ ਨਾਲ ਤਾਂ ਗੁਰੂ ਸਾਹਿਬ ਆ, ਦੇਖਦੇ ਆਂ ਕਿ ਇਹ ਕਾਰ ਸੇਵਾ ਵਾਲੇ ਕਿਵੇਂ ਪੰਥ ਸਾਹਮਣੇ ਅੜਦੇ ਆ?

ਡਾ. ਗੁਰਵਿੰਦਰ ਸਿੰਘ ਆਖਦੇ ਹਨ ਕਿ ਚੰਗਾ ਹੋਇਆ ਕਿ ਦਰਸ਼ਨੀ ਡਿਉਢੀ ਦੇ ਢਾਹੇ ਜਾਣ ਵਿਰੁੱਧ ਲੋਕਾਂ ਅੰਦਰ ਰੋਹ ਬਣਿਆ ਹੈ। ਗੁਰਦੁਆਰਾ ਸਾਹਿਬ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਉਢੀ ਦੀ ਸੇਵਾ 200 ਵਰ੍ਹੇ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੇ ਕਰਵਾਈ ਸੀ। ਇਹ ਪੁਰਾਤਨ ਡਿਉਢੀ ਕੌਮੀ ਵਿਰਾਸਤ ਦਾ ਹਿੱਸਾ ਦੀ ਸੀ ਤੇ ਸੰਭਾਲਣਯੋਗ ਸੀ, ਪਰ ਬੱਜਰ ਗਲਤੀ ਕਰਦਿਆਂ ਇਸ ਨੂੰ ਢਾਹ ਦੇਣ ਦੀ ਕਾਰਵਾਈ ਕੀਤੀ ਗਈ, ਜਿਸ ਨੇ ਕੌਮੀ ਹਿਰਦਿਆਂ ਨੂੰ ਸੱਟ ਮਾਰੀ ਹੈ। ਦੂਸਰੇ ਪਾਸੇ ਮਹਾਰਾਜਾ ਰਣਜੀਤ ਸਿੰਘ ਦੇ ਸਬੰਧ ਵਿੱਚ ਅੱਜ ਦੇ ਭਗਵੇਂ ਕਾਮਰੇਡ ਅਤੇ ਇਤਿਹਾਸ ਨੂੰ ਵਿਗਾੜਨ ਵਾਲੇ ਜੋ ਕੁਝ ਲਿਖ ਰਹੇ ਹਨ, ਉਸ ਪ੍ਰਤੀ ਕੌਮ ਸੁਚੇਤ ਨਹੀਂ ਹੈ। ਇਤਿਹਾਸ ਦੀ ਵਿਰਾਸਤ ਵਿੱਚ, ਮਿਥਿਹਾਸ ਜੋੜ ਕੇ ਸੱਚ ਨੂੰ ਝੂਠ ਬਣਾਉਣ ਵਾਲੇ ਢਾਹਾਂ ਅਵਾਰਡ ਕਮੇਟੀ ਵਾਲਿਆਂ ਵੱਲੋਂ 25 ਹਜ਼ਾਰ ਡਾਲਰ ਦੇ ਪੁਰਸਕਾਰਾਂ ਨਾਲ ਸਨਮਾਨੇ ਜਾ ਰਹੇ ਹਨ ਪਰ ਇਸ ਗੱਲ ਦਾ ਬੜਾ ਦੁੱਖ ਹੈ ਕਿ ਸਿੱਖਾਂ ਦੀ ਅਗਵਾਈ ਕਰਨ ਵਾਲਾ ਵਰਗ ਵੀ ਇਤਿਹਾਸ ਦੀ ਵਡਮੁੱਲੀ ਵਿਰਾਸਤ ਨੂੰ ਮਿੱਟੀ ਵਿਚ ਰੋਲਣ ਵਾਲੇ ਇਹਨਾਂ ਬਲਦੇਵ ਸੜਕਨਾਮੇ ਵਰਗੇ ਵਿਅਕਤੀਆਂ ਦੀ ਹਕੀਕਤ ਤੋਂ ਸੁਚੇਤ ਨਹੀਂ, ਜਾਂ ਫਿਰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰ ਰਿਹਾ। ਪੰਜਾਬ ਦੀਆਂ ਸਾਹਿਤ ਅਕੈਡਮੀਆਂ, ਸਾਹਿਤ ਸਭਾਵਾਂ ਉਲਟਾ ਅਜਿਹੇ ਸੜਕ ਛਾਪਾਂ ਦਾ ਸਨਮਾਨ ਕਰਕੇ, ਵਿਰਾਸਤ ਨੂੰ ਬਰਬਾਦ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ ਅਤੇ ਸਿੱਖ ਮਾਨਸਿਕਤਾ ਨੂੰ ਸੱਟ ਮਾਰ ਰਹੀਆਂ ਹਨ। ਇਸ ਗੱਲ ਦਾ ਫ਼ਖ਼ਰ ਹੈ ਕਿ ਸਰਦਾਰ ਜਰਨੈਲ ਸਿੰਘ ਨੇ ‘ਪੰਜਾਬੀ ਅਕਾਦਮੀ ਦਿੱਲੀ’ ਦੇ ਆਗੂ ਹੁੰਦਿਆਂ ਹੋਇਆਂ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਢਾਹੁਣ ‘ਚ ਰੁੱਝੇ ਸੜਕਛਾਪ ਵਿਰੁੱਧ ਆਵਾਜ਼

ਬਾਕੀ ਸਫ਼ਾ 36 ’ਤੇ

ਡਾ. ਗੁਰਮੇਲ ਸਿੱਧੂ

# ਜਲ੍ਹਿਆਂਵਾਲੇ ਬਾਗ ਦਾ ਸਾਕਾ



ਜਲ੍ਹਿਆਂਵਾਲੇ ਬਾਗ ਦੇ ਕਤਲਾਮ ਦੀ ਘਟਨਾ ਵਿਸਾਖੀ ਵਾਲੇ ਦਿਨ 13 ਅਪਰੈਲ, 1919 ਨੂੰ ਘਟੀ ਸੀ। ਬ੍ਰਿਟਿਸ਼ ਸਰਕਾਰ ਨੇ ਹਿੰਦੋਸਤਾਨੀਆਂ ਦਾ ਖ਼ੂਨ, ਪਾਣੀ ਵਾਂਗ ਵਹਾਇਆ।ਖ਼ੂਨ ਦੇ ਛਿੱਟੇ ਹਿੰਦੋਸਤਾਨੀਆਂ ਦੇ ਦਾਮਨ 'ਤੇ ਪਏ ਤੇ ਦੇਸ਼ ਭਗਤਾਂ ਦੇ ਚੋਲੇ ਗੇਰੂ ਰੰਗੇ ਹੋ ਗਏ। ਇਹ ਖ਼ੂਨ ਅਜਾਈਂ ਨਹੀਂ ਗਿਆ, ਬ੍ਰਿਟਿਸ਼ ਸਲਤਨਤ ਦੇ ਪਤਨ ਦਾ ਸਬੱਬ ਬਣਿਆਂ। ਕੂਕਾ ਲਹਿਰ ਨੇ ਸਰਕਾਰ ਦੀ ਕਬਰ ਲਈ ਟੱਕ ਲਾਇਆ ਸੀ, ਗ਼ਦਰ ਲਹਿਰ ਨੇ ਕਬਰ ਪੁੱਟਣੀ ਸ਼ੁਰੂ ਕੀਤੀ, ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੇ ਕਬਰ ਖੋਦ ਦਿੱਤੀ, ਬੱਬਰ ਅਕਾਲੀ ਲਹਿਰ ਤੇ ਕਿਰਤੀ ਕਿਸਾਨ ਪਾਰਟੀ ਨੇ ਤਾਬੂਤ ਤਿਆਰ ਕੀਤਾ, ਭਗਤ ਸਿੰਘ ਦੇ ਸਾਥੀਆਂ ਨੇ ਤਾਬੂਤ ਵਿਚ ਕਿੱਲ ਠੋਕਿਆ ਅਤੇ ਆਜ਼ਾਦ ਹਿੰਦ ਫੌਜ ਨੇ ਸਪੁਰਦੇ ਖਾਕ ਕਰ ਦਿੱਤਾ।

**ਪਿਛੋਕੜ**- ਜੁਲਾਈ 28, 1914 ਨੂੰ ਪਹਿਲੀ ਵੱਡੀ ਜੰਗ ਸ਼ੁਰੂ ਹੋਈ। ਜੰਗ ਦੀ ਸ਼ਹਿ ਲੈ ਕੇ ਹਿੰਦੋਸਤਾਨ ਨੂੰ ਆਜ਼ਦ ਕਰਾਉਣ ਲਈ ਗ਼ਦਰੀ ਬਾਬੇ ਵਤਨ ਵਿਚ ਪਹੁੰਚ ਗਏ। ਗ਼ਦਰੀਆਂ ਦੇ ਸੰਕਟ ਨਾਲ ਸਿੱਝਣ ਲਈ ਬ੍ਰਿਟਿਸ਼ ਸਰਕਾਰ ਨੇ 19 ਮਾਰਚ, 1915 ਵਿਚ ਆਰਜ਼ੀ 'ਡੀਫੈਂਸ ਆਫ ਇੰਡੀਆ ਐਕਟ' (Defence of India Act) ਬਣਾਇਆ। ਇਸ ਦੀ ਵਰਤੋਂ ਲਾਹੌਰ ਸਾਜਿਸ਼ ਕੇਸਾਂ ਵਿਚ ਕੀਤੀ ਗਈ। ਜਦ ਸੰਕਟ ਟਲ਼ਦਾ ਨਾ ਦਿਸਿਆ ਤਾਂ ਸਰਕਾਰ ਨੇ ਸਿਡਨੀ ਰੋਲੈਟ (Sidney Rowlatt), ਜੋ ਇੰਗਲੈਂਡ ਦੇ ਬਾਦਸ਼ਾਹ ਦਾ ਕਾਨੂੰਨੀ ਸਲਾਹਕਾਰ ਸੀ, ਨੂੰ ਕਿਹਾ ਕਿ ਬਗਾਵਤ ਨੂੰ ਕੁਚਲਣ ਲਈ ਕੋਈ ਉਪਾਅ ਲੱਭੇ। ਉਸ ਨੇ 'ਡੀਫੈਂਸ ਆਫ ਇੰਡੀਆ ਐਕਟ' ਨੂੰ ਮਾਰਚ 19, 1919 ਵਿਚ 'ਰੋਲਟ ਐਕਟ' ਦੇ ਨਾਂ ਹੇਠ ਕਾਨੂੰਨ ਵਿਚ ਬਦਲ ਦਿੱਤਾ। ਸ਼ਾਹੀ ਵਿਧਾਨ ਸਭਾ (Imperial Legislative) ਦੇ ਹਿੰਦੋਸਤਾਨੀ ਮੈਂਬਰਾਂ, ਪੰਡਿਤ ਮਦਨ ਮੋਹਨ ਮਾਲਵੀਆ, ਡਾ. ਸੈਫੁਲਦੀਨ ਕਿਚਲੂ ਅਤੇ ਡਾ. ਸਤਿਆਪਾਲ ਨੇ ਇਸ ਦਾ ਵਿਰੋਧ ਕੀਤਾ, ਪਰ ਧਿੰਗੋ-ਜ਼ੋਰੀ ਲਾਗੂ ਕਰ ਦਿਤਾ। 'ਰੋਲਟ ਐਕਟ' ਦੀਆਂ ਧਾਰਾਵਾਂ ਹੇਠ ਦਿੱਤੀਆਂ ਗਈਆਂ ਹਨ।

1. ਕਿਸੇ ਵੀ ਸ਼ੱਕੀ ਅੱਤਵਾਦੀ ਨੂੰ, ਜੋ ਦੋ ਸਾਲ ਤੋਂ ਰਾਜ ਵਿਚ ਰਹਿ ਰਿਹਾ ਹੋਵੇ, ਬਿਨਾ ਮੁਕੱਦਮਾ ਚਲਾਇਆਂ ਦੋ ਸਾਲ ਦੀ ਕੈਦ ਹੋਵੇਗੀ।
2. ਪੁਲਿਸ ਕਿਸੇ ਸ਼ੱਕੀ ਵਿਅਕਤੀ ਤੇ ਉਸ ਦੇ ਘਰ ਦੀ, ਬਿਨਾ ਵਾਰੰਟ ਤੋਂ, ਤਲਾਸ਼ੀ ਲੈ ਸਕਦੀ ਹੈ।
3. ਰਾਜਨੀਤਕ ਘਟਨਾਵਾਂ ਛਾਪਣ ਲਈ ਮੀਡੀਆ ਨੂੰ, ਵਰੰਟ ਤੋਂ ਵਗੈਰ ਫੜ ਕੇ ਬਿਨਾ ਮੁਕੱਦਮਾ ਚਲਾਏ, ਅਣਮਿਥੇ ਸਮੇਂ ਲਈ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ।
4. ਮੁਕੱਦਮੇ ਦੀ ਸੁਣਾਈ ਲਈ ਕੋਈ ਜ਼ਿਊਰੀ ਨਹੀਂ ਹੋਵੇਗੀ ਅਤੇ ਸੁਣਾਈ ਕੇਵਲ ਕੈਮਰੇ ਸਾਹਮਣੇ ਹੋਵੇਗੀ।
5. ਕੈਦੀਆਂ ਨੂੰ ਗ੍ਰਿਫਤਾਰ ਕਰਾਉਣ ਵਾਲਿਆਂ ਜਾਂ ਗਵਾਹੀ ਦੇਣ ਵਾਲਿਆਂ ਬਾਰੇ ਜਾਨਣ ਦਾ ਕੋਈ ਹੱਕ ਨਹੀਂ ਹੋਵੇਗੀ।
6. ਕੈਦੀਆਂ ਨੂੰ ਰਿਹਾਈ ਤੋਂ ਬਾਅਦ ਜਮਾਨਤ ਭਰਨੀ ਪਵੇਗੀ ਕਿ ਉਹ ਦੁਬਾਰਾ ਰਾਜਨੀਤਕ, ਵਿਦਿਅਕ ਅਤੇ ਧਾਰਮਿਕ ਮਸਲਿਆਂ ਵਿਚ ਹਿੱਸਾ ਨਹੀਂ ਲੈਣਗੇ।

ਇਨ੍ਹਾਂ ਧਾਰਾਵਾਂ ਨੂੰ ਤਿੰਨ ਸ਼ਬਦਾਂ ਵਿਚ ਕਸ਼ੀਦ ਕੀਤਾ ਜਾ ਸਕਦਾ ਹੈ: ਨਾ ਅਪੀਲ, ਨਾ ਦਲੀਲ, ਨਾ ਵਕੀਲ। ਇਨ੍ਹਾਂ ਧਾਰਾਵਾਂ ਵਿਰੁੱਧ ਮਹਾਤਮਾ ਗਾਂਧੀ ਨੇ ਮਾਰਚ 30, 1919 ਨੂੰ ਹਿੰਦੋਸਤਾਨ ਵਿਚ ਭੁੱਖ-ਹੜਤਾਲ ਕਰਨ ਦਾ ਐਲਾਨ ਕਰ ਦਿੱਤਾ। ਲੋਕਾਂ ਨੂੰ ਹੜਤਾਲ ਬਾਰੇ ਸੂਚਤ ਕਰਨ ਲਈ ਸਮਾਂ ਘੱਟ ਸੀ, ਇਸ ਲਈ ਹੜਤਾਲ ਦਾ ਦਿਨ ਅਪ੍ਰੈਲ 6, 1919 ਵਿਚ ਬਦਲਣਾ ਪਿਆ। ਅੰਮ੍ਰਿਤਸਰ ਵਿਚ ਤਾਰੀਖ-ਬਦਲੀ ਦੀ ਇਤਲਾਹ ਦੇਰ ਨਾਲ ਪਹੁੰਚੀ ਇਸ ਲਈ ਹੜਤਾਲ ਮਾਰਚ 30 ਨੂੰ ਹੀ ਹੋਈ। ਹੜਤਾਲ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਹੁਮਹੁਮਾ ਕੇ ਸ਼ਾਮਿਲ ਹੋਏ, ਕੋਈ 50,000 ਬੰਦਿਆਂ ਨੇ ਭਾਗ ਲਿਆ। ਅੰਮ੍ਰਿਤਸਰ ਵਿਚ ਮੀਟਿੰਗ ਕਰਕੇ ਹੇਠਲੇ ਮਤੇ ਪਾਸ ਕਰ ਦਿੱਤੇ।

1. ਕੋਈ ਬੰਦਾ ਕੰਮਕਾਰ 'ਤੇ ਨਾ ਜਾਵੇ,
2. ਹਰ ਵਿਅਕਤੀ ਇਕ ਦਿਨ ਦੀ ਭੁੱਖ ਹੜਤਾਲ ਰੱਖੇ, ਅਤੇ
3. ਸ਼ਾਂਤ ਰਹੇ ਤੇ ਅਰਦਾਸ ਕਰੇ।

ਹੜਤਾਲ ਦੀ ਕਾਮਯਾਬੀ ਦੇਖ ਕੇ ਸਰਕਾਰ ਦੇ ਛੱਕੇ ਛੁੱਟ ਗਏ। ਪੰਜਾਬ ਦੇ ਗਵਰਨਰ ਜਨਰਲ, ਮਾਈਕਲ ਓ'ਡਵਾਇਰ (Michael O'Dwyer) ਨੇ ਡਾ. ਸਤਿਆਪਾਲ ਨੂੰ ਜਲਸੇ ਵਿਚ ਬੋਲਣ 'ਤੇ ਪਾਬੰਦੀ ਲਾ ਦਿੱਤੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਮਾਇਲਜ਼ ਇਰਵਿੰਗ (Miles Erwing) ਨੇ, 5 ਅਪ੍ਰੈਲ, 1919 ਨੂੰ, ਸਥਾਨਿਕ ਮੈਜਿਸਟ੍ਰੇਟਾਂ ਅਤੇ ਕੁਝ ਆਹਲਾ ਸ਼ਹਿਰੀਆਂ ਨੂੰ ਬੁਲਾ ਕੇ ਕਿਹਾ ਕਿ ਹੜਤਾਲ ਬੰਦ ਕਰਾਉ। ਇਨ੍ਹਾਂ 'ਚੋਂ ਕੁਝ ਮੰਨ ਗਏ, ਪਰ ਡਾ. ਸਤਿਆਪਾਲ ਅਤੇ ਡਾ. ਕਿਚਲੂ ਨਾ ਮੰਨੇ। ਇਨ੍ਹਾਂ ਨੂੰ ਅਪ੍ਰੈਲ 6, 1919 ਵਾਲੇ ਦਿਨ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਦੀ ਹੱਦ ਅੰਦਰ ਨਜ਼ਰਬੰਦ ਕਰ ਦਿੱਤਾ। ਮੁਜ਼ਾਹਰੇ ਸ਼ੁਰੂ ਹੋ ਗਏ ਅਤੇ ਨਾਅਰੇ ਗੂੰਜੇ : "ਲੀਡਰਾਂ ਨੂੰ ਰਿਹਾਅ ਕਰੋ ਅਤੇ ਰੋਲਟ ਐਕਟ ਨੂੰ ਵਾਪਸ ਲਵੋ"। ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ। ਗੁੱਸਾ ਪ੍ਰਗਟ ਕਰਨ ਲਈ ਲੋਕ ਸੜਕਾਂ ਅਤੇ ਬਾਜ਼ਾਰਾਂ ਵਿਚ ਆ ਗਏ। ਜ਼ਿਲ੍ਹੇ ਦੇ ਵਕੀਲਾਂ, ਗੁਰਦਿਆਲ ਸਿੰਘ ਅਤੇ ਮਕਬੂਲ ਮੁਹੰਮਦ ਨੇ ਜਨਤਾ ਨੂੰ ਸ਼ਾਂਤ ਹੋਣ ਲਈ ਅਪੀਲ ਕੀਤੀ। ਅਪੀਲ ਨੂੰ ਅਣਸੁਣੀ ਕਰਕੇ ਹਜੂਮ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਇਰਵਿੰਗ ਦੀ ਕੋਠੀ ਵੱਲ ਵਹੀਰਾਂ ਘੱਤ ਲਈਆਂ। ਰਾਹ ਵਿਚ ਰੇਲਵੇ ਪੁਲ ਸੀ ਜਿਸ 'ਤੇ ਮਿਲਟਰੀ ਦਾ ਪਹਿਰਾ ਸੀ। ਲੋਕਾਂ ਨੂੰ ਰੋਕਣ ਲਈ ਗੋਲ਼ਾਬਾਰੀ ਕੀਤੀ ਗਈ, 20 ਬੰਦੇ ਮਾਰੇ ਗਏ ਤੇ ਬਹੁਤ ਸਾਰੇ ਜ਼ਖਮ ਹੋਏ। ਲੋਕਾਂ ਨੇ ਲਾਸ਼ਾਂ ਨੂੰ ਸੀੜ੍ਹੀਆਂ 'ਤੇ ਬੰਨ੍ਹ ਕੇ ਸ਼ਹਿਰ ਵਿਚ ਫੇਰਿਆ। ਭੀੜ ਹੋਰ ਵੀ ਤਾਅ ਵਿਚ ਆ ਗਈ ਤੇ ਸਰਕਾਰੀ ਗੁਦਾਮ ਵਿਚ ਜਾ ਬੜੀ, ਸਾਰਜਿੰਟ, ਰੌਲੈਂਡਜ਼, ਨੂੰ ਕਤਲ ਕਰ ਦਿੱਤਾ। ਤਾਰ-ਘਰ ਦੇ ਦਫਤਰ ਦੀ ਭੰਨ-ਤੋੜ ਕੀਤੀ ਤੇ ਗਾਰਡ, ਰੋਬਿੰਨਸਨ, ਮਾਰਿਆ ਗਿਆ। ਨੈਸ਼ਨਲ ਬੈਂਕ ਲੁੱਟ ਕੇ ਸਾੜ ਦਿੱਤੀ ਤੇ ਬੈਂਕ ਕਰਮਚਾਰੀ, ਸਟੂਅਰਟ ਅਤੇ ਸਕੌਟ, ਮਾਰੇ ਗਏ। ਅਲਾਇੰਨ ਬੈਂਕ ਨੂੰ ਲੁੱਟਣ ਲੱਗੇ ਤਾਂ ਮੈਨੇਜਰ, ਥੌਮਸਨ ਨੇ ਪਿਸਤੌਲ ਚਲਾਇਆ। ਉਸ ਨੂੰ ਮਾਰ ਕੇ ਦੇਹ ਨੂੰ ਬੈਂਚ ਦੀ ਲੱਕੜ ਨਾਲ ਸਾੜ ਦਿੱਤਾ। ਭੀੜ 'ਚੋਂ ਕਿਸੇ ਨੇ ਦੱਸਿਆ ਕਿ 'ਜ਼ੀਨਾ ਹਸਪਤਾਲ' ਦੀ ਇੰਨਚਾਰਜ, ਡਾ. ਇਜ਼ਾਬੈਲ ਮੇਰੀ ਈਸਡਨ (Dr Isabel Mary Easdon) ਜ਼ਖਮੀਆਂ ਦਾ ਇਲਾਜ ਕਰਨ ਦੀ ਬਜਾਏ ਉਨ੍ਹਾਂ ਦਾ ਮਖੌਲ ਉਡਾਅ ਰਹੀ ਹੈ ਕਿ 'ਇਨ੍ਹਾਂ ਨੇ ਜੋ ਬੀਜਿਆ ਸੋ ਵੱਢਿਆ'। ਗੁੱਸੇ ਵਿਚ ਕੁਝ ਲੋਕ ਹਸਪਤਾਲ ਵਲ ਵਧੇ, ਪਰ ਡਾ. ਖਿਸਕ ਗਈ। ਮਿਸ਼ਨਰੀ ਉਸਤਾਨੀ, ਮਿੱਸ ਮਾਰਸੇਲਾ ਸ਼ੇਰਵੁੱਢ (Miss Marcella Sherwood) ਸਾਈਕਲ 'ਤੇ ਜਾ ਰਹੀ ਸੀ; ਭੀੜ ਨੇ ਉਸ 'ਤੇ ਹਮਲਾ ਕਰ ਦਿੱਤਾ ਤੇ ਅਧਮੋਈ ਜਹੀ ਕਰਕੇ ਛੱਡ ਦਿੱਤੀ (Wolpert, 1970)। ਹਾਲਾਤ ਨੂੰ ਦੇਖ ਕੇ ਮੈਜਿਸਟ੍ਰੇਟ, ਮਿਸਟਰ ਸੀਮੋਰ, ਨੇ ਕਿਹਾ ਕਿ ਇਕ ਗੋਰੇ ਦੀ ਬਜਾਏ ਇਕ ਹਜ਼ਾਰ ਹਿੰਦੂਆਂ ਦਾ ਖ਼ੂਨ ਬਹਾਇਆ ਜਾਵੇਗਾ।

**ਜਲ੍ਹਿਆਂਵਾਲ਼ਾ ਬਾਗ ਵਿਚ ਕਤਲੇਆਮ-**

ਕਰਨਲ ਰਿਜਨਲਡ ਐਡਵਰਡ ਹੈਰੀ ਡਾਇਰ (Colonel Reginald Edward Harry Dyer) ਜਲੰਧਰ ਦੀ ਫੌਜੀ ਛਾਉਣੀ ਦਾ ਇਨਚਾਰਜ ਵਿਚ ਸੀ। ਉਸ ਨੇ ਅੰਮ੍ਰਿਸਤਰ ਨੂੰ 300 ਫੌਜੀ ਭੇਜੇ। ਪੰਜਾਬ ਦੇ ਲੈਫਟੀਨੈਂਟ ਗਵਰਨਰ, ਮਾਈਕਲ ਓ'ਡਵਾਇਰ, (Michael O'dwyer) ਨੇ ਹੁਕਮ ਕੀਤਾ ਕਿ ਡਾਇਰ ਖੁਦ ਮੌਕੇ 'ਤੇ ਪਹੁੰਚੇ। ਡਿਪਟੀ ਕਮਿਸ਼ਨਰ, ਮਾਇਲ ਇਰਵਿੰਗ ਅਤੇ ਪੁਲਿਸ ਸੁਪਰਡਿੰਡ, ਪਲੋਮਰ (Plomer) ਨਾਲ ਮੀਟਿੰਗ ਕਰਕੇ ਇਕ ਦਸਤਾਵੇਜ਼ ਤਿਆਰ ਕੀਤਾ ਜੋ ਸ਼ਹਿਰ ਦੇ ਮੋਹਤਬਰ ਸੱਜਣਾ ਨੂੰ ਦਿੱਤਾ। ਇਸ ਰਾਹੀਂ ਚਿਤਾਵਨੀ ਦਿੱਤੀ ਗਈ ਕਿ ਅਮਨ-ਅਮਾਨ ਕਾਇਮ ਰੱਖਣ ਲਈ ਲੋੜੀਂਦੀ ਫੌਜ ਦੀ ਵਰਤੋਂ ਕੀਤੀ ਜਾਵੇਗੀ। ਕਰਨਲ ਡਾਇਰ ਨੇ ਸਿੱਖਾਂ ਨੂੰ ਆਪਣੇ ਵੱਲ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਉਸ ਨੇ ਹਰਿਮੰਦਰ ਸਾਹਿਬ ਦੇ ਮੈਨੇਜਰ, ਸਰ ਸੁੰਦਰ ਸਿੰਘ ਮਜੀਠੀਆ ਨੂੰ ਕਿਹਾ ਕਿ ਉਹ ਆਪਣਾ ਰਸੂਖ ਵਰਤ ਕੇ ਸਿੱਖਾਂ ਨੂੰ ਮਨਾਵੇ, ਪਰ ਹਜੂਮ ਦੇ ਹੜ੍ਹ ਨੂੰ ਕੌਣ ਠੱਲ ਪਾ ਸਕਦਾ ਸੀ।

ਡਾਇਰ, ਅਪਰੈਲ 12, 1919 ਨੂੰ, ਫੌਜੀ ਦਸਤਾ ਲੈ ਕੇ ਹੜ ਹੜ ਕਰਦਾ ਅੰਮ੍ਰਿਤਸਰ ਆ ਵੜਿਆ ਤੇ ਮੁਨਾਦੀ ਕਰਾਈ ਕਿ ਸ਼ਹਿਰ ਦੇ ਅੰਦਰ ਜਾਂ ਆਲ਼ੇ-ਦੁਆਲ਼ੇ ਕਿਸੇ ਸਮੇਂ ਕੋਈ ਜਲੂਸ ਨਹੀਂ ਕੱਢੇਗਾ। ਸ਼ਾਮ ਨੂੰ ਚਾਰ ਬੰਦਿਆ ਤੋਂ ਵੱਧ ਦੇ ਇਕੱਠ ਨੂੰ, ਕਾਨੂੰਨੀ ਉਲੰਘਣਾ ਗਰਦਾਨ ਕੇ, ਜ਼ਬਰਦਸਤੀ ਖੇਰੂੰ-ਖੇਰੂੰ ਕਰ ਦਿੱਤਾ ਜਾਵੇਗਾ।

ਉਸੇ ਸਮੇਂ ਸ਼ਹਿਰ ਦੇ ਦੂਜੇ ਪਾਸੇ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਇਕ ਮੁੰਡਾ ਟੀਨ ਦੇ ਪੀਪੇ 'ਤੇ ਡੱਗੇ ਮਾਰਦਾ ਡੌਂਡੀ ਪਿੱਟ ਰਿਹਾ ਸੀ ਕਿ, 13 ਅਪਰੈਲ, 1919 ਨੂੰ ਸ਼ਾਮ ਦੇ ਚਾਰ ਵਜੇ ਜਲ੍ਹਿਆਂਵਾਲ਼ਾ ਬਾਗ ਵਿਚ, ਘਨਈਆ ਲਾਲ ਦੀ ਪ੍ਰਧਾਨਗੀ ਹੇਠ, ਜਲਸਾ ਹੋ ਰਿਹਾ ਹੈ; ਸਾਰੇ ਮਾਈ-ਭਾਈ ਹੁੰਮਹੁਮਾ ਕੇ ਪੁੱਜਣ। (ਯਾਦ ਰਹੇ ਕਿ ਪਹਿਲਾਂ ਇਹੋ ਮੀਟਿੰਗ ਹਰਮੰਦਰ ਸਹਿਬ ਵਿਚ ਰੱਖਣ ਦਾ ਵਿਚਾਰ ਸੀ ਪਰ ਸੁੰਦਰ ਸਿੰਘ ਮਜੀਠੀਆਂ ਦੇ ਕਹਿਣ ਤੇ ਮੀਟਿੰਗ ਦੀ ਥਾਂ ਬਦਲ ਦਿੱਤੀ ਗਈ ਸੀ। ਮਜੀਠੀਆ ਹਰਿਮੰਦਰ ਸਾਹਿਬ ਦਾ ਮੈਨੇਜਰ ਹੋਣ ਦੇ ਨਾਲ ਇੰਪੀਰਅਲ ਲੈਜਿਸਲੇਟਵ ਅਸੈਂਬਲੀ ਦਾ ਮੈਂਬਰ ਵੀ ਸੀ)।

ਲੋਕ ਚਾਰ ਵਜੇ ਜਲ੍ਹਿਆਂਵਾਲ਼ਾ ਬਾਗ਼ ਵਿਚ ਪਹੁੰਚ ਗਏ। ਕਾਂਗਰਸ ਲੀਡਰਾਂ ਨੇ ਭਾਸ਼ਣ ਸ਼ੁਰੂ ਕੀਤੇ। ਜਨਰਲ ਡਾਇਰ ਨੇ ਹਵਾਈ ਜਹਾਜ਼ ਰਾਹੀਂ ਬਾਗ ਦਾ ਉੱਪਰੋਂ ਜਾਇਜ਼ਾ ਲਿਆ ਅਤੇ ਫੌਜ ਨੂੰ ਉਥੇ ਪੁੱਜਣ ਦਾ ਹੁਕਮ ਦਿੱਤਾ। ਡਾਇਰ 50 ਹਥਿਆਰਬੰਦ ਫੌਜੀ ਲੈ ਕੇ ਪਹੁੰਚ ਗਿਆ, 25 ਸਿਪਾਹੀ 1/9 ਗੋਰਖਾ ਦਸਤੇ ਦੇ ਸਨ ਅਤੇ 25 ਸਿੱਖਾਂ ਦੀ 54-ਫਰੰਟੀਆਰ ਅਤੇ 59-ਰਾਈਫਲ ਫੌਜ ਦੇ ਸਨ। ਜਲ੍ਹਿਆਂਵਾਲ਼ਾ ਬਾਗ ਦੇ ਅੰਦਰ ਵੜਨ ਵਾਲੀ ਭੀੜੀ ਜਿਹੀ ਗਲ਼ੀ ਥਾਣੀ ਲੰਘ ਕੇ, 25-25 ਸਿਪਾਹੀਆਂ ਨੂੰ ਭੀੜ ਦੇ ਆਲੇ ਦੁਆਲੇ ਤਾਇਨਾਤ ਕਰਕੇ ਸ਼ਿਸਤ ਲੈਣ ਲਈ ਕਿਹਾ। ਵਗੈਰ ਚਿਤਾਵਨੀ ਦਿੱਤਿਆਂ ਗੋਲੀ ਦਾ ਹੁਕਮ ਦੇ ਦਿੱਤਾ। ਭੀੜ ਨੂੰ ਦਸ ਮਿੰਟ ਅੰਨ੍ਹੇਵਾਹ ਗੋਲੀਆਂ ਨਾਲ ਭੁੰਨਿਆਂ। ਡਰੇ ਹੋਏ ਲੋਕ, ਕੀੜੀਆਂ ਦੇ ਉੱਜੜੇ ਹੋਏ ਭੌਣ ਵਾਂਗ, ਏਧਰ-ਓਧਰ ਦੌੜੇ। ਗੋਲੀਆਂ ਦੀ ਬੁਛਾੜ ਨਾਲ ਬਜ਼ਮੀਨ 'ਤੇ ਡੇਰੀ ਹੁੰਦੇ ਗਏ। ਬਾਹਰ ਨੱਠਣ ਲਈ ਇਕੋ ਦਰਵਾਜ਼ਾ ਸੀ ਜੋ ਫੌਜ ਨੇ ਮੱਲਿਆ ਹੋਇਆ ਸੀ। ਲੋਕਾਂ ਨੇ ਉਂਗਲਾਂ ਦੇ ਨਹੁੰ ਫਸਾ ਕੇ ਕੰਧ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤੇ ਬਹੁਤਿਆਂ ਨੇ ਬੇਤਹਾਸ਼ਾ ਖ਼ੂਹ ਵਿਚ ਛਾਲਾਂ ਮਾਰ ਦਿੱਤੀਆਂ (ਚਿਤਰ-1)। ਡਾਇਰ ਨੇ ਹੁਕਮ ਦਿਤਾ ਕਿ ਕੰਧਾਂ 'ਤੇ ਚੜ੍ਹ ਰਹੇ ਲੋਕਾਂ ਵੱਲ ਸਿੰਨ੍ਹ ਕੇ ਗੋਲੀਆਂ ਮਾਰੋ, ਕੋਈ ਬਚ ਕੇ ਨਾ ਜਾਵੇ (ਚਿਤਰ-2)। ਡਾਇਰ ਨੇ ਆਪਣਾ ਪਿਸਤੌਲ ਫੌਜੀਆਂ 'ਤੇ ਤਾਣਿਆਂ ਹੋਇਆ ਸੀ ਤਾਂਕਿ ਕੋਈ ਹੁਕਮ ਅਦੂਲੀ ਨਾ ਕਰੇ। ਉਸ ਨੂੰ ਇਸ ਗੱਲ ਦਾ ਅਫਸੋਸ ਸੀ ਕਿ ਉਹ ਗਲੀ ਹੋਣ ਭੀੜੀ ਕਰਕੇ ਮਸ਼ੀਨਗੰਨ ਨੂੰ ਅੰਦਰ ਨਹੀਂ ਲਿਆ ਸਕਿਆ।

ਜਲ੍ਹਿਆਂਵਾਲ਼ਾ ਬਾਗ ਵਿਚ ਮੌਤ ਦੇ ਵਹਿਸ਼ੀ ਤਾਂਡਵ ਨਾਚ ਬਾਰੇ ਹਿੰਦੋਸਤਾਨੀ ਅਤੇ ਅੰਗਰੇਜ਼ੀ ਸਿਆਸਤਦਾਨਾਂ ਦੇ ਵਿਚਾਰ ਪੇਸ਼ ਕੀਤੇ (ਰਾਮ ਸਿੰਘ ਮਜੀਠਾ, 1984)।

1. ਮਹਾਤਮਾ ਗਾਂਧੀ ਨੇ ਕਿਹਾ ਕਿ ਜੇਕਰ ਪੰਜਾਬ ਦਾ ਲੈਫਟੀਨੈਂਟ ਗਵਰਨਰ, ਮਾਈਕਲ ਓਡਵਾਇਰ, (Michael O'dwyer) ਭੜਕਾਊ ਤਕਰੀਰਾਂ, ਲੀਡਰਾਂ ਦੀ ਨਿੰਦਿਆ ਅਤੇ ਲੋਕਾਂ ਦੀ ਰਾਏ ਦਾ ਤਰਿਸਕਾਰ ਨਾ ਕਰਦਾ ਤਾਂ ਇਤਿਹਾਸ ਵੱਖਰੀ ਤਰ੍ਹਾਂ ਲਿਖਿਆ ਜਾਣਾ ਸੀ। ਉਸ ਨੇ ਹਿੰਦੋਸਤਾਨ ਦੇ ਵਾਇਸਰਾਏ, ਲੌਰਡ ਚੈਲਮਜ਼ਫੋਰਡ (Lord Chelmsford) ਨੂੰ ਖਤ ਲਿਖਿਆ ਕਿ ਜਨਰਲ ਡਾਇਰ ਨੇ ਜੋ ਕਾਰਵਾਈ ਕੀਤੀ ਹੈ ਉਹ ਲੋਕਾਂ ਉੱਤੇ ਜੁਰਮ ਦੀ ਵਹਿਸ਼ੀਆਨਾ ਹੱਦ ਤਕ ਦਰਿੰਦਗੀ ਸੀ। ਇਹ ਜ਼ੁਲਮ ਅਤੇ ਦਹਿਸ਼ਤਗਰਦੀ ਅਜੇਹੀ ਘਟਨਾ ਸੀ ਜਿਸ ਦੀ ਮਿਸਾਲ ਸਮਕਾਲੀ ਕਾਲ ਵਿਚ ਨਹੀਂ ਮਿਲਦੀ।
2. ਰਾਬਿੰਦਰ ਨਾਥ ਟੈਗੋਰ ਨੇ ਇਸ ਸਾਕੇ ਬਾਰੇ ਦਿਲੋਂ ਰੋਸ ਪ੍ਰਗਟ ਕੀਤਾ। 'ਸਰ' (Sir) ਦਾ ਕਿਤਾਬ ਵਾਪਸ ਕਰਦਿਆਂ ਕਿਹਾ ਕਿ, 'ਕੌਮੀ ਖੱਜਲ ਖੁਆਰੀ ਅਤੇ ਦੁਰਗਤੀ ਦੇ ਬੇਮਸਾਲ ਵਤੀਰੇ ਨੂੰ ਦੇਖਦਿਆਂ, ਇਹ ਸਨਮਾਨ-ਚਿੰਨ ਮੇਰੇ ਲਈ ਬੇਇੱਜ਼ਤੀ ਸਮਾਨ ਹੈ।
3. ਬ੍ਰਿਟਿਸ਼ ਸਲਤਨਤ ਦੇ ਪ੍ਰਧਾਨ ਮੰਤਰੀ, ਵਿੰਨਸਟਨ ਚਰਚਲ (Winston Churchill) ਨੇ ਕਿਹਾ ਕਿ ' ਜਲ੍ਹਿਆਂਵਾਲਾ ਬਾਗ ਦੀ ਘਟਨਾ ਦਰਦਨਾਕ, ਮਨਹੂਸ, ਨਿਵੇਕਲੀ ਅਤੇ ਕਲਮੂੰਹੀਂ ਸੀ'।
4. ਪੰਡਿਤ ਨਹਿਰੂ ਨੇ ਕਿਹਾ 'ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਨਾਲ ਐਂਗਲੋ-ਇੰਡੀਅਨ ਸਬੰਧਾਂ ਨੇ ਖਤਰਨਾਕ ਮੋੜ ਕੱਟਿਆ ਹੈ। ਹਿੰਦੋਸਤਾਨ ਦੀ ਤਵਾਰੀਖ ਵਿਚ ਕਿਸੇ ਕੱਲੇ-ਕਾਰੇ ਅਫਸਰ ਨੇ ਰਾਜਸੀ ਹਾਲਾਤ ਉੱਤੇ ਐਨਾ ਗੰਭੀਰ ਅਸਰ ਨਹੀਂ ਪਾਇਆ, ਜਿੰਨਾ ਡਾਇਰ ਦੀ ਜਲ੍ਹਿਆਂਵਾਲਾ ਬਾਗ ਦੀ ਕਾਰਵਾਈ ਨੇ ਪਾਇਆ ਹੈ।
5. ਰਿਹਾਈ ਤੋਂ ਬਾਅਦ ਡਾ. ਕਿਚਲੂ ਨੇ ਕਿਹਾ, 'ਲੋਕੋ ! ਜਲ੍ਹਿਆਂਵਾਲ਼ਾ ਬਾਗ ਦੇ ਸਾਕੇ ਨੂੰ ਚੇਤੇ ਕਰਕੇ ਦੱਸੋ, ਕੀ ਤੁਸੀਂ ਉਨ੍ਹਾਂ ਲੋਕਾਂ ਨਾਲ ਰਾਬਤਾ ਰੱਖਣਾ ਚਾਹੋਗੇ ਜਿਨ੍ਹਾਂ ਨੇ ਅਸਾਡੇ ਬੱਚਿਆਂ ਦੇ ਖ਼ੂਨ ਨਾਲ ਹੱਥ ਰੰਗੇ ਹਨ ?

**ਹੰਟਰ ਕਮਿਸ਼ਨ ਰਿਪੋਰਟ-**

ਜਲ੍ਹਿਆਂਵਾਲ਼ਾ ਬਾਗ਼ ਦੇ ਕਤਲਾਮ ਨੂੰ ਘੋਖਣ-ਪਰਖਣ ਲਈ ਬ੍ਰਿਟਿਸ਼ ਸਰਕਾਰ ਨੇ ਹੰਟਰ ਕਮਿਸ਼ਨ ਬਣਾਇਆ। ਇਸ ਦਾ ਚੇਅਰਮੈਨ ਲੌਰਡ ਹੰਟਰ ਸੀ ਜੋ ਸਕੋਟਲੈਂਡ ਦਾ ਸੁਲਿਸ਼ਟਰ ਜਨਰਨੈਲ ਸੀ। ਕਮਿਸ਼ਨ ਦੇ ਹੇਠ ਲਿਖੇ ਮੈਂਬਰ ਸਨ।

1. ਕਲਕੱਤੇ ਦੀ ਕਚਹਿਰੀ ਦਾ ਜਸਟਿਸ, ਜੌਰਜ ਸੀ. ਰੈਂਕਿਨ,
2. ਬੰਬਈ ਯੂਨੀਵਰਸਿਟੀ ਦਾ ਵਾਈਸ ਚਾਂਸਲਰ, ਚਮਨਲਾਲ ਹਰੀਲਾਲ ਸੀਤਵਾਸ,
3. ਗ੍ਰਹਿ-ਵਿਭਾਗ ਦਾ ਕਰਮਚਾਰੀ, ਡਵਯੂ. ਐਫ. ਰਾਈਸ,
4. ਪਸ਼ਾਵਰ ਡਵੀਜਨ ਦਾ, ਮੇਜਰ ਜਨਰਲ ਜੌਰਜ ਬਾਰੋ,
5. ਸੰਯੁਕਤ ਪ੍ਰਾਂਤਾਂ ਦਾ ਲੈਜਿਸਲੇਟਿਵ ਕੌਂਸਲ ਅਤੇ ਵਕੀਲ, ਪੰਡਤ ਜਗਤ ਨਾਰਾਇਣ,
6. ਸੰਯੁਕਤ ਪ੍ਰਾਂਤਾਂ ਦਾ ਲੈਜਿਸਲੇਟਿਵ ਕੌਂਸਲ, ਟੌਮਸ ਸਮਿੱਥ,
7. ਗਵਾਲੀਅਰ ਦਾ ਵਕੀਲ, ਸਰਦਾਰ ਸਾਹਿਬਜ਼ਾਦਾ ਸੁਲਤਾਨ ਖਾਨ,
8. ਕਮਿਸ਼ਨ ਦਾ ਸਕੱਤਰ, ਐਚ. ਸੀ. ਸਟੋਕਸ।

ਅਕਤੂਬਰ, 29, 1919 ਨੂੰ ਨਵੀਂ ਦਿੱਲੀ ਵਿਚ ਕਮਿਸ਼ਨ ਦੀ ਮੀਟਿੰਗ ਹੋਈ। ਕਮਿਸ਼ਨ ਨੇ ਗਵਾਹਾਂ ਦੇ ਬਿਆਨ ਲਏ। ਦੂਜੀ ਮੀਟੰਗ 19 ਨਵੰਬਰ ਨੂੰ ਹੋਈ ਜਿਸ ਵਿਚ ਕਮਿਸ਼ਨ ਨੇ ਜਨਰਲ ਡਾਇਰ ਨੂੰ ਸਵਾਲ ਪੁੱਛੇ ਤੇ ਉਸ ਨੇ ਜਵਾਬ ਦਿੱਤੇ।

ਸਵਾਲ : ਜਦ ਤੂੰ ਜਲ੍ਹਿਆਂਵਾਲ਼ਾ ਬਾਗ਼ ਵਿਚ ਗਿਆ ਤਾਂ ਕੀ ਕੀਤਾ ?
ਉੱਤਰ : ਗੋਲੀ ਚਲਾਈ।
ਸਵਾਲ : ਯਕਦਮ !
ਉੱਤਰ : ਪਹਿਲਾਂ ਮੈ ਮਸਲੇ ਬਾਰੇ ਸੋਚਿਆ ਤੇ ਫੈਸਲਾ ਲੈਣ ਲਈ 30 ਸਕਿੰਟ ਲੱਗੇ ਕਿ ਮੇਰੀ ਡਿਊਟੀ ਕੀ ਹੈ ?
ਸਵਾਲ : ਭੀੜ ਕੀ ਕਰ ਰਹੀ ਸੀ ?
ਉੱਤਰ : ਲੋਕ ਮੀਟਿੰਗ ਕਰ ਰਹੇ ਸਨ। ਕੇਂਦਰ ਵਿਚ ਮੰਚ 'ਤੇ ਇਕ ਬੰਦਾ ਹੱਥ ਉਲਾਰ ਕੇ ਤਕਰੀਰ ਕਰ ਰਿਹਾ ਸੀ। ਜਿੱਥੇ ਮੈਂ ਖੜ੍ਹਾ ਸੀ, ਉਸ ਤੋਂ 50-60 ਗਜ਼ ਦੂਰ ਮੇਰੇ ਫੌਜੀ ਸਿਪਾਹੀ ਖੜ੍ਹੇ ਸਨ। ਮੈਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। (ਜਨਰਲ ਨੇ ਮੰਨਿਆਂ ਕਿ ਸ਼ਾਇਦ ਬਹੁਤਿਆਂ ਨੇ ਸ਼ਹਿਰ ਵਿਚ ਪਿੱਟੀ ਗਈ ਡੌਂਡੀ ਨਾ ਸੁਣੀ ਹੋਵੇ)।
ਸਵਾਲ : ਜੇ ਲੋਕਾਂ ਨੇ ਡੌਂਡੀ ਨਾ ਸੁਣੀ ਹੋਵੇ ਤਾਂ ਤੈਨੂੰ ਇਹ ਨਹੀਂ ਸੁੱਝਿਆ ਕਿ ਭੀੜ ਨੂੰ ਤਿਤਰ-ਬਿਤਰ ਕਰਨ ਲਈ ਪਹਿਲਾਂ ਚਿਤਾਵਨੀ ਦਿੱਤੀ ਜਾਵੇ ?
ਉੱਤਰ : ਨਹੀਂ, ਉਸ ਵੇਲੇ ਮੈਨੂੰ ਨਹੀਂ ਸੁੱਝਿਆ। ਮੈਨੂੰ ਕੇਵਲ ਇਹ ਖਿਆਲ ਆਇਆ ਕਿ ਲੋਕਾਂ ਨੇ ਮੇਰਾ ਹੁਕਮ ਨਹੀਂ ਮੰਨਿਆਂ, ਮਾਰਸ਼ਲ ਲਾਅ ਦੀ ਅਵੱਗਿਆ ਕੀਤੀ, ਇਸ ਲਈ ਯਕਦਮ ਗੋਲੀ ਚਲਾਉਣਾ ਮੇਰੀ ਡਿਊਟੀ ਸੀ।
ਸਵਾਲ : ਜਦ ਤੂੰ ਭੀੜ ਨੂੰ ਭਜਾਇਆ ਤਾਂ ਲੋਕਾਂ ਨੇ ਕੋਈ ਵਾਰਦਾਤ ਕੀਤੀ ?
ਉੱਤਰ : ਨਹੀਂ ਜਨਾਬ, ਉਹ ਦੌੜ ਗਏ, ਕੁਝ ਨੇ...!
ਸਵਾਲ : (ਵਿਚੋਂ ਗੱਲ ਟੋਕ ਕੇ) ਕੀ ਉਨ੍ਹਾਂ ਨੇ ਉਸੇ ਵੇਲੇ ਭੱਜਣਾ ਸ਼ੁਰੂ ਕਰ ਦਿੱਤਾ ?
ਉੱਤਰ : ਹਾਂ, ਜਦ ਮੈਂ ਗੋਲਾਬਾਰੀ ਸ਼ੁਰੂ ਕੀਤੀ ਤਾਂ ਕੇਂਦਰ ਵਿਚਲੀ ਭੀੜ ਸੱਜੇ ਪਾਸੇ ਵਲ ਦੌੜੀ।
ਸਵਾਲ : ਮਾਰਸ਼ਲ ਲਾਅ ਅਜੇ ਲਾਗੂ ਨਹੀਂ ਸੀ ਹੋਇਆ ਜਦ ਤੂੰ ਇਹ ਕਾਰਾ ਕੀਤਾ ਜੋ ਕਿ ਬਹੁਤ ਹੀ ਭਿਆਨਕ ਸੀ। ਤੂੰ ਡਿਪਟੀ ਕਮਿਸ਼ਨਰ, ਜੋ ਸ਼ਹਿਰ ਵਿਚ ਸਿਵਲ ਅਧਿਕਾਰ ਦਾ ਜ਼ਿੰਮੇਵਾਰ ਸੀ, ਤੋਂ ਪੁੱਛਣ ਦੀ ਜ਼ਹਿਮਤ ਨਹੀਂ ਉਠਾਈ ?
ਉੱਤਰ : ਉਸ ਵੇਲੇ ਪੁੱਛਣ ਲਈ ਡਿਪਟੀ ਕਮਿਸ਼ਨਰ ਮੌਜੂਦ ਨਹੀਂ ਸੀ। ਨਾਲੇ ਉਸ ਵੇਲੇ ਕਿਸੇ ਤੋਂ ਪੁੱਛਣਾ ਅਕਲਮੰਦੀ ਨਹੀਂ ਸੀ। ਮੈਨੂੰ ਯਕਦਮ ਕੋਈ ਫੈਸਲਾ ਲੈਣਾ ਪੈਣਾ ਸੀ ਕਿ ਮੇਰਾ ਕਾਰਜ ਕੀ ਹੋਣਾ ਚਾਹੀਦਾ ਹੈ। ਮੈਂ ਮਿਲਟ੍ਰੀ ਦੇ ਪੱਖ ਤੋਂ ਸੋਚਿਆ ਕਿ ਯਕਦਮ ਗੋਲਾਬਾਰੀ ਕਰਨੀ ਚਾਹੀਦੀ ਹੈ, ਜੇ ਅਜੇਹਾ ਨਾ ਕੀਤਾ ਤਾਂ ਮੇਰੀ ਜ਼ਿੰਮੇਵਾਰੀ ਦੀ ਕੁਤਾਹੀ ਹੋਵੇਗੀ।
ਸਵਾਲ : ਗੋਲਾਬਾਰੀ ਵੇਲੇ, ਤੇਰਾ ਇਰਾਦਾ ਭੀੜ ਨੂੰ ਤਿਤਰ-ਬਿਤਰ ਕਰਨ ਦਾ ਸੀ ?
ਉੱਤਰ : ਨਹੀਂ ਜਨਾਬ, ਮੈਂ ਭੀੜ ਦੇ ਬਿਖਰਨ ਤਕ ਗੋਲਾਬਾਰੀ ਕਰਦੇ ਰਹਿਣਾ ਸੀ।
ਸਵਾਲ : ਕੀ ਗੋਲੀ ਚੱਲਣ ਸਾਰ ਭੀੜ ਖਿੱਲਰਨੀ ਸ਼ੁਰੂ ਹੋ ਗਈ ਸੀ ?
ਉੱਤਰ : ਜੀ।
ਸਵਾਲ : ਕੀ ਤੂੰ ਗੋਲਾਬਾਰੀ ਜਾਰੀ ਰੱਖੀ ?
ਉੱਤਰ : ਹਾਂ।
ਸਵਾਲ : ਜਦ ਲੱਗਿਆ ਕਿ ਭੀੜ ਖਿੱਲਰਨੀ ਸ਼ੁਰੂ ਹੋ ਗਈ ਹੈ, ਤੂੰ ਗੋਲਾਬਾਰੀ ਬੰਦ ਕਿਉਂ ਨਾ ਕੀਤੀ ?
ਉੱਤਰ : ਮੈ ਸੋਚਿਆ ਕਿ ਜਿੰਨਾ ਚਿਰ ਸਾਰੀ ਭੀੜ ਖਿੱਲਰ ਨਹੀਂ ਜਾਂਦੀ, ਗੋਲਾਬਾਰੀ ਜਾਰੀ ਰਹਿਣੀ ਚਾਹੀਦੀ ਹੈ। ਇਹ ਵੀ ਸੋਚਿਆ ਕਿ ਥੋੜ੍ਹੀ-ਵਾਹਲੀ ਗੋਲੀ ਚਲਾਉਣ ਨਾਲੋਂ ਤਾਂ ਮੂਲੋਂ ਹੀ ਨਹੀਂ ਚਲਾਉਣੀ ਚਾਹੀਦੀ।
ਸਵਾਲ : ਤੂੰ ਜ਼ਖਮੀਆਂ ਦੀ ਮੱਦਦ ਕੀਤੀ ?
ਉੱਤਰ : ਇਹ ਮੇਰਾ ਕੰਮ ਨਹੀਂ, ਹਸਪਤਾਲ ਦਾ ਸੀ।
ਸਵਾਲ : ਕੀ ਤੂੰ ਮਸ਼ੀਗੰਨ ਵਰਤਣ ਬਾਰੇ ਵੀ ਸੋਚਿਆ ?
ਉੱਤਰ : ਹਾਂ।
ਸਵਾਲ : ਫੇਰ ਤਾਂ ਬਹੁਤ ਮਰਨੇ ਸਨ !
ਉਤਰ : ਹਾਂ।

ਜਨਰਲ ਡਾਇਰ ਨੇ ਹੋਰ ਕਈ ਸਵਾਲਾਂ ਦੇ ਉੱਤਰ ਦਿੰਦਿਆਂ ਮੰਨਿਆਂ ਕਿ ਉਸ ਨੂੰ ਮਿਲਟ੍ਰੀ ਦਾ ਤਜਰਬਾ ਸੀ, ਲੋਕਾਂ ਨਾਲ ਸਿੱਝਣ ਦਾ ਕੋਈ ਖਾਸ ਅਭਿਆਸ ਨਹੀਂ ਸੀ। ਜੇ ਗੋਲੀ ਨਾ ਚਲਾਉਂਦਾ ਤਾਂ ਲੋਕ ਮੇਰੇ ਤੇ ਥੁੱਕਦੇ ਤੇ ਮਜ਼ਾਕ ਉਡਾਉਂਦੇ। ਮੈਂ ਸਾਰੇ ਪੰਜਾਬ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਹੰਟਰ ਕਮਿਸ਼ਨ ਨੇ ਜਨਰਲ ਡਾਇਰ ਨੂੰ ਕੋਈ ਸਜ਼ਾ ਨਹੀਂ ਦਿੱਤੀ ਤੇ ਨਾ ਕਾਇਦਾ ਕਾਨੂੰਨ ਅੰਦਰ ਰਹਿਣ ਦੀ ਚਿਤਾਵਨੀ ਦਿੱਤੀ। ਭਾਵੇਂ ਮਸਲਾ ਰਾਜਨੀਤਕ ਅਤੇ ਕਾਨੂੰਨੀ ਸੀ, ਪਰ ਆਹਲਾ ਅਫਸਰ ਡਾਇਰ ਦੇ ਵਿਰੁੱਧ ਖੜ੍ਹੇ ਨਾ ਹੋਏ। (Hunter Commission Report1919).

ਜਲ੍ਹਿਆਂਵਾਲ਼ਾ ਬਾਗ ਦੀ ਦੁਰਘਟਨਾ ਤੋਂ ਕੁਝ ਮਹੀਨੇ ਬਾਅਦ ਅੰਮ੍ਰਿਤਸਰ ਵਿਚ ਕਾਂਗਰਸ ਦਾ ਸਾਲਾਨਾ ਇਜਲਾਸ ਹੋਇਆ। ਇਸ ਵਿਚ ਕੁਝ ਮਤੇ ਪਾਸ ਕੀਤੇ ਗਏ ਜਿਵੇਂ ਵਿਦੇਸ਼ੀ ਮਾਲ ਦਾ ਬਾਈਕਾਟ ਕਰਨਾ, ਸਿਵਲ ਨਾਫਰਮਾਨੀ ਦੀ ਲਹਿਰ ਜਾਰੀ ਰੱਖਣਾ ਅਤੇ ਜਲਿਆਂਵਾਲਾ ਬਾਗ ਵਿਚ ਡੁੱਲ੍ਹੇ ਖ਼ੂਨ ਨੂੰ ਜਲਸਿਆਂ ਰਾਹੀਂ ਜਨਤਾ ਦੀ ਯਾਦਾਸ਼ਤ ਵਿਚ ਬਣਾਈ ਰੱਖਣਾ। ਇਹ ਘਟਨਾ ਕੋਈ ਨਿਵੇਕਲੀ ਨਹੀਂ ਸੀ, ਗੋਰਿਆਂ ਵਲੋਂ ਹਿੰਦੋਸਤਾਨੀਆਂ 'ਤੇ ਢਾਹੇ ਪਹਿਲੇ ਅਤਿਆਚਾਰਾਂ ਦੀ ਹੀ ਲੜੀ ਸੀ। ਇਸ ਤੋਂ ਪਹਿਲਾਂ ਮਲੇਰਕੋਟਲੇ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਉਣਾ, ਲਾਹੌਰ ਸਾਜਿਸ਼ ਕੇਸਾਂ ਵਿਚ ਗ਼ਦਰੀਆਂ ਨੂੰ ਮੌਤ ਦੀ ਸਜਾ ਦੇਣਾ ਤੇ ਜੇਲ੍ਹਾਂ ਵਿਚ ਸੁੱਟਣਾ ਅਤੇ ਬਜ ਬਜ 'ਤੇ ਕਾਮਾਗਾਟੂ ਮਾਰੂ ਜਹਾਜ਼ ਦੇ ਯਾਤਰੀਆਂ ਨੂੰ ਗੋਲੀਆਂ ਨਾਲ ਭੁੰਨਣਾ, ਮੌਤ ਦੇ ਤਾਂਡਵ ਨਾਚ ਦੀਆਂ ਵੱਖ ਵੱਖ ਝਾਕੀਆਂ ਸਨ।

(ਚਲਦਾ)

# ਲੋਕ ਸਭਾ ਚੋਣ : 100 ਸੀਟਾਂ 'ਤੇ ਭਾਜਪਾ-ਕਾਂਗਰਸ ਵਿਚ ਹੋਵੇਗਾ ਸਿੱਧਾ ਮੁਕਾਬਲਾ

- **ਕਾਂਗਰਸ ਵੱਖ-ਵੱਖ ਸਟੇਟਾਂ 'ਚ ਗੱਠਜੋੜ ਰਾਜਨੀਤੀ ਵੱਲ ਵਧੀ, ਫਿਰਕੂ ਸਿਆਸਤ ਅਤੇ ਮੋਦੀ ਦੀਆਂ ਨੀਤੀਆਂ 'ਤੇ ਕਰੇਗੀ ਅਟੈਕ**

**ਜਲੰਧਰ/ਬਿਊਰੋ ਨਿਊਜ਼**

ਲੋਕ ਸਭਾ ਚੋਣਾਂ ਦੇ ਸੀਜ਼ਨ ਵਿਚ 100 ਸੀਟਾਂ ਭਾਜਪਾ ਅਤੇ ਕਾਂਗਰਸ ਲਈ ਬਹੁਤ ਮਹੱਤਵਪੂਰਨ ਰਹਿਣਗੀਆਂ, ਜਿੱਥੇ ਹਾਰ-ਜਿੱਤ ਦਾ ਫਰਕ 10 ਫੀਸਦੀ ਦੇ ਆਸ ਪਾਸ ਰਿਹਾ ਹੈ। ਚੋਣਾਂ ਵਿਚ ਕਾਂਗਰਸ ਦੀ ਨਜ਼ਰ ਦੇਸ਼ ਦੀਆਂ ਕਰੀਬ 56 ਸੀਟਾਂ 'ਤੇ ਹੋਵੇਗੀ, ਜਿੱਥੇ ਉਹ 80 ਹਜ਼ਾਰ ਜਾਂ ਉਸ ਤੋਂ ਘੱਟ ਵੋਟਾਂ ਨਾਲ ਹਾਰੀ ਸੀ। ਇਨ੍ਹਾਂ ਵਿਚ 24 ਸੀਟਾਂ 'ਤੇ ਬਹੁਤ ਸਖ਼ਤ ਮੁਕਾਬਲਾ ਸੀ। ਲੋਕ ਸਭਾ ਚੋਣਾਂ 2014 ਦੇ ਨਤੀਜਿਆਂ ਨਾਲ ਸਪੱਸ਼ਟ ਹੁੰਦਾ ਹੈ ਕਿ ਕਾਂਗਰਸ ਪਾਰਟੀ 224 ਸੀਟਾਂ 'ਤੇ ਦੂਜੇ ਸਥਾਨ 'ਤੇ ਰਹੀ ਸੀ, ਜਦਕਿ ਉਸ ਨੂੰ 44 ਸੀਟਾਂ 'ਤੇ ਜਿੱਤ ਹਾਸਲ ਹੋਈ ਸੀ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ 282 ਸੀਟਾਂ 'ਤੇ ਜਿੱਤੀ ਸੀ ਅਤੇ 146 ਸੀਟਾਂ 'ਤੇ ਉਸ ਨੂੰ ਹਾਰ ਮਿਲੀ ਸੀ। ਜਿਨ੍ਹਾਂ ਸੀਟਾਂ 'ਤੇ ਭਾਜਪਾ ਹਾਰੀ ਸੀ, ਉਨ੍ਹਾਂ ਵਿਚੋਂ 82 ਸੀਟਾਂ 'ਤੇ ਭਾਜਪਾ ਉਮੀਦਵਾਰਾਂ ਨੂੰ ਮਿਲੇ ਵੋਟ ਜਿੱਤੇ ਉਮੀਦਵਾਰ ਤੋਂ 20 ਫੀਸਦੀ ਘੱਟ ਸਨ ਅਤੇ 33 ਸੀਟਾਂ 'ਤੇ ਭਾਜਪਾ ਦੀ ਹਾਰ ਦਾ ਫੀਸਦੀ 10 ਜਾਂ ਉਸ ਤੋਂ ਘੱਟ ਸੀ।

ਲੋਕ ਸਭਾ ਚੋਣਾਂ ਦਾ ਪ੍ਰਚਾਰ ਕੰਮ ਤੇਜ਼ ਹੋਣ ਦੇ ਨਾਲ-ਨਾਲ ਕਾਂਗਰਸ ਦਾ ਜ਼ੋਰ ਊਧਮਪੁਰ, ਖਡੂਰ ਸਾਹਿਬ, ਸਹਾਰਨਪੁਰ, ਕਰੌਨੀ, ਡੋਲਪੁਰ, ਲੋਹਾਰਦਗਾ, ਰਾਂਚੀ, ਮਹਾਸਮੁੰਦ, ਆਨੰਦ, ਸਾਂਵਰਕਾਂਠਾ, ਧਾਰ, ਨੰਦੂਰਬਾਰ, ਦਾਦਰਾ ਨਗਰ ਹਵੇਲੀ, ਦਾਵਣਗੇਰੇ, ਬੇਲਗਾਓਂ, ਕੁਸ਼ੀਨਗਰ, ਰਾਏਜੰਗ, ਮਾਂਡਿਆ, ਕੋਪਲ, ਬੇਲਗਾਮ, ਸਾਸਾਰਾਮ, ਲਕਸ਼ਦੀਪ, ਤ੍ਰਿਸ਼ੂਰ, ਬੀਜਾਪੁਰ, ਕਾਸਰਗੋਡ ਸੀਟ 'ਤੇ ਵੱਧ ਗਿਆ ਹੈ। ਇਨ੍ਹਾਂ ਸੀਟਾਂ 'ਤੇ ਪਿਛਲੀਆਂ ਚੋਣਾਂ ਵਿਚ ਕਾਂਟੇ ਦੀ ਟੱਕਰ ਦਾ ਮੁਕਾਬਲਾ ਸੀ। ਦੇਸ਼ ਭਰ ਵਿਚ ਕੁੱਲ 23 ਸੀਟਾਂ 'ਤੇ ਹਾਰ-ਜਿੱਤ ਦਾ ਫੈਸਲਾ ਸਿਰਫ਼ ਇੱਕ ਫੀਸਦੀ ਤੋਂ ਘੱਟ ਵੋਟਾਂ ਨਾਲ ਹੋਇਆ ਸੀ। ਇਸ ਵਿਚ ਸਭ ਤੋਂ ਜ਼ਿਆਦਾ ਚਾਰ ਸੀਟਾਂ ਕਰਨਾਟਕ ਵਿਚ, ਤਿੰਨ ਕੇਰਲ ਵਿਚ ਅਤੇ ਦੋ ਦੋ ਸੀਟਾਂ ਆਂਧਰਾ ਪ੍ਰਦੇਸ਼, ਬਿਹਾਰ, ਛੱਤੀਸਗੜ੍ਹ, ਉਡੀਸ਼ਾ ਅਤੇ ਪੱਛਮੀ ਬੰਗਾਲ ਵਿਚ, ਜਦਕਿ ਇੱਕ-ਇੱਕ ਸੀਟ ਜੰਮੂ-ਕਸ਼ਮੀਰ, ਝਾਰਖੰਡ, ਮੱਧ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਵਿਚ ਹੈ। ਇਨ੍ਹਾਂ 23 ਸੀਟਾਂ 'ਤੇ ਜਿੱਤ-ਹਾਰ ਦਾ ਅੰਤਰ 36 ਹਜ਼ਾਰ ਤੋਂ ਲੈ ਕੇ 11,178 ਰਿਹਾ। ਇਨ੍ਹਾਂ ਸੀਟਾਂ ਵਿਚੋਂ ਛੇ-ਛੇ ਸੀਟਾਂ ਭਾਜਪਾ ਅਤੇ ਕਾਂਗਰਸ ਨੇ ਜਿੱਤੀਆਂ, ਜਦਕਿ ਤਿੰਨ ਸੀਟਾਂ ਮਾਕਪਾ, ਦੋ ਸੀਟਾਂ ਬੀਜੂ ਜਨਤਾ ਦਲ ਅਤੇ ਇੱਕ-ਇੱਕ ਸੀਟ ਰਾਜਦ, ਲੋਜਪਾ, ਜੇ ਡੀ ਐੱਸ, ਸ਼ਿਵ ਸੈਨਾ, ਤੇਦੇਪਾ ਅਤੇ ਟੀ ਆਰ ਐੱਸ ਨੂੰ ਮਿਲੀ ਸੀ। ਇੱਕ ਫੀਸਦੀ ਤੋਂ ਘੱਟ ਅੰਤਰ ਵਾਲੀਆਂ ਇਨ੍ਹਾਂ 23 ਸੀਟਾਂ ਵਿਚੋਂ 17 ਸੀਟਾਂ 'ਤੇ ਵੋਟਾਂ ਦਾ ਫੀਸਦੀ 70 ਫੀਸਦੀ ਤੋਂ ਜ਼ਿਆਦਾ ਸੀ। ਇਸ ਲਈ ਇਨ੍ਹਾਂ ਸੀਟਾਂ 'ਤੇ ਵੋਟ ਫੀਸਦੀ ਵੱਧ ਦੀ ਗੁੰਜਾਇਸ਼ ਜ਼ਿਆਦਾ ਨਹੀਂ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਇੱਕ ਫੀਸਦੀ ਵੋਟਾਂ ਦੇ ਅੰਤਰ ਨਾਲ ਜਿੱਤਣ ਵਾਲੇ ਪ੍ਰਮੁੱਖ ਨੇਤਾਵਾਂ ਵਿਚ ਕਾਂਗਰਸ ਨੇਤਾ ਐੱਮ ਵੀਰੱਪਾ ਮੋਇਲੀ, ਸ਼ਿਵ ਸੈਨਾ ਦੇ ਅਨੰਤ ਗੀਤੇ ਅਤੇ ਮਾਕਪਾ ਦੇ ਮੁਹੰਮਦ ਸਲੀਮ ਦੇ ਨਾਂ ਸ਼ਾਮਲ ਹਨ। 2014 ਵਿਚ ਹਾਰ-ਜਿੱਤ ਦਾ ਸਭ ਤੋਂ ਘੱਟ ਫਰਕ ਜੰਮੂ-ਕਸ਼ਮੀਰ ਦੀ ਲੱਦਾਖ ਸੀਟ 'ਤੇ ਸੀ, ਜਿੱਥੇ ਭਾਜਪਾ ਸਿਰਫ਼ 36 ਵੋਟਾਂ ਦੇ ਫਰਕ ਨਾਲ ਜਿੱਤੀ ਸੀ। ਛੱਤੀਸਗੜ੍ਹ ਦੀ ਮਹਾਸਮੁੰਦ ਸੀਟ 'ਤੇ ਭਾਜਪਾ ਦੀ ਜਿੱਤ ਦਾ ਅੰਤਰ ਸਿਰਫ਼ 1217 ਵੋਟਾਂ ਦਾ ਸੀ, ਜਿੱਥੇ ਭਾਜਪਾ ਦੇ ਚੰਦੂਲਾਲ ਸਾਹੂ ਨੇ ਅਜੀਤ ਜੋਗੀ ਨੂੰ ਹਰਾਇਆ ਸੀ। ਕਰਨਾਟਕ ਦੀ ਰਾਏਚੂਰ ਸੀਟ 'ਤੇ ਕਾਂਗਰਸ ਦੇ ਬੀ ਵੀ ਵਿਨਾਇਕ ਨੇ ਭਾਜਪਾ ਦੇ ਏ ਸ਼ਿਵਨਗੌੜਾ ਨਾਇਕ ਨੂੰ 1499 ਵੋਟਾਂ ਨਾਲ ਹਰਾਇਆ ਸੀ। ਲਕਸ਼ਦੀਪ ਸੀਟ 'ਤੇ ਰਾਕਾਂਪਾ ਦੇ ਮੁਹੰਮਦ ਫੈਜਲ ਨੇ ਹਮਦੁੱਲਾ ਸਈਦ ਨੂੰ 1535 ਵੋਟਾਂ ਨਾਲ ਅਤੇ ਮਹਾਰਾਸ਼ਟਰ ਦੀ ਹਿੰਗੋਲੀ ਸੀਟ 'ਤੇ ਕਾਂਗਰਸ ਦੇ ਰਾਜੀਵ ਸ਼ੰਕਰ ਰਾਓ ਸਾਤਵ ਨੇ ਸ਼ਿਵ ਸੈਨਾ ਦੇ ਵਾਖੇੜੇ ਸੁਭਾਸ਼ ਬਾਪੂਰਾਓ ਨੂੰ 1632 ਵੋਟਾਂ ਨਾਲ ਹਰਾਇਆ ਸੀ।

**ਕਾਂਗਰਸ ਦੀ ਕੀ ਹੋਵੇਗੀ ਰਣਨੀਤੀ ?**

ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਲੋਂ ਪਾਸ ਕੀਤੇ ਗਏ ਰਾਜਨੀਤਕ ਮਤੇ ਅਤੇ ਇਸ ਤੋਂ ਬਾਅਦ ਗਾਂਧੀ ਨਗਰ ਵਿਚ ਪਾਰਟੀ ਵਲੋਂ ਕੀਤੀ ਗਈ ਰੈਲੀ ਵਿਚ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਅਤੇ ਕਾਂਗਰਸ ਦੀ ਨਵੀਂ ਬਣੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਜੋ ਭਾਸ਼ਣ ਦਿੱਤੇ ਹਨ, ਉਨ੍ਹਾਂ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਕਾਂਗਰਸ ਨੇ ਆਗਾਮੀ ਚੋਣਾਂ ਦੌਰਾਨ ਭਾਜਪਾ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਫ਼ਿਰਕੂ ਤੇ ਫਾਸ਼ੀਵਾਦੀ ਵਿਚਾਰਧਾਰਾ ਨੂੰ ਹਰਾਉਣ ਦਾ ਅਹਿਦ ਲਿਆ ਹੈ। ਇਸ ਦੇ ਨਾਲ ਹੀ ਕਾਂਗਰਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਚੋਣ ਮੁਹਿੰਮ ਦੌਰਾਨ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੀ ਪਿਛਲੀ 5 ਸਾਲਾਂ ਦੀ ਕਾਰਗੁਜ਼ਾਰੀ ਲਈ ਉਸ ਦੀ ਜਵਾਬਦੇਹੀ ਕੀਤੀ ਜਾਏਗੀ। ਕਾਂਗਰਸ ਲੋਕਾਂ ਵਿਚ ਇਹ ਮੁੱਦੇ ਲੈ ਕੇ ਜਾਏਗੀ ਕਿ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਆਉਣ 'ਤੇ ਹਰ ਸਾਲ 2 ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਵਿਦੇਸ਼ਾਂ ਤੋਂ ਕਾਲਾ ਧਨ ਲਿਆ ਕੇ ਹਰੇਕ ਦੇ ਖਾਤੇ ਵਿਚ 15 ਲੱਖ ਰੁਪਏ ਜਮ੍ਹਾਂ ਕਰਵਾਉਣ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੇ ਮੁਤਾਬਿਕ ਭਾਅ ਦੇਣ ਦੇ ਵਾਅਦੇ ਕੀਤੇ ਸਨ। ਪਰ ਉਨ੍ਹਾਂ ਵਲੋਂ ਆਪਣੇ ਇਨ੍ਹਾਂ ਵਾਅਦਿਆਂ ਦੀ ਪੂਰਤੀ ਤਾਂ ਕੀ ਕਰਨੀ ਸੀ, ਸਗੋਂ ਉਨ੍ਹਾਂ ਨੇ ਨੋਟਬੰਦੀ ਕਰਕੇ ਅਤੇ ਕਾਹਲੀ ਵਿਚ ਨੁਕਸਦਾਰ ਜੀ.ਐਸ.ਟੀ. ਕਰ-ਪ੍ਰਣਾਲੀ ਲਾਗੂ ਕਰਕੇ ਦੇਸ਼ ਅਤੇ ਦੇਸ਼ ਦੇ ਆਮ ਲੋਕਾਂ ਦੀ ਆਰਥਿਕਤਾ ਨੂੰ ਵੱਡੀ ਪੱਧਰ 'ਤੇ ਨੁਕਸਾਨ ਪਹੁੰਚਾਇਆ। ਕਾਂਗਰਸ ਨੇ ਇਹ ਵੀ ਤਹੱਈਆ ਕੀਤਾ ਹੈ ਕਿ ਉਹ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਦੇਸ਼ ਦੀ ਸੁਰੱਖਿਆ ਦਾ ਮੁੱਦਾ, ਜਿਸ 'ਤੇ ਸਾਰੀਆਂ ਰਾਜਨੀਤਕ ਪਾਰਟੀਆਂ ਇਕਮੁੱਠ ਹਨ, ਨੂੰ ਆਪਣੇ ਸੌੜੇ ਰਾਜਨੀਤਕ ਲਾਭਾਂ ਲਈ ਵਰਤਣ ਦੀ ਆਗਿਆ ਨਹੀਂ ਦੇਵੇਗੀ ਤੇ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਏਗਾ।

**ਗੱਠਜੋੜ ਸਿਆਸਤ ਵੱਲ ਵਧੀ ਕਾਂਗਰਸ-**

ਕਾਂਗਰਸ ਨੇ ਕਰਨਾਟਕ ਵਿਚ ਜਨਤਾ ਦਲ (ਸੈਕੂਲਰ) ਅਤੇ ਬਿਹਾਰ ਵਿਚ ਲਾਲੂ ਯਾਦਵ ਦੀ ਅਗਵਾਈ ਵਾਲੇ ਰਾਸ਼ਟਰੀ ਜਨਤਾ ਦਲ ਅਤੇ ਮਹਾਰਾਸ਼ਟਰ ਵਿਚ ਨੈਸ਼ਨਲ ਕਾਂਗਰਸ ਪਾਰਟੀ ਆਦਿ ਪਾਰਟੀਆਂ ਨਾਲ ਗੱਠਜੋੜ ਬਣਾਉਣ ਦਾ ਫ਼ੈਸਲਾ ਕੀਤਾ ਹੋਇਆ ਹੈ। ਉਪਰੋਕਤ ਪਾਰਟੀਆਂ ਨੇ ਵੀ ਕਾਂਗਰਸ ਨਾਲ ਗੱਠਜੋੜ ਬਣਾਉਣ ਵਾਸਤੇ ਮੋਟੇ ਤੌਰ 'ਤੇ ਸਹਿਮਤੀ ਦਿੱਤੀ ਹੋਈ ਹੈ ਪਰ ਇਸ ਦੇ ਬਾਵਜੂਦ ਕਾਂਗਰਸ ਪਾਰਟੀ ਅਜੇ ਤੱਕ ਆਪਣੀਆਂ ਉਪਰੋਕਤ ਭਾਈਵਾਲ ਪਾਰਟੀਆਂ ਨਾਲ ਸੀਟਾਂ ਦੀ ਵੰਡ ਤੈਅ ਨਹੀਂ ਕਰ ਸਕੀ, ਜਦੋਂ ਕਿ ਚੋਣ ਕਮਿਸ਼ਨ ਵਲੋਂ 7 ਪੜਾਵਾਂ ਵਿਚ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਜਾ ਚੁੱਕਾ ਹੈ ਅਤੇ ਵੱਖ-ਵੱਖ ਰਾਜਾਂ ਵਿਚ 11 ਅਪ੍ਰੈਲ ਤੋਂ 19 ਮਈ ਤੱਕ ਵੋਟਾਂ ਪੁਆਈਆਂ ਜਾਣੀਆਂ ਹਨ ਅਤੇ 23 ਮਈ ਨੂੰ ਵੋਟਾਂ ਦੇ ਨਤੀਜੇ ਐਲਾਨੇ ਜਾਣੇ ਹਨ। ਕੁਝ ਹੀ ਦਿਨਾਂ ਤੱਕ ਪਹਿਲੇ ਪੜਾਅ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦਾ ਅਮਲ ਸ਼ੁਰੂ ਹੋਣ ਵਾਲਾ ਹੈ। ਅਜਿਹੀ ਸਥਿਤੀ ਵਿਚ ਕਾਂਗਰਸ ਵਲੋਂ ਆਪਣੇ ਭਾਈਵਾਲਾਂ ਨਾਲ ਅਜੇ ਤੱਕ ਵੀ ਸੀਟਾਂ ਦੀ ਵੰਡ ਕਰਨ ਵਿਚ ਅਸਫਲ ਰਹਿਣਾ ਜਾਂ ਹੋਰ ਨਵੇਂ ਭਾਈਵਾਲਾਂ ਨੂੰ ਆਪਣੇ ਗੱਠਜੋੜ ਵਿਚ ਸ਼ਾਮਿਲ ਕਰਨ ਵਿਚ ਅਸਫਲ ਰਹਿਣਾ, ਉਸ ਲਈ ਵੱਡੀਆਂ ਚੁਣੌਤੀਆਂ ਪੈਦਾ ਕਰ ਸਕਦਾ ਹੈ। ਭਾਵੇਂ ਕੁਝ ਮਹੀਨੇ ਪਹਿਲਾਂ 5 ਰਾਜਾਂ ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਝਾਰਖੰਡ ਵਿਚ ਆਪਣੀਆਂ ਜਾਂ ਆਪਣੇ ਭਾਈਵਾਲਾਂ ਨਾਲ ਰਲ ਕੇ ਸਰਕਾਰਾਂ ਬਣਾਉਣ ਵਿਚ ਕਾਮਯਾਬ ਹੋਈ ਹੈ ਪਰ ਅਜੇ ਵੀ ਕਾਂਗਰਸ ਅਜਿਹੀ ਸਥਿਤੀ ਵਿਚ ਨਹੀਂ ਹੈ ਕਿ ਉਹ ਇਕੱਲਿਆਂ ਭਾਜਪਾ ਤੇ ਉਸ ਦੇ ਭਾਈਵਾਲਾਂ ਨੂੰ ਹਰਾ ਸਕੇ। ਸੱਤਾ ਤੋਂ ਬਾਹਰ ਹੋਣ ਕਰਕੇ ਫੰਡਾਂ ਦੇ ਪੱਖ ਤੋਂ ਵੀ ਉਸ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਭਾਜਪਾ ਦੀਆਂ ਚਿੰਤਾਵਾਂ ਵਧੀਆਂ-**

ਦੂਜੇ ਪਾਸੇ ਭਾਜਪਾ ਚੋਣਾਂ ਲਈ ਹਰ ਪੱਖ ਤੋਂ ਪੂਰੀ ਤਰ੍ਹਾਂ ਤਿਆਰ ਨਜ਼ਰ ਆ ਰਹੀ ਹੈ। ਇਸ ਗੱਲ ਨੂੰ ਮਹਿਸੂਸ ਕਰਦਿਆਂ ਭਾਜਪਾ ਨੇ ਨਾ ਕੇਵਲ ਆਪਣੇ ਪਹਿਲੇ ਭਾਈਵਾਲਾਂ ਨਾਲ ਆਪਣੇ ਰਿਸ਼ਤੇ ਸੁਧਾਰੇ ਸਗੋਂ ਆਪਣੇ ਗੱਠਜੋੜ ਵਿਚ ਕਈ ਹੋਰ ਭਾਈਵਾਲਾਂ ਨੂੰ ਸ਼ਾਮਿਲ ਕਰਨ ਲਈ ਵੀ ਕਦਮ ਤੇਜ਼ੀ ਨਾਲ ਚੁੱਕੇ। ਇਸ ਸਮੇਂ ਲਗਪਗ 40 ਤੋਂ ਵੱਧ ਛੋਟੀਆਂ-ਵੱਡੀਆਂ ਰਾਜਨੀਤਕ ਪਾਰਟੀਆਂ ਭਾਜਪਾ ਦੇ ਗੱਠਜੋੜ ਵਿਚ ਸ਼ਾਮਿਲ ਹਨ। ਵੱਡੇ ਰਾਜਾਂ ਤਾਮਿਲਨਾਡੂ ਵਿਚ ਏ.ਆਈ.ਡੀ.ਐਮ.ਕੇ. ਅਤੇ ਹੋਰ ਛੋਟੀਆਂ ਪਾਰਟੀਆਂ ਨਾਲ, ਬਿਹਾਰ ਵਿਚ ਨਿਤਿਸ਼ ਅਤੇ ਪਾਸਵਾਨ ਦੀਆਂ ਪਾਰਟੀਆਂ ਨਾਲ, ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਅਤੇ ਆਸਾਮ ਵਿਚ ਅਸਮ ਗਣ ਪ੍ਰੀਸ਼ਦ ਨਾਲ, ਪੰਜਾਬ ਵਿਚ ਅਕਾਲੀ ਦਲ ਨਾਲ ਅਤੇ ਦੇਸ਼ ਦੇ ਹੋਰ ਵੱਖ-ਵੱਖ ਰਾਜਾਂ ਵਿਚ ਕਈ ਹੋਰ ਛੋਟੀਆਂ ਪਾਰਟੀਆਂ ਨਾਲ ਮਿਲ ਕੇ ਭਾਜਪਾ ਚੋਣ ਮੈਦਾਨ ਵਿਚ ਉਤਰਨ ਲਈ ਤਿਆਰ ਬੈਠੀ ਹੈ। ਭਾਵੇਂ ਭਾਜਪਾ ਆਪਣੀਆਂ ਪਿਛਲੀਆਂ 5 ਸਾਲ ਦੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਚੋਣ ਲੜਨ ਦਾ ਇਰਾਦਾ ਰੱਖਦੀ ਸੀ ਪਰ ਇਸ ਦੇ ਨਾਲ ਉਹ ਪੁਲਵਾਮਾ ਹਮਲਾ ਤੇ ਅੱਤਵਾਦ ਮੁੱਦਿਆਂ ਨੂੰ ਆਧਾਰ ਬਣਾਏਗੀ ਕਿ ਦੇਸ ਸਿਰਫ਼ ਮੋਦੀ ਦੇ ਹੱਥ ਸੁਰੱਖਿਅਤ ਹੈ।

**'ਆਪ' ਤੇ ਕਾਂਗਰਸ ਦੀ ਗੱਲਬਾਤ ਦੇ ਸੰਕੇਤ-**

ਇੱਕ ਤਾਜ਼ਾ ਸਰਵੇ ਨੇ ਕਾਂਗਰਸ ਤੇ 'ਆਪ' ਪਾਰਟੀ ਨੂੰ ਦਿੱਲੀ ਵਿੱਚ ਗੱਠਜੋੜ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਸ ਸਬੰਧੀ ਅਗਲੇ ਦਿਨਾਂ ਅੰਦਰ ਤਸਵੀਰ ਸਾਫ ਹੋ ਜਾਏਗੀ। ਸੂਤਰਾਂ ਮੁਤਾਬਕ ਦੋਵੇਂ ਪਾਰਟੀਆਂ ਵਿਚ ਗੱਲਬਾਤ ਜਾਰੀ ਹੈ।

**ਭਾਰਤੀ ਰਾਜਨੀਤੀ 'ਚ ਕਾਲੇ ਧਨ ਵਾਲਿਆਂ ਤੇ ਅਪਰਾਧੀਆਂ ਦਾ ਬੋਲਬਾਲਾ**

ਭਾਰਤੀ ਚੋਣ ਸੁਧਾਰ ਅਤੇ ਨਿਰੀਖਣ ਨਾਲ ਜੁੜੀ ਇਕ ਸੰਸਥਾ ਦੇ ਸਰਵੇਖਣ ਵਿਚ ਦੱਸਿਆ ਗਿਆ ਹੈ ਕਿ ਲੰਘੇ 5 ਸਾਲਾਂ ਵਿਚ ਦੇਸ਼ ਦੇ ਕੁੱਲ 543 ਲੋਕ ਸਭਾ ਮੈਂਬਰਾਂ ਵਿਚੋਂ 153 ਲੋਕ ਸਭਾ ਦੇ ਮੈਂਬਰਾਂ ਦੀ ਆਮਦਨ ਵਿਚ ਦੁੱਗਣੀ ਤੋਂ ਜ਼ਿਆਦਾ ਦਾ ਵਾਧਾ ਦਰਜ ਕੀਤਾ ਗਿਆ ਹੈ। ਰਾਜਨੀਤੀ ਦਾ ਮੂਲ ਮਕਸਦ ਹੁਣ ਕਿਸੇ ਵੀ ਹਾਲਤ ਵਿਚ ਹੱਥ ਆਈ ਸੱਤਾ ਨੂੰ ਬਰਕਰਾਰ ਰੱਖਣਾ ਹੀ ਰਹਿ ਗਿਆ ਹੈ। ਦੇਸ਼ ਦੇ ਨੌਜਵਾਨਾਂ ਨੂੰ ਕੋਈ ਸਥਾਈ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਥਾਂ ਉਨ੍ਹਾਂ ਨੂੰ ਝੂਠੇ ਨਾਅਰਿਆਂ ਵਿਚ ਉਲਝਾ ਕੇ ਸਮਾਂ ਲੰਘਾਏ ਜਾਣ ਨੂੰ ਪਹਿਲ ਦਿੱਤੀ ਜਾਣ ਲੱਗੀ ਹੈ। ਰਾਜਨੀਤੀ ਦੀ ਇਸ ਦਸ਼ਾ ਨੇ ਦੇਸ਼ ਦੇ ਲੋਕਾਂ ਖਾਸ ਕਰ ਨੌਜਵਾਨਾਂ ਨੂੰ ਆਪਣੀਆਂ ਛੋਟੀਆਂ ਲੋੜਾਂ ਲਈ ਵੀ ਸਰਕਾਰਾਂ ਵੱਲ ਦੇਖਣ ਲਈ ਮਜਬੂਰ ਕਰ ਦਿੱਤਾ ਹੈ। ਲੋਕਾਂ ਨੂੰ ਮੁਫ਼ਤ ਵਸਤਾਂ ਦਾ ਲਾਲਚ ਦੇ ਕੇ ਵੋਟ ਖਰੀਦੇ ਜਾਣ ਨੇ ਸਥਿਤੀ ਨੂੰ ਜ਼ਿਆਦਾ ਗੰਭੀਰ ਬਣਾ ਦਿੱਤਾ ਹੈ।

ਸਰਵੇਖਣ ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਦੀ ਮਾਨਸਿਕਤਾ ਵਾਲੇ ਰਾਜਨੀਤਕ ਆਗੂਆਂ ਨੇ ਰਾਜਨੀਤੀ ਨੂੰ ਵਪਾਰ ਬਣਾ ਦਿੱਤਾ ਹੈ। ਇਹੀ ਕਾਰਨ ਹੈ ਕਿ ਦੇਸ਼ ਦੇ ਕਈ ਸਿਆਸੀ ਆਗੂ ਰਾਜਨੀਤੀ ਦੀ ਜ਼ਿਆਦਾ ਤੋਂ ਜ਼ਿਆਦਾ ਦੁਰਵਰਤੋਂ ਕਰ ਕੇ ਆਪਣੀ ਆਮਦਨ ਅਤੇ ਜਾਇਦਾਦ ਨੂੰ ਵਧਾਉਣ ਦੇ ਯਤਨ ਕਰਦੇ ਦਿਸ ਰਹੇ ਹਨ। ਇਸੇ ਕਾਰਨ ਭ੍ਰਿਸ਼ਟਾਚਾਰ ਵਧ ਰਿਹਾ ਹੈ ਤੇ ਲੋਕ ਮੁੱਦੇ ਪਿੱਛੇ ਪੈ ਰਹੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਮੈਂਬਰਾਂ ਦੀ ਆਮਦਨ ਦੀ ਔਸਤ ਕੱਢੀ ਜਾਵੇ ਤਾਂ ਇਹ 7.81 ਕਰੋੜ ਰੁਪਏ ਪ੍ਰਤੀ ਲੋਕ ਸਭਾ ਮੈਂਬਰ ਬਣਦੀ ਹੈ। ਇਹ ਉਹ ਆਮਦਨ ਰਾਸ਼ੀ ਹੈ, ਜਿਸ ਦੀ ਜਾਣਕਾਰੀ ਖੁਦ ਰਾਜਨੀਤਕ ਆਗੂਆਂ ਨੇ ਆਪਣੀ ਸਵੈ-ਇੱਛਾ ਨਾਲ ਦਿੱਤੀ ਹੁੰਦੀ ਹੈ। ਇਸ ਤੋਂ ਇਲਾਵਾ ਕਈ ਸਿਆਸਤਦਾਨਾਂ ਦੀ ਆਮਦਨ ਦਾ ਇਕ ਵੱਡਾ ਹਿੱਸਾ ਕਾਲੇ ਧਨ ਦੇ ਰੂਪ ਵਿਚ ਇਨ੍ਹਾਂ ਦੀਆਂ ਤਿਜੌਰੀਆਂ ਅਤੇ ਗੁਪਤ ਬੈਂਕ ਖਾਤਿਆਂ ਵਿਚ ਜਮ੍ਹਾਂ ਹੁੰਦਾ ਹੈ। ਦੇਸ਼ ਦੀ ਰਾਜਨੀਤੀ ਵਿਚ ਅੱਜ ਚੋਣ ਲੜਨਾ ਏਨਾ ਮਹਿੰਗਾ ਅਤੇ ਮੁਸ਼ਕਲ ਹੋ ਗਿਆ ਹੈ ਕਿ ਆਮ ਵਿਅਕਤੀ ਤਾਂ ਚੋਣ ਲੜਨ ਸਬੰਧੀ ਸੋਚ ਵੀ ਨਹੀਂ ਸਕਦਾ। ਸਰਵੇਖਣ ਦੇ ਅਨੁਸਾਰ ਕਈ ਲੋਕ ਸਭਾ ਦੇ ਮੈਂਬਰਾਂ ਦੀ ਆਮਦਨ ਤਾਂ 5 ਸਾਲ ਦੇ ਕਾਰਜ ਕਾਲ ਵਿਚ 13.32 ਕਰੋੜ ਰੁਪਏ ਤੱਕ ਵਧੀ ਹੈ। ਇਸ ਰਿਪੋਰਟ ਤੋਂ ਇਹ ਵੀ ਨਤੀਜਾ ਹਾਸਲ ਹੁੰਦਾ ਹੈ ਕਿ ਭ੍ਰਿਸ਼ਟਾਚਾਰ ਵਿਚ ਸਾਰੀਆਂ ਪਾਰਟੀਆਂ ਅਤੇ ਵਰਗਾਂ ਦੇ ਰਾਜਨੀਤਕ ਆਗੂ ਸ਼ਾਮਿਲ ਹਨ। ਸੂਚੀ ਵਿਚ ਦਰਜ 153 ਲੋਕ ਸਭਾ ਮੈਂਬਰਾਂ ਵਿਚੋਂ 72 ਮੈਂਬਰ ਭਾਜਪਾ ਨਾਲ ਸਬੰਧਿਤ ਹਨ, ਜਿਹੜੀ ਖੁਦ ਨੂੰ ਵੱਖਰੀ ਵਿਚਾਰਧਾਰਾ ਵਾਲੀ ਪਾਰਟੀ ਮੰਨਦੀ ਹੈ।



## ਵਾਇਨਾਡ ਤੋਂ ਰਾਹੁਲ ਗਾਂਧੀ ਨੇ ਭਰੇ ਨਾਮਜ਼ਦਗੀ ਕਾਗ਼ਜ਼

***5 ਸਾਲਾਂ ਵਿਚ ਰਾਹੁਲ ਦੀ ਜਾਇਦਾਦ 9.4 ਕਰੋੜ ਤੋਂ ਵਧ ਕੇ 15.88 ਕਰੋੜ ਹੋਈ***

**ਕਲਪੇਟਾ/ਏਟੀ ਨਿਊਜ਼ :** ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਕੇਰਲ ਸੂਬੇ ਦੇ ਵਾਇਨਾਡ ਲੋਕ ਸਭਾ ਹਲਕੇ ਤੋਂ ਆਪਣੇ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ। ਕਾਗਜ਼ ਦਾਖ਼ਲ ਕਰਨ ਸਮੇਂ ਰਾਹੁਲ ਗਾਂਧੀ ਦੇ ਨਾਲ ਉਨ੍ਹਾਂ ਦੀ ਭੈਣ ਪ੍ਰਿਅੰਕਾ ਵਾਡਰਾ ਵੀ ਉਨ੍ਹਾਂ ਦੇ ਨਾਲ ਮੌਜੂਦ ਸੀ। ਆਪਣੇ ਨਾਮਜ਼ਦਗੀ ਪੇਪਰ ਦਾਖਲ ਕਰਨ ਸਮੇਂ ਦਿੱਤੇ ਹਲਫ਼ਨਾਮੇ ਵਿਚ ਦੱਸਿਆ ਹੈ ਕਿ ਉਨ੍ਹਾਂ ਕੋਲ 15.88 ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਦ ਹੈ। ਹਲਫ਼ਨਾਮੇ ਅਨੁਸਾਰ ਰਾਹੁਲ ਕੋਲ ਆਪਣੀ ਕਾਰ ਨਹੀਂ ਹੈ ਅਤੇ ਵੱਖ-ਵੱਖ ਬੈਂਕਾਂ ਤੇ ਹੋਰ ਵਿੱਤੀ ਸੰਸਥਾਵਾਂ ਦਾ 72 ਲੱਖ ਰੁਪਏ ਦਾ ਕਰਜ਼ਾ ਹੋਣ ਬਾਰੇ ਦੱਸਿਆ ਹੈ। ਉਨ੍ਹਾਂ ਆਪਣੀ 5,80,58,799 ਰੁਪਏ ਦੀ ਚੱਲ ਅਤੇ 10,08,18,284 ਰੁਪਏ ਦੀ ਅਚੱਲ ਜਾਇਦਾਦ ਹੋਣ ਦੀ ਪੁਸ਼ਟੀ ਕੀਤੀ ਹੈ ਜੋ 15,88,77,083 ਰੁਪਏ ਬਣਦੀ ਹੈ। ਕਾਂਗਰਸ ਪ੍ਰਧਾਨ ਨੇ ਆਪਣੇ ਕੋਲ 40 ਹਜ਼ਾਰ ਦੀ ਨਕਦੀ, 17.93 ਲੱਖ ਰੁਪਏ ਵੱਖ-ਵੱਖ ਬੈਂਕਾਂ ਵਿਚ ਜਮ੍ਹਾਂ ਹੋਣ, 5.19 ਕਰੋੜ ਰੁਪਏ ਦੇ ਨਿਵੇਸ਼ ਬਾਂਡ ਅਤੇ 333.3 ਗ੍ਰਾਮ ਸੋਨਾ ਹੋਣ ਦਾ ਖੁਲਾਸਾ ਕੀਤਾ ਹੈ। ਜ਼ਿਕਰਯੋਗ ਹੈ ਕਿ ਰਾਹੁਲ ਨੇ 2014 ਦੀਆਂ ਲੋਕ ਸਭਾ ਚੋਣਾਂ ਮੌਕੇ 9.4 ਕਰੋੜ ਰੁਪਏ ਦੀ ਜਾਇਦਾਦ ਹੋਣ ਦਾ ਖੁਲਾਸਾ ਕੀਤਾ ਸੀ, ਇਸ ਤਰ੍ਹਾਂ ਬੀਤੇ 5 ਸਾਲ ਦੌਰਾਨ ਉਨ੍ਹਾਂ ਦੀ ਜਾਇਦਾਦ ਕਰੀਬ 6.48 ਕਰੋੜ ਰੁਪਏ ਵਧ ਕੇ 9.4 ਕਰੋੜ ਤੋਂ 15.88 ਕਰੋੜ ਰੁਪਏ ਹੋ ਗਈ ਹੈ।

## ਕਾਂਗਰਸ ਪੰਜਾਬ ਤੇ ਹਰਿਆਣਾ ਵਿਚ 'ਆਪ' ਨਾਲ ਗੱਠਜੋੜ ਨਹੀਂ ਕਰੇਗੀ

**ਨਵੀਂ ਦਿੱਲੀ/ਏਟੀ ਨਿਊਜ਼ :** ਕਾਂਗਰਸ ਨੇ ਸਾਫ਼ ਕਰ ਦਿੱਤਾ ਕਿ ਉਹ ਆਗਾਮੀ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨਾਲ ਹਰਿਆਣਾ ਤੇ ਪੰਜਾਬ 'ਚ ਕਿਸੇ ਤਰ੍ਹਾਂ ਦਾ ਗੱਠਜੋੜ ਨਹੀਂ ਕਰੇਗੀ। ਪਾਰਟੀ ਨੇ ਕਿਹਾ ਕਿ ਉਹ ਜਲਦੀ ਹੀ ਇਨ੍ਹਾਂ ਦੋਵਾਂ ਰਾਜਾਂ ਲਈ ਉਮੀਦਵਾਰਾਂ ਦੇ ਨਾਂ ਐਲਾਨ ਦੇਵੇਗੀ। ਕਾਂਗਰਸ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਜੇ ਇਕ ਦਿਨ ਪਹਿਲਾਂ ਹੀ 'ਆਪ' ਆਗੂ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਨਾਲ ਦਿੱਲੀ ਵਿੱਚ ਚੋਣ ਗੱਠਜੋੜ ਤਾਂ ਹੀ ਸੰਭਵ ਹੈ ਜੇਕਰ ਦੋਵੇਂ ਪਾਰਟੀਆਂ ਹਰਿਆਣਾ ਤੇ ਚੰਡੀਗੜ੍ਹ ਵਿੱਚ ਮਿਲ ਕੇ ਚੋਣਾਂ ਲੜਦੀਆਂ ਹਨ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਪਾਰਟੀ ਕੌਮੀ ਰਾਜਧਾਨੀ ਵਿੱਚ 'ਆਪ' ਨਾਲ ਚੋਣ ਗੱਠਜੋੜ ਬਾਰੇ ਹਾਲ ਦੀ ਘੜੀ ਕਿਸੇ ਨਤੀਜੇ 'ਤੇ ਨਹੀਂ ਪੁੱਜ ਸਕੀ।

# ਸਿੱਖ ਕੌਮ ਦੀਆਂ ਸੁਪਰੀਮ ਧਾਰਮਿਕ ਤੇ ਅਧਿਆਤਮਕ ਸੰਸਥਾਵਾਂ ਦਾ ਰਾਜਸੀਕਰਨ ਰੋਕਿਆ ਜਾਵੇ : ਗਲੋਬਲ ਸਿੱਖ ਕੌਂਸਲ

- **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਵੀ ਧਾਰਮਿਕ ਪੁਸਤਕ ਦਾ ਪ੍ਰਕਾਸ਼ ਨਾ ਹੋਵੇ**
- **ਅਫ਼ਗਾਨਿਸਤਾਨ 'ਚ ਸਿੱਖਾਂ ਦੇ ਪੁਨਰ ਵਸੇਬੇ ਲਈ ਯਤਨ ਆਰੰਭੇ ਜਾਣ ਦੀ ਅਪੀਲ**

**ਚੰਡੀਗੜ੍ਹ/ਏਟੀ ਨਿਊਜ਼ :**
ਗਲੋਬਲ ਸਿੱਖ ਕੌਂਸਲ ਦੀ ਜਕਾਰਤਾ, ਇੰਡੋਨੇਸ਼ੀਆ ਵਿਖੇ ਹੋਈ ਪੰਜਵੀਂ ਸਲਾਨਾ ਕਾਨਫਰੰਸ ਵਿਚ 27 ਵੱਖ-ਵੱਖ ਮੁਲਕਾਂ ਦੇ ਮੈਂਬਰਾਂ ਨੇ ਸਰਬਸੰਮਤੀ ਨਾਲ ਤਿੰਨ ਮਤੇ ਪਾਸ ਕਰਦਿਆਂ ਕਿਹਾ ਕਿ ਸਿੱਖ ਕੌਮ ਦੀਆਂ ਸੁਪਰੀਮ ਧਾਰਮਿਕ ਅਤੇ ਅਧਿਆਤਮਕ ਸੰਸਥਾਵਾਂ ਦਾ ਰਾਜਸੀਕਰਨ ਨਹੀਂ ਹੋਣਾ ਚਾਹੀਦਾ ਅਤੇ ਸਮੂਹ ਧਾਰਮਿਕ ਮਾਮਲੇ ਰਾਜ ਦੀ ਰਾਜਨੀਤੀ ਤੋਂ ਨਿਰਲੇਪ ਕੌਮ ਦੇ ਸੇਵਾਦਾਰਾਂ ਵੱਲੋਂ ਹੀ ਨਿਪਟਾਏ ਜਾਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਾਜਨੀਤਿਕ ਇੱਛਾਵਾਂ ਦੀ ਪੂਰਤੀ ਲਈ ਪੌੜੀ ਵਜੋਂ ਨਾ ਵਰਤਿਆ ਜਾਵੇ।
ਕੌਂਸਲ ਦੇ ਪ੍ਰਧਾਨ ਡਾ. ਕਮਲਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ਇਸ ਤਿੰਨ ਰੋਜ਼ਾ ਸਲਾਨਾ ਮੀਟਿੰਗ ਦੌਰਾਨ ਦੂਜੇ ਮਤੇ ਵਿਚ ਦੁਹਰਾਇਆ ਗਿਆ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂਤਾ ਗੱਦੀ ਸੌਂਪੇ ਜਾਣ ਦੇ ਆਦੇਸ਼ ਪਿੱਛੋਂ ਸਿੱਖ ਰਹਿਤ ਮਰਯਾਦਾ ਅਤੇ ਗੁਰਮਤਿ ਦੀ ਰੌਸ਼ਨੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਵੀ ਧਾਰਮਿਕ ਪੁਸਤਕ ਨੂੰ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ ਜਿਸ ਕਰਕੇ ਬਚਿੱਤਰ ਨਾਟਕ, ਦਸਮ ਗ੍ਰੰਥ ਜਾਂ ਕਿਸੇ ਹੋਰ ਪੁਸਤਕ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਨਾ ਰੱਖਿਆ ਜਾਵੇ। ਉਨ੍ਹਾਂ ਸਮੂਹ ਸਿੱਖਾਂ ਨੂੰ "ਇੱਕ ਗ੍ਰੰਥ, ਇੱਕ ਪੰਥ ਅਤੇ ਇੱਕ ਮਰਯਾਦਾ" ਉੱਤੇ ਪਹਿਰਾ ਦੇਣ ਦੀ ਵਕਾਲਤ ਕੀਤੀ।



ਗਲੋਬਲ ਸਿੱਖ ਕੌਂਸਲ ਦੇ ਪ੍ਰਧਾਨ ਡਾ. ਕੰਵਲਜੀਤ ਕੌਰ ਅਤੇ ਗੁਰੂਦੁਆਰਾ ਕੌਂਸਲ ਮਲੇਸ਼ੀਆ ਦੇ ਪ੍ਰਧਾਨ ਜਗੀਰ ਸਿੰਘ ਜਕਾਰਤਾ, ਇੰਡੋਨੇਸ਼ੀਆ ਵਿਖੇ ਵਿਧਾਇਕ ਅਤੇ ਉਘੇ ਵਕੀਲ ਹਰਵਿੰਦਰ ਸਿੰਘ ਫੂਲਕਾ ਨੂੰ ਸਨਮਾਨਿਤ ਕਰਦੇ ਹੋਏ।

ਗਲੋਬਲ ਸਿੱਖ ਕੌਂਸਲ ਨੇ ਤੀਸਰੇ ਮਤੇ ਵਿੱਚ ਅਫ਼ਗਾਨਿਸਤਾਨ ਵਿਚ ਵਸਦੇ ਸਿੱਖਾਂ ਦੀ ਮੰਦਹਾਲੀ ਉਪਰ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਅੱਤਵਾਦ ਤੋਂ ਪੀੜਤ ਉਸ ਦੇਸ਼ ਵਿਚ ਸਿੱਖਾਂ ਦੇ ਪੁਨਰ ਵਸੇਬੇ ਲਈ ਜ਼ੋਰਦਾਰ ਅਤੇ ਠੋਸ ਯਤਨ ਆਰੰਭੇ ਜਾਣ। ਕੌਂਸਲ ਵੱਲੋਂ ਅਫਗਾਨੀ ਸਿੱਖਾਂ ਬਾਰੇ ਉਥੋਂ ਦੀ ਸਰਕਾਰ ਨਾਲ ਰਾਬਤਾ ਕਾਇਮ ਕਰਨ ਅਤੇ ਗੁਰਦੁਆਰਾ ਸਾਹਿਬਾਨ ਵਿਚ ਸ਼ਰਨ ਲੈ ਕੇ ਬੈਠੇ ਸਿੱਖਾਂ ਲਈ ਚਾਰਾਜੋਈ ਕਰਨ ਦਾ ਅਹਿਦ ਲਿਆ ਗਿਆ।
ਕੌਂਸਲ ਨੇ ਆਪਣੇ ਸਮੂਹ ਮੈਂਬਰਾਂ ਸਮੇਤ ਵਿਸ਼ਵ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੁਲਕਾਂ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ ਅਫਗਾਨੀ ਸਿੱਖਾਂ ਨੂੰ ਰਫਿਊਜ਼ੀ ਹੋਣ ਦਾ ਰੁਤਬਾ ਦਿਵਾ ਕੇ ਉਨ੍ਹਾਂ ਦੀ ਸਥਾਪਤੀ ਲਈ ਯਤਨ ਆਰੰਭਣ।
ਗਲੋਬਲ ਸਿੱਖ ਕੌਂਸਲ ਦੀ ਇਸ ਸਾਲਾਨਾ ਕਾਨਫਰੰਸ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਵਿਧਾਇਕ ਅਤੇ ਉੱਘੇ ਕਾਨੂੰਨਦਾਨ ਹਰਵਿੰਦਰ ਸਿੰਘ ਫੂਲਕਾ (ਪਦਮਸ੍ਰੀ) ਨੇ ਜੂਨ 1984 ਵਿਚ ਦਿੱਲੀ ਵਿਖੇ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪਿਛਲੇ 32 ਸਾਲ ਤੋਂ ਆਰੰਭੀ ਕਾਨੂੰਨੀ ਲੜਾਈ ਦੌਰਾਨ ਦਰਪੇਸ਼ ਮੁਸ਼ਕਿਲਾਂ, ਧਮਕੀਆਂ ਅਤੇ ਦੁਸ਼ਵਾਰੀਆਂ ਦਾ ਹਾਲ ਬਿਆਨ ਕਰਦਿਆਂ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਸਮੇਤ ਹੋਰਨਾਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾ ਕੇ ਸਿੱਖ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਕੀਤੇ ਯਤਨਾਂ ਦਾ ਉਲੇਖ ਕੀਤਾ। ਉਨ੍ਹਾਂ ਵੱਖ-ਵੱਖ ਮੁਲਕਾਂ ਵਿਚ ਵਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸਿੱਖ ਗੁਰੂ ਸਾਹਿਬਾਨ ਦਾ ਆਦੇਸ਼, ਸੇਵਾ ਤੇ ਸਮਰਪਣ ਭਾਵਨਾ ਨੂੰ ਸਹੀ ਮਾਅਨਿਆਂ ਵਿਚ ਫੈਲਾਉਣ ਲਈ ਉੱਥੋਂ ਦੀ ਸਥਾਨਕ ਵੱਸੋਂ ਦਾ ਸਹਿਯੋਗ ਲੈਣ।
ਇਸ ਮੌਕੇ ਇੰਡੋਨੇਸ਼ੀਆ ਦੇ ਸੰਸਦ ਮੈਂਬਰ ਐਚਐਸ ਢਿੱਲੋਂ ਨੇ ਸਮੂਹ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ ਗਲੋਬਲ ਸਿੱਖ ਕੌਂਸਲ ਵੱਲੋਂ ਕੌਮਾਂਤਰੀ ਪੱਧਰ ਉਤੇ ਸਿੱਖ ਮੁੱਦਿਆਂ ਨੂੰ ਵਿਚਾਰੇ ਜਾਣ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਨਿਊਜ਼ੀਲੈਂਡ ਤੋਂ ਸੰਸਦ ਮੈਂਬਰ ਕਮਲਜੀਤ ਸਿੰਘ ਬਖਸ਼ੀ ਨੇ ਨਿਊਜ਼ੀਲੈਂਡ ਵਿਚ ਵਸਦੇ ਸਿੱਖਾਂ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਅਤੇ ਮਾਂ-ਬੋਲੀ ਦੀ ਪ੍ਰਫੁੱਲਤਾ ਲਈ ਕੀਤੇ ਜਾ ਰਹੇ ਯਤਨਾਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ।
ਮਲੇਸ਼ੀਆ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਜਗੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਸਲ ਭੂਮਿਕਾ ਅਤੇ ਲੋੜੀਂਦੀ ਜ਼ਿੰਮੇਵਾਰੀ ਦਾ ਤੈਅ ਕੀਤੇ ਜਾਣ ਦਾ ਉਲੇਖ ਕਰਦਿਆਂ ਕਿਹਾ ਕਿ ਦੂਜੇ ਤਖ਼ਤਾਂ ਤੋਂ ਸਿਰਫ ਸਥਾਨਕ ਮਸਲਿਆਂ ਦਾ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਮਲੇਸ਼ੀਆ ਦੇ ਰੱਖਿਆ ਵਿਭਾਗ ਵਿਚ ਸਕੱਤਰ ਡਾ. ਕਰਮਿੰਦਰ ਸਿੰਘ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕੀਵੀਂ ਸਦੀ ਵਿਚ ਵਿਗਿਆਨਕ ਅਤੇ ਤਰਕ ਅਧਾਰਿਤ ਭੂਮਿਕਾ ਬਾਰੇ ਵਿਸਥਾਰਤ ਵਿਚਾਰ ਪੇਸ਼ ਕਰਦਿਆਂ ਸਿਰਫ ਇੱਕੋ ਅਧਿਆਤਮਿਕ ਗੁਰੂ ਦੀ ਅਗਵਾਈ ਕਬੂਲਦੇ ਹੋਏ ਭੇਡ ਚਾਲ ਦੀ ਥਾਂ ਗੁਰੂ ਦੇ ਨਿਰਲੇਪ, ਨਿਰਭਉ ਅਤੇ ਨਿਡਰ ਖਾਲਸੇ ਬਣ ਕੇ ਵਿਚਰਨ ਦੀ ਲੋੜ ਉੱਪਰ ਜ਼ੋਰ ਦਿੱਤਾ।
ਕੌਂਸਲ ਦੇ ਪ੍ਰਧਾਨ ਡਾ. ਕਮਲਜੀਤ ਕੌਰ ਨੇ ਇਸ ਮੌਕੇ ਸਾਲਾਨਾ ਆਮ ਇਜਲਾਸ ਅਤੇ ਕਾਨਫਰੰਸ ਲਈ ਸੁਚੱਜੇ ਪ੍ਰਬੰਧ ਜੁਟਾਉਣ ਉੱਤੇ ਮੇਜ਼ਬਾਨ ਬਲਵੰਤ ਸਿੰਘ ਜਕਾਰਤਾ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਕੌਂਸਲ ਦੀਆਂ ਸਾਲਾਨਾ ਗਤੀਵਿਧੀਆਂ ਉੱਪਰ ਚਾਨਣਾ ਪਾਇਆ। ਉਨ੍ਹਾਂ ਭਵਿੱਖ ਵਿਚ ਕੌਂਸਲ ਦਾ ਹੋਰਨਾਂ ਦੇਸ਼ਾਂ ਤਕ ਵਿਸਥਾਰ ਕਰਨ ਅਤੇ ਵੱਖ-ਵੱਖ ਮੁਲਕਾਂ ਵਿੱਚ ਸਿੱਖਾਂ ਨੂੰ ਦਰਪੇਸ਼ ਮਸਲਿਆਂ ਬਾਰੇ ਆਵਾਜ਼ ਉਠਾਉਣ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਉਸਾਰੇ ਜਾ ਰਹੇ ਲਾਂਘੇ ਲਈ ਵਿਸ਼ਵ ਸਿੱਖ ਕੌਂਸਲ ਵੱਲੋਂ ਕੀਤੇ ਯਤਨਾਂ ਦਾ ਵੇਰਵਾ ਦਿੱਤਾ ਅਤੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਗੁਰੂ ਨਾਨਕ ਸਾਹਿਬ ਨਾਲ ਸਬੰਧਿਤ ਇਸ ਗੁਰਦਵਾਰੇ ਲਾਗਲੇ ਖੇਤਾਂ ਵਿਚ ਕੋਈ ਵੀ ਉਸਾਰੀ ਨਾ ਕੀਤੀ ਜਾਵੇ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## 21ਵਾਂ ਮਹਾਨ ਨਗਰ ਕੀਰਤਨ

**14 ਅਪ੍ਰੈਲ 2019, ਦਿਨ ਐਤਵਾਰ**

**ਖ਼ਾਲਸਾ ਪੰਥ ਦੇ 321ਵੇਂ ਸਾਜਨਾ ਦਿਵਸ ਮੌਕੇ**

## ਮਹਾਨ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ 21ਵਾਂ ਮਹਾਨ ਨਗਰ ਕੀਰਤਨ 14 ਅਪ੍ਰੈਲ 2019 , ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ ਜੀ। ਇਸ ਵਾਰ ਅੰਮ੍ਰਿਤ ਸੰਚਾਰ ਦਿਨ ਸ਼ਨਿਚਰਵਾਰ ਸਵੇਰੇ 13 **ਅਪ੍ਰੈਲ** 2019, ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਹੈ ਅਤੇ ਦੀਵਾਨ 18 **ਮਾਰਚ** 2019 ਨੂੰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ 14 **ਅਪ੍ਰੈਲ** 2019 ਤੱਕ ਲਗਾਤਾਰ ਚੱਲਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ, ਭਾਈ ਇੰਦਰਜੀਤ ਸਿੰਘ ਬੰਬੇਵਾਲੇ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ ਲਗਾਤਾਰ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਜਗਮੋਹਣ ਸਿੰਘ ਜੀ ਅਤੇ ਭਾਈ ਗੁਰਸੇਵਕ ਸਿੰਘ ਜੀ ਦੇ ਹਜ਼ੂਰੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ



ਭਾਈ ਇੰਦਰਜੀਤ ਸਿੰਘ ਜੀ



ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ



ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ

### ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ

ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ 209-625-7500
ਸਕੱਤਰ ਭਾਈ ਦਵਿੰਦਰ ਸਿੰਘ 209-564-8899

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਗੁਰਪ੍ਰੀਤ ਸਿੰਘ ਗਿੱਲ 209-513-8101
ਜਾਂ ਭਾਈ ਬਲਵਿੰਦਰ ਸਿੰਘ ਮਿੱਠੂ 209-456-3210
ਜਾਂ ਭਾਈ ਜਸਵਿੰਦਰ ਸਿੰਘ ਤੂਰ 209-470-6881

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454

### ਪਾਰਕਿੰਗ ਦੀ ਸਹੂਲਤ

ਪਾਰਕਿੰਗ ਦੀ ਸਹੂਲਤ K-MART 2180-E. Mariposa Road, Stockton CA-95205 ਵਿਖੇ ਹੋਵੇਗੀ। ਉਥੋਂ ਗੁਰਦੁਆਰਾ ਸਾਹਿਬ ਆਉਣ ਜਾਣ ਲਈ ਫਰੀ ਬੱਸ ਸਰਵਿਸ ਹੋਵੇਗੀ। ਜਿਹੜੀਆਂ ਸੜਕਾਂ 'ਤੇ ਨੋ ਪਾਰਕਿੰਗ ਸਾਈਨ ਹੋਣ ਉਥੇ ਕਾਰਾਂ ਪਾਰਕ ਨਾ ਕੀਤੀਆਂ ਜਾਣ, ਨਹੀਂ ਤਾਂ ਸਿਟੀ ਵਲੋਂ ਟੋਅ ਕਰ ਦਿੱਤੀਆਂ ਜਾਣਗੀਆਂ।

*ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁਮਾ ਕੇ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਭਾਈ ਜਸਵਿੰਦਰ ਸਿੰਘ ਗੋਰਾਇਆ 209-993-1788**
**ਸਕੱਤਰ ਭਾਈ ਦਵਿੰਦਰ ਸਿੰਘ 209-564-8899, ਖਜ਼ਾਨਚੀ ਭਾਈ ਅਮਰੀਕ ਸਿੰਘ ਵਿਰਦੀ 209-470-6321**

## ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ

੧ੴ ਸਤਿਗੁਰ ਪ੍ਰਸਾਦਿ ॥

# ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
# ਲੱਖ-ਲੱਖ ਵਧਾਈਆਂ



# Homeopathicvibes



**Now we have two locations :**

**940, E. El Camino Real, Sunnyvale, CA 94087**
**Office : (408) 737-7100 Fax: (408) 737-7102**
**39201 State Street, Suite 111, Fremont, CA 94538**
**www.homeopathicvibes.com**

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*



Raja SWEETS & CATERING
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**

## 21ਵਾਂ ਮਹਾਨ ਨਗਰ ਕੀਰਤਨ

**14 ਅਪ੍ਰੈਲ 2019, ਦਿਨ ਐਤਵਾਰ**

**ਖ਼ਾਲਸਾ ਪੰਥ ਦੇ 321ਵੇਂ ਸਾਜਨਾ ਦਿਵਸ ਮੌਕੇ**

## ਮਹਾਨ ਨਗਰ ਕੀਰਤਨ ਦੀਆਂ

## ਲੱਖ ਲੱਖ ਵਧਾਈਆਂ



Ranjit S Mangat
(Lic: 01922089)

- 10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.
- 15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.
- 5 duplex under construction will be ready in September, 2019. listed at $599,000 each duplex.

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸਰਬਜੀਤ ਸਿੰਘ ਮਾਨ ਕੈਲੀਫੋਰਨੀਆ ਯੂਨਿਟ ਦਾ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦਾ ਸੂਬਾ ਪ੍ਰਧਾਨ ਨਿਯੁਕਤ








ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ॥

## ਖ਼ਾਲਸਾ ਸਾਜਨਾ ਦਿਵਸ

## ਵਿਸਾਖੀ ਕੀਰਤਨ ਦਰਬਾਰ




Sant Anoop Singh Ji


Bhai Varinder Singh Ji


Bhai Surdeep Singh Ji


Bhai Gurjot Singh Ji

## APRIL 15th to APRIL 21st

Monday thru Saturday: 6:30 PM to 8:30 PM
21st April, Sunday : 11:00 AM to 1:00 PM

ਸ਼੍ਰੀ ਅਖੰਡ ਸਾਹਿਬ ਜੀ ਦੇ ਪਾਠ ਆਰੰਭ : April 19th, 9:00 AM
ਸ਼੍ਰੀ ਅਖੰਡ ਸਾਹਿਬ ਜੀ ਦੇ ਭੋਗ : April 21st, 9:00 AM

AT GURUDWARA SAHIB KHALSA CARE FOUNDATION
9989 Laurel Canyon Blvd. Pacoima, CA 91331

**BHAI KANHIAIYA JEE LANGER SEWA DAL**

FOR MORE INFORMATION PLEASE CONTACT: BHAI VARINDER SINGH (818) 527-0181
BALDEV SINGH (818) 468-9595, BALWINDER SINGH (818)404-0811, MAKHAN SINGH (681) 225-7157, PARAMJIT SINGH (626) 354-6653


**ਲਾਸ ਏਂਜਲਸ/ਏਟੀ ਨਿਊਜ਼ :** ਕੈਲੀਫੋਰਨੀਆ ਦੇ ਡਾਇਮੰਡ ਬਾਰ ਸਦਨ ਵਿਖੇ ਇੱਕ ਰਾਤਰੀ ਭੋਜ ਦੌਰਾਨ ਇੰਡੀਅਨ ਓਵਰਸੀਜ਼ ਕਾਂਗਰਸ ਦਾ ਵੱਡਾ ਇਕੱਠ ਹੋਇਆ ਜਿਸ ਵਿਚ ਇੰਡੀਅਨ ਓਵਰਸੀਜ਼ ਕਾਂਗਰਸ ਯੂਐੱਸਏ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਸ. ਸਰਬਜੀਤ ਸਿੰਘ ਮਾਨ ਨੂੰ ਕੈਲੀਫੋਰਨੀਆ ਯੂਨਿਟ ਦਾ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਮੌਕੇ ਹਾਜ਼ਰ ਸ. ਫੁੰਮਣ ਸਿੰਘ, ਪਾਲ ਸਿੰਘ ਗੌਤਰਾ, ਸਰਬਜੀਤ ਮਾਨ, ਰਵੀ ਗਰੇਵਾਲ, ਇਕਬਾਲ ਸਿੰਘ ਸਮਰਾ, ਮਹਿੰਦਰ ਸਿੰਘ, ਨਛੱਤਰ ਸਿੰਘ ਭੁੱਲਰ ਤੇ ਸਾਹਬ ਸਿੰਘ ਭੁੱਲਰ ਨੇ ਭਰੋਸਾ ਦਿਵਾਇਆ ਕਿ ਉਹ ਸਰਬਜੀਤ ਸਿੰਘ ਮਾਨ ਨੂੰ ਪੂਰਨ ਸਹਿਯੋਗ ਦੇਣਗੇ। ਸਰਬਜੀਤ ਸਿੰਘ ਮਾਨ ਨੇ ਇਸ ਮੌਕੇ ਭਰੋਸਾ ਦਿੱਤਾ ਕਿ ਉਹ ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯੋਗ ਤਰੀਕੇ ਅਪਣਾਉਣਗੇ ਅਤੇ ਐਨ.ਆਰ.ਆਈਜ਼ ਦੀਆਂ ਮੁਸ਼ਕਲਾਂ ਦੇ ਹੱਲ ਲਈ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਅਤੇ ਓਵਰਸੀਜ਼ ਕਾਂਗਰਸ ਦੇ ਗਲੋਬਲ ਪ੍ਰਧਾਨ ਸੈਮ ਪੈਟਰੋਡਾ ਤਕ ਪਹੁੰਚ ਕਰਨਗੇ। ਇਸ ਮੌਕੇ ਰਵੀ ਰਾਜਬੀਰ ਰੰਧਾਵਾ, ਰਸ਼ਪਾਲ ਸਿੰਘ ਢੀਂਡਸਾ, ਧਰਮਿੰਦਰ ਸਿੰਘ ਰੰਧਾਵਾ ਤੇ ਨਰਿੰਦਰ ਸਿੰਘ ਢਿੱਲੋਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਬੀਬੀਆਂ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।

## ਨਨਕਾਣਾ ਸਾਹਿਬ 'ਚ ਗੁਰੂ ਨਾਨਕ ਜੀ ਦੇ ਨਾਂ 'ਤੇ ਬਣੇਗਾ ਰੇਲਵੇ ਸਟੇਸ਼ਨ

**ਇਸਲਾਮਾਬਾਦ/ਏਟੀ ਨਿਊਜ਼ :** ਪਾਕਿਸਤਾਨ ਕੈਬਨਿਟ ਨੇ ਪੰਜਾਬ ਵਿੱਚ ਸਿੱਖਾਂ ਦੇ ਪਵਿੱਤਰ ਸ਼ਹਿਰ ਨਨਕਾਣਾ ਸਾਹਿਬ ਵਿਚ ਰੇਲਵੇ ਸਟੇਸ਼ਨ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ। ਇਸ ਦੇ ਨਾਲ ਹੀ ਕੈਬਨਿਟ ਨੇ ਸਟੇਸ਼ਨ ਦਾ ਨਾਂ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਰੱਖਣ ਦਾ ਫੈਸਲਾ ਵੀ ਕੀਤਾ ਹੈ। ਜ਼ਿਕਰਯੋਗ ਹੈ ਕਿ ਨਨਕਾਣਾ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਇਸ ਸ਼ਹਿਰ ਦੀ ਬਹੁਤ ਇਤਿਹਾਸਕ ਅਤੇ ਧਾਰਮਿਕ ਅਹਿਮੀਅਤ ਹੈ ਅਤੇ ਪੂਰੀ ਦੁਨੀਆ ਦੇ ਸਿੱਖ ਸ਼ਰਧਾਲੂਆਂ ਵਿਚ ਇਹ ਪ੍ਰਸਿੱਧ ਧਾਰਮਿਕ ਅਸਥਾਨ ਹੈ। ਪਾਕਿ ਦੇ ਸੂਚਨਾ ਮੰਤਰੀ ਫੱਵਾਦ ਚੌਧਰੀ ਨੇ ਪੱਤਰਕਾਰਾਂ ਨੂੰ ਦੱਸਿਆ, ਕਿ "ਕੈਬਨਿਟ ਨੇ ਪੰਜਾਬ ਵਿੱਚ ਪਵਿੱਤਰ ਸ਼ਹਿਰ ਨਨਕਾਣਾ ਸਾਹਿਬ ਵਿਖੇ ਰੇਲਵੇ ਸਟੇਸ਼ਨ ਦੀ ਉਸਾਰੀ ਨੂੰ ਮਨਜ਼ੂਰੀ ਦਿੱਤੀ ਹੈ ਅਤੇ ਇਸ ਦਾ ਨਾਂ ਬਾਬਾ ਗੁਰੂ ਨਾਨਕ ਦੇ ਨਾਂ 'ਤੇ ਰੱਖਿਆ ਜਾਵੇਗਾ।" ਪਿਛਲੇ ਵਰ੍ਹੇ ਨਵੰਬਰ ਵਿਚ ਭਾਰਤ ਅਤੇ ਪਾਕਿਸਤਾਨ, ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਭਾਰਤ ਵਿਚਾਲੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਧਾਰਮਿਕ ਸਥਾਨ ਨਾਲ ਸੜਕ ਮਾਰਗ ਰਾਹੀਂ ਜੋੜਨ ਲਈ ਸਹਿਮਤ ਹੋਏ ਸਨ। ਕਰਤਾਰਪੁਰ ਸਾਹਿਬ ਰਾਵੀ ਨਦੀ ਕੰਢੇ ਪਾਕਿਸਤਾਨ ਦੇ ਨਰੋਵਾਲ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ ਡੇਰਾ ਬਾਬਾ ਨਾਨਕ ਤੋਂ ਚਾਰ ਕਿਲੋਮੀਟਰ ਦੂਰ ਹੈ। ਪਾਕਿਸਤਾਨ ਨੇ ਕਿਹਾ ਕਿ ਉਹ ਰੇਲਵੇ ਸਟੇਸ਼ਨ ਦੇ ਨਿਰਮਾਣ ਲਈ ਜ਼ਮੀਨ ਵੀ ਮੁਹੱਈਆ ਕਰਵਾਏਗਾ।

## ਵਿਸਾਖੀ ਲਈ 2200 ਸਿੱਖਾਂ ਨੂੰ ਵੀਜ਼ਾ

ਨਵੀਂ ਦਿੱਲੀ : ਇਥੇ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੇ ਕਿਹਾ ਕਿ ਉਸ ਨੇ ਭਾਰਤ ਦੇ 2200 ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਹੈ ਤਾਂ ਜੋ ਉਹ 12 ਅਪਰੈਲ ਤੋਂ 21 ਅਪਰੈਲ ਤਕ ਸਾਲਾਨਾ ਵਿਸਾਖੀ ਸਮਾਗਮਾਂ ਵਿਚ ਹਿੱਸਾ ਲੈ ਸਕਣ। ਪਾਕਿਸਤਾਨ ਦੇ ਵੀਜ਼ਾ ਜਾਰੀ ਕਰਨ ਦੇ ਕਦਮ ਨੂੰ ਦੋਵਾਂ ਮੁਲਕਾਂ ਵਿਚਾਲੇ ਤਣਾਅ ਘਟਾਉਣ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ ਜੋ ਬਾਲਾਕੋਟ ਹਮਲੇ ਦੇ ਲਗਪਗ ਛੇ ਹਫ਼ਤਿਆਂ ਬਾਅਦ ਚੁੱਕਿਆ ਗਿਆ ਹੈ।

# Sarabjit Singh Mann appointed California Unit State Head of Indian National Overseas Congress



Sarbjit Mann

*Sarbjit Mann of Los Angeles was appointed President of Indian Overseas Congress California Chapter By Mohinder Singh Gilzian USA President of Indian Overseas Congress.*



Mohinder Singh gilzian







**Prominent among were present Iqbal Samra, Nachatar Bhullar, Sahib Bhullar, Ravi Rajbir Randhawa, Jasdeep Waraich Fresno, Rashpal Sinfh Dhindsa, Dharminder Randhawa, Narinder Dhillon, Santokh Bhinder, Bill Gill, Surjit Sandhu. Ladies also came in large number to Indian Overseas Congress and Rahul Gandhi.**

# ਭਗਵੀਂ ਸਿਆਸਤ ਨੇ ਗਾਂ ਦਾ ਮੁੱਦਾ ਮੁੜ ਛੇੜਿਆ

- **ਭਾਰਤ ਵਿਚ ਬੇਰੁਜ਼ਗਾਰੀ ਵਧ ਰਹੀ ਹੈ ਪਰ ਭਾਜਪਾ ਸੰਸਦ ਮੈਂਬਰ ਸੁਬਰਾਮਨੀਅਮ ਸਵਾਮੀ ਗਊਆਂ ਲਈ ਵੱਧ ਚਿੰਤਤ**
- **ਗਊਆਂ ਲਈ ਚਮੜਾ ਕਾਰੋਬਾਰ ਦਾ ਬਲੀਦਾਨ ਦਿੱਤਾ ਜਾ ਸਕਦਾ ਹੈ : ਸੁਬਰਾਮਨੀਅਮ ਸਵਾਮੀ**

**ਜਲੰਧਰ/ਬਿਊਰੋ ਨਿਊਜ਼ :**
ਭਗਵੀਂ ਸਿਆਸਤ ਨੇ ਗਾਂ ਦੀ ਸੁਰੱਖਿਆ ਦਾ ਮੁੱਦਾ ਫਿਰ ਛੇੜ ਕੇ ਘੱਟ ਗਿਣਤੀਆਂ ਦੇ ਵਪਾਰ ਤੇ ਭਾਰਤੀ ਆਰਥਿਕਤਾ ਲਈ ਖਤਰੇ ਖੜ੍ਹੇ ਕਰ ਦਿੱਤੇ ਹਨ। ਭਾਜਪਾ ਸਾਂਸਦ ਸੁਬਰਾਮਨੀਅਮ ਸਵਾਮੀ ਨੇ ਮੰਨਿਆ ਕਿ ਬੇਰੁਜ਼ਗਾਰੀ ਇੱਕ ਵੱਡਾ ਮੁੱਦਾ ਹੈ ਪਰ ਗਊਆਂ ਦੀ ਸੁਰੱਖਿਆ ਲਈ ਚਮੜੀ ਅਤੇ ਗਊ ਮਾਸ ਦੇ ਕਾਰੋਬਾਰ ਨਾਲ ਜੁੜੀਆਂ ਨੌਕਰੀਆਂ ਦਾ ਬਲੀਦਾਨ ਦਿੱਤਾ ਜਾ ਸਕਦਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕ ਸਭਾ ਚੋਣਾਂ ਵਿੱਚ ਜਿੱਤ ਲਈ ਦੇਸ ਭਰ ਵਿੱਚ ਰੈਲੀਆਂ ਕਰ ਰਹੇ ਹਨ ਪਰ ਇਸ ਗੱਲ ਲਈ ਉਨ੍ਹਾਂ ਦੀ ਨਿੰਦਾ ਹੋ ਰਹੀ ਹੈ ਕਿ ਉਹ ਆਪਣੇ ਵਾਅਦੇ ਅਨੁਸਾਰ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਦੇ ਸਕੇ।

ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕੌਨਮੀ ਮੁਤਾਬਕ ਭਾਰਤ ਵਿੱਚ ਬੇਰੁਜ਼ਗਾਰੀ ਦੀ ਦਰ ਇਸ ਸਾਲ ਫਰਵਰੀ ਵਿੱਚ ਵੱਧ ਕੇ 7.2 ਫੀਸਦ ਹੋ ਗਈ ਹੈ, ਜੋ ਸਤੰਬਰ 2016 ਦੇ ਬਾਅਦ ਤੋਂ ਸਭ ਤੋਂ ਵੱਧ ਹੈ। ਹਾਲਾਂਕਿ ਸਰਕਾਰ ਨੇ ਇਨ੍ਹਾਂ ਅੰਕੜਿਆਂ ਨੂੰ ਖਾਰਿਜ ਕਰ ਦਿੱਤਾ ਹੈ।

**ਰੁਜ਼ਗਾਰ ਦਿੰਦਾ ਹੈ ਚਮੜਾ ਕਾਰੋਬਾਰ-**
ਭਾਰਤ ਦਾ ਚਮੜਾ ਕਾਰੋਬਾਰ ਕਰੀਬ 25 ਲੱਖ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਪਰ ਗਊ ਰੱਖਿਆ ਦੇ ਨਾਂ 'ਤੇ ਭਗਵੇਂਵਾਦੀਆਂ ਰਾਹੀਂ ਕੀਤੀ ਜਾਣ ਵਾਲੀਆਂ ਹਰਕਤਾਂ ਕਰਕੇ ਸਮਾਜ ਵਿੱਚ ਨਫ਼ਰਤ ਵਧ ਰਹੀ ਹੈ।

ਪਸ਼ੂ ਵਪਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਤੇ ਕਈ ਲੋਕਾਂ ਦਾ ਕਤਲ ਵੀ ਕਰ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਦੇ ਵਪਾਰ ਨੂੰ ਨੁਕਸਾਨ ਹੋਇਆ।



ਚਮੜੇ ਦਾ ਕਾਰੋਬਾਰੀਆਂ ਦਾ ਮੰਨਣਾ ਹੈ ਕਿ ਇਹ ਕਾਰੋਬਾਰ ਪੂਰੀ ਤਰ੍ਹਾਂ ਮਰੇ ਪਸ਼ੂਆਂ 'ਤੇ ਆਧਾਰਿਤ ਹੈ। ਅਸੀਂ ਜੁੱਤੀਆਂ ਅਤੇ ਬੈਗ ਬਣਾਉਣ ਲਈ ਉਨ੍ਹਾਂ ਦੀ ਚਮੜੀ ਦਾ ਇਸਤੇਮਾਲ ਕਰਦੇ ਹਾਂ। ਅਸੀਂ ਲੋਕ ਪ੍ਰਦੂਸ਼ਣ ਨੂੰ ਵੀ ਰੋਕਦੇ ਹਨ। ਜੇ ਮਰੀ ਹੋਈ ਗਊ ਖੁਲ੍ਹੇ ਵਿੱਚ ਸੜੇਗੀ ਤੇ ਉਸ ਨਾਲ ਬੀਮਾਰੀਆਂ ਫੈਲਣਗੀਆਂ।

**ਕਾਰੋਬਾਰ 'ਚ ਗਿਰਾਵਟ-**
ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਵਪਾਰ ਵਿਚ 40 ਫੀਸਦ ਤੱਕ ਗਿਰਾਵਟ ਵੇਖੀ ਗਈ ਹੈ ਤੇ ਇਸ ਦੌਰਾਨ ਕਰੀਬ ਦੋ ਲੱਖ ਲੋਕ ਬੇਰੁਜ਼ਗਾਰ ਹੋਏ ਹਨ। ਦਿਲਚਸਪ ਗੱਲ ਇਹ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਨਰਿੰਦਰ ਮੋਦੀ ਨੇ 'ਮੇਕ ਇਨ ਇੰਡੀਆ' ਮੁਹਿੰਮ ਰਾਹੀਂ ਚਮੜਾ ਕਾਰੋਬਾਰ ਵਿੱਚ ਬਰਾਮਦ ਨੂੰ ਉਤਸਾਹਿਤ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਨੇ 2020 ਤੱਕ ਇਸ ਕਾਰੋਬਾਰ ਦਾ ਟੀਚਾ ਨੌ ਅਰਬ ਡਾਲਰ ਰੱਖਿਆ ਸੀ।

ਸੁਬਰਾਮਨੀਅਮ ਸਵਾਮੀ ਦਾ ਇਸ ਬਾਰੇ ਕਹਿਣਾ ਹੈ ਕਿ "ਮੈਨੂੰ ਨਹੀਂ ਪਤਾ ਕਿ ਇਹ ਟੀਚਾ ਕਿੰਨੀ ਸਹੀ ਹੈ, ਮੈਨੂੰ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਇਸ ਬਾਰੇ ਹੋਰ ਸੋਚਣਾ ਚਾਹੀਦਾ ਹੈ।"
"ਉਨ੍ਹਾਂ ਇਹ ਵੀ ਕਿਹਾ ਕਿ ਗਊ-ਰੱਖਿਆ ਦੇ ਨਾਂ ਤੇ ਕਤਲਾਂ ਨੂੰ ਰੋਕਣ ਦੀ ਜ਼ਿੰਮੇਵਾਰੀ ਸੂਬੇ ਦੀਆਂ ਸਰਕਾਰਾਂ ਦੀ ਹੈ।"

ਸੁਬਰਾਮਨੀਅਮ ਸਵਾਮੀ ਗਊ ਹੱਤਿਆ ਕਰਨ ਵਾਲਿਆਂ ਨੂੰ ਫਾਂਸੀ ਦੇਣ ਦੀ ਵਕਾਲਤ ਕਰਦੇ ਹਨ ਤੇ ਉਨ੍ਹਾਂ ਇਸ ਬਾਰੇ ਪਿਛਲੇ ਸਾਲ ਇੱਕ ਬਿੱਲ ਵੀ ਪੇਸ਼ ਕੀਤਾ ਸੀ, ਜਿਸ ਨੂੰ ਬਾਅਦ ਵਿਚ ਉਨ੍ਹਾਂ ਨੇ ਵਾਪਸ ਲੈ ਲਿਆ ਸੀ।

**ਗਊ ਰੱਖਿਆ ਦੇ ਨਾਮ 'ਤੇ ਹਿੰਸਾ-**
ਗਊ ਰੱਖਿਆ ਦੇ ਨਾਂ 'ਤੇ ਹਿੰਸਾ ਦੀਆਂ ਘਟਨਾਵਾਂ ਦਾ ਕੋਈ ਅਧਿਕਾਰਤ ਅੰਕੜਾ ਨਹੀਂ ਹੈ, ਹਾਲਾਂਕਿ ਇੰਡਿਆਸਪੈਂਡ ਸੰਸਥਾ ਵੱਲੋਂ ਇਕੱਠੇ ਕੀਤੇ ਅੰਕੜਿਆਂ ਮੁਤਾਬਕ 2015 ਤੋਂ ਬਾਅਦ ਅਜਿਹੀਆਂ ਘਟਨਾਵਾਂ ਵਿੱਚ ਕਰੀਬ 250 ਲੋਕ ਜ਼ਖਮੀ ਹੋਈ ਹਨ ਤੇ 46 ਲੋਕਾਂ ਦੀ ਮੌਤ ਹੋ ਚੁੱਕੀ ਹੈ।

**ਹਿੰਸਾ ਕਾਰਨ ਪਸ਼ੂ-ਵਪਾਰ ਨੂੰ ਲੱਗੀ ਢਾਹ-**
ਗਊ ਰੱਖਿਆ ਦੇ ਨਾਂ ਉੱਤੇ ਮੁਲਕ ਵਿਚ ਹੋ ਰਹੀਆਂ ਹਿੰਸਕ ਕਾਰਵਾਈਆਂ ਉੱਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ, ਪੰਜਾਬ ਦੇ ਪਸ਼ੂ ਪਾਲਣ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਇਨ੍ਹਾਂ ਹਿੰਸਕ ਕਾਰਵਾਈਆਂ ਕਾਰਨ ਪੈਦਾ ਹੋਏ ਡਰ ਅਤੇ ਸਹਿਮ ਕਾਰਨ ਸੂਬੇ ਵਿਚ ਪਸ਼ੂਆਂ ਦੇ ਵਪਾਰ ਨੂੰ ਬਹੁਤ ਵੱਡੀ ਢਾਹ ਲੱਗਣ ਕਰ ਕੇ ਪਸ਼ੂ ਪਾਲਕਾਂ ਅਤੇ ਕਿਸਾਨਾਂ ਨੂੰ ਹਰ ਵਰ੍ਹੇ ਅਰਬਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਕੁੱਝ ਫਿਰਕਾਪ੍ਰਸਤ ਤਾਕਤਾਂ ਵਲੋਂ ਇਕ ਗਿਣੀ ਮਿੱਥੀ ਚਾਲ ਤਹਿਤ ਸ਼ੁਰੂ ਕੀਤੀ ਗਈ ਕਥਿਤ ਗਊ ਰੱਖਿਆ ਮੁਹਿੰਮ ਤੋਂ ਪਹਿਲਾਂ ਸੂਬੇ ਵਿਚ ਜਿਹੜੀ ਚੰਗੀ ਨਸਲ ਦੀ ਗਾਂ ਡੇਢ ਲੱਖ ਰੁਪਏ ਵਿਚ ਵਿਕਦੀ ਸੀ ਹੁਣ ਉਸ ਦੀ ਕੀਮਤ ਘਟ ਕੇ ਤਕਰੀਬਨ ਚਾਲੀ-ਪੰਜਾਹ ਹੀ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਗਊ ਰੱਖਿਆ ਦੇ ਨਾਂ ਉੱਤੇ ਕੀਤੇ ਜਾ ਰਹੇ ਕਤਲਾਂ ਕਾਰਨ ਨਾ ਤਾਂ ਵਪਾਰੀ ਪੰਜਾਬ ਵਿਚ ਆ ਰਹੇ ਹਨ ਅਤੇ ਨਾ ਹੀ ਇਥੋਂ ਦੇ ਵਪਾਰੀ ਪਸ਼ੂ ਖਰੀਦ ਕੇ ਬਾਹਰ ਭੇਜ ਰਹੇ ਹਨ।

ਸਿੱਧੂ ਨੇ ਕਿਹਾ ਕਿ ਕਥਿਤ ਗਊ ਭਗਤਾਂ ਵਲੋਂ ਪੈਦਾ ਕੀਤੇ ਗਏ ਡਰ ਅਤੇ ਸਹਿਮ ਕਰ ਕੇ ਪਸ਼ੂ ਪਾਲਣ ਦੇ ਧੰਦੇ ਅਤੇ ਵਪਾਰ ਨਾਲ ਜੁੜੇ ਹਜ਼ਾਰਾਂ ਵਿਅਕਤੀ ਪ੍ਰਭਾਵਤ ਹੋਏ ਹਨ। ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਅੱਜ ਵੀ ਸਾਹੀਵਾਲ ਨਸਲ ਦੀਆਂ ਚੰਗੀਆਂ ਗਊਆਂ ਮੁਸਲਮਾਨਾਂ ਵਲੋਂ ਹੀ ਪਾਲੀਆਂ ਜਾ ਰਹੀਆਂ ਹਨ। ਪੰਜਾਬ ਦੇ ਵਪਾਰੀਆਂ ਅਤੇ ਪਸ਼ੂ ਪਾਲਕਾਂ ਨੂੰ ਭਰੋਸਾ ਦਿੰਦਿਆਂ ਉਹਨਾਂ ਕਿਹਾ ਕਿ ਉਹ ਬਿਨਾਂ ਕਿਸੇ ਡਰ ਭੈਅ ਦੇ ਅਪਣਾ ਕਾਰੋਬਾਰ ਕਰਨ, ਸੂਬੇ ਵਿਚ ਅਜਿਹੀ ਹਿੰਸਾ ਦੀ ਕੋਈ ਘਟਨਾ ਨਹੀਂ ਵਾਪਰਨ ਦਿਤੀ ਜਾਵੇਗੀ।

## ਪੰਜਾਬ 'ਚ ਅਵਾਰਾ ਗਊਆਂ ਦੀ ਸਮੱਸਿਆ ਦਾ ਹੱਲ

**ਗੁਰਬਚਨ ਸਿੰਘ ਭੁੱਲਰ**

ਸਵਾਲ ਹੈ ਕਿ ਮੋਦੀ ਹਕੂਮਤ ਦੌਰਾਨ ਪੈਦਾ ਹੋਏ ਕਥਿਤ ਭਗਵੇਂ ਅੱਤਵਾਦ ਦੇ ਮਾਹੌਲ ਵਿਚ ਪੰਜਾਬ ਦੇ ਕਿਸਾਨ ਅਤੇ ਦਲਿਤ ਅਵਾਰਾ ਗਊਆਂ ਦੀ ਸਮੱਸਿਆ ਦਾ ਕੀ ਹੱਲ ਕਰਨ ? ਸ਼ਾਇਦ ਇੱਕੋ-ਇੱਕ ਸੁਚੱਜਾ ਰਾਹ ਇਹ ਹੈ ਕਿ ਹਰ ਇਲਾਕੇ ਦੇ ਕਿਸਾਨ ਸਭ ਆਵਾਰਾ ਗੋਕੇ ਪਸ਼ੂ ਇਕੱਠੇ ਕਰਨ ਅਤੇ ਉਹਨਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਅਤੇ 'ਪੰਜਾਬ ਗਊ ਸੇਵਾ ਕਮਿਸ਼ਨ' ਦੇ ਪ੍ਰਧਾਨ ਕੀਮਤੀ ਭਗਤ ਜਿਹੇ ਪ੍ਰਮੁੱਖ ਗਊ-ਭਗਤਾਂ ਤੋਂ ਲੈ ਕੇ ਹੇਠਾਂ ਆਪਣੇ ਪਿੰਡ-ਨਗਰ ਦੇ ਗਊ ਭਗਤਾਂ ਤੱਕ ਦੇ ਘਰਾਂ ਅਤੇ ਖੇਤਾਂ ਵਿਚ, ਉਹਨਾਂ ਦੀ ਸਮਾਜਕ-ਆਰਥਕ ਹੈਸੀਅਤ ਅਨੁਸਾਰ ਗਿਣਤੀ ਵਿਚ ਪੁੱਜਦੇ ਕਰ ਦੇਣ। ਇਸੇ ਤਰ੍ਹਾਂ ਦਲਿਤ ਇਹਨਾਂ ਸਭ ਗਊ-ਭਗਤਾਂ ਨੂੰ ਸੋਝੀ ਕਰਾਉਣ ਕਿ ਆਪਣੀ ਜਨਮਦਾਤੀ ਮਾਤਾ ਦੀ ਅੰਤਿਮ ਯਾਤਰਾ ਜੇ ਤੁਸੀਂ ਬੜੇ ਸਤਿਕਾਰ ਨਾਲ ਆਪਣੇ ਮੋਢਿਆਂ ਉੱਤੇ ਚੁੱਕ ਕੇ ਪੂਰੀ ਕਰਾਉਂਦੇ ਹੋ ਤਾਂ ਉਸ ਨਾਲੋਂ ਵੀ ਵੱਧ ਪੂਜਣਜੋਗ ਗਊ ਮਾਤਾ ਦੀ ਅੰਤਿਮ ਯਾਤਰਾ ਵਾਸਤੇ ਸਾਡੇ ਭਿੱਟ-ਭਰੇ ਅਛੂਤ-ਸ਼ੂਦਰ ਮੋਢੇ ਕਿਉਂ ਵਰਤਦੇ ਹੋ ? ਮਾਲਕ ਦੀ ਚੁਕਾਈ ਮਰੀ ਹੋਈ ਗਊ ਨਾਲ ਫੜੇ ਗਏ ਦਲਿਤਾਂ ਨੂੰ ਨੰਗੇ ਕਰ ਕੇ ਗਊ-ਭਗਤਾਂ ਵਲੋਂ ਚਾੜ੍ਹੇ ਗਏ ਜੱਲਾਦੀ ਕੁਟਾਪੇ ਮਗਰੋਂ ਗੁਜਰਾਤ ਦੇ ਦਲਿਤਾਂ ਨੇ ਰਾਜਧਾਨੀ ਅਹਿਮਦਾਬਾਦ ਵਿਚ ਮਹਾਂਸੰਮੇਲਨ ਕਰ ਕੇ ਸਹੁੰ ਖਾਧੀ ਹੈ ਕਿ ਹੁਣ ਉਹ ਕਾਲ਼ੇ ਅਤੀਤ ਵਿਚ ਵਡੇਰਿਆਂ ਦਾ ਮਨੂਵਾਦੀ ਮਜਬੂਰੀ ਵਿਚ ਅਪਣਾਇਆ ਪਰਾਏ ਘਰਾਂ ਵਿੱਚੋਂ ਮਰੇ ਹੋਰੇ ਪਸ਼ੂ ਚੁੱਕਣ ਦਾ ਧੰਦਾ ਕਿਸੇ ਵੀ ਹਾਲਤ ਵਿਚ ਨਹੀਂ ਕਰਨਗੇ ! ਇਉਂ ਉਹਨਾਂ ਨੇ ਪੰਜਾਬ ਸਮੇਤ ਬਾਕੀ ਦੇਸ਼ ਦੇ ਦਲਿਤਾਂ ਨੂੰ ਸਹੀ ਰਾਹ ਦਿਖਾ ਦਿੱਤਾ ਹੈ ਜੋ ਹੁਣ ਉਹਨਾਂ ਸਾਹਮਣੇ ਇਕੋ-ਇਕ ਰਾਹ ਰਹਿ ਗਿਆ ਹੈ। ਕਿਸਾਨਾਂ ਅਤੇ ਦਲਿਤਾਂ ਦੇ ਇਸ ਇਕ ਸੁਚੱਜੇ ਕਦਮ ਸਦਕਾ ਆਵਾਰਾ ਗੋਕਿਆਂ ਨੂੰ ਗੰਦ-ਖਾਣੇ ਨਰਕੀ ਜੀਵਨ ਤੋਂ ਮੁਕਤੀ ਮਿਲੇਗੀ, ਕਿਸਾਨਾਂ ਦੀਆਂ ਫ਼ਸਲਾਂ ਉਜਾੜੇ ਤੋਂ ਬਚ ਰਹਿਣਗੀਆਂ, ਦਲਿਤ ਅਰਧ-ਮਾਨਵੀ ਨਰਕੀ ਹੋਂਦ ਵਿੱਚੋਂ ਨਿਕਲ ਕੇ ਮਨੁੱਖੀ ਜਾਮੇ ਵਿਚ ਪ੍ਰਵੇਸ਼ ਕਰ ਸਕਣਗੇ। ਗਊ-ਭਗਤਾਂ ਨੂੰ ਆਪਣੀ ਗਊਮਾਤਾ ਦੀ ਸੇਵਾ ਕਰਨ ਦਾ ਤੇ ਅੰਤ ਸਮੇਂ ਉਹਦੀਆਂ ਆਖ਼ਰੀ ਰਸਮਾਂ ਆਪਣੇ ਹੱਥੀਂ ਆਪ ਨਿਭਾਉਣ ਦਾ ਅਵਸਰ ਪ੍ਰਾਪਤ ਹੋ ਜਾਵੇਗਾ।




Sandhu Herbals™
ਸੰਧੂ ਹਰਬਲਜ਼
ਤੰਦਰੁਸਤ ਸਿਹਤ
VEGETARIAN
Buy Sugar Destroyer Tea Get Karela Capsules Free
SanGluco®
ਸ਼ੂਗਰ ਲਈ
• ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
• 1 ਮਹੀਨੇ ਦੀ ਖੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ
• Supports blood sugar levels already within optimal range*
• Promotes healthy weight management*
• Bitter Melon also known as karela, it helps regulate normal glucose tolerance*
Price : $ 30
SanPhala®
ਕਬਜ਼ ਅਤੇ ਪੇਟ ਸਾਫ਼ ਲਈ
• ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
• Helps relieve occasional constipation*
• Provides a gentle colon cleanse and detox action. *
• Supports colon health, regulates intestines to remove stagnant waste.
Buy now : $ 14.99
FREE SHIPPING
SanLipid
ਕਲੈਸਟਰੋਲ ਲਈ
• ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
• Helps maintain cholesterol levels already within normal range*
• Supports heart health.*
Buy now : $ 19.99
SanAshwa®
ਤਣਾਅ, ਚਿੰਤਾ ਅਤੇ ਤਾਕਤ ਲਈ
• ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
• SanAshwa® is a cutting-edge scientific formula rooted in the ancient wisdom of herbs to help you live a happier, healthier life*.
• Designed by pharmacists and herbal experts, SanAshwa® has undergone rigorous scientific testing to ensure it is safe and effective.*
Price : $ 49.99
SANDHU HERBALS
Livermore, CA 94551 U.S.A.
ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849
www.sandhuherbals.com | Toll Free : 1 800 570 8849 | MON-SAT 9 AM TO 6 PM




# 22




## GET FLAT 22 CENTS DISCOUNT AT

TA TravelCenters of America

PETRO Stopping Centers

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# ਫਰਿਜ਼ਨੋ : ਗਦਰੀ ਬਾਬਿਆਂ ਨੂੰ ਸਮਰਪਿਤ 19ਵਾਂ ਸਲਾਨਾ ਮੇਲਾ ਕਰਵਾਇਆ

## ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਡਾ. ਵਰਿਆਮ ਸਿੰਘ ਸੰਧੂ ਤੇ ਬੁਲਾਰਿਆਂ ਵੱਲੋਂ ਸ਼ਰਧਾਂਜਲੀ








**ਫਰਿਜ਼ਨੋ/ਹਰਜਿੰਦਰ ਢੇਸੀ :**
ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਉਸ ਸਮੇਂ ਦੀ ਅੱਤਿਆਚਾਰੀ ਬਰਤਾਨਵੀ ਸਰਕਾਰ ਵਲੋਂ ਵਰਤਾਏ ਕਹਿਰ ਨੂੰ ਸੌ ਸਾਲ ਹੋ ਗਏ ਹਨ ਜਦੋਂ ਰੋਲਟ ਐਕਟ ਦੇ ਵਿਰੋਧ ਵਿਚ ਰੈਲੀ ਕਰ ਰਹੇ ਕੋਈ 5000 ਦੇ ਕਰੀਬ ਬੇਗੁਨਾਹ ਲੋਕਾਂ ਉਤੇ ਜਨਰਲ ਡਾਇਰ ਦੇ ਹੁਕਮਾਂ ਨਾਲੇ ਅੰਨੇਵਾਹ ਗੋਲੀਆਂ ਚਲਾਈਆਂ ਗਈਆਂ ਸਨ। ਇਸ ਸਾਕੇ ਵਿਚ 1500 ਦੇ ਕਰੀਬ ਲੋਕ ਮੌਕੇ ‘ਤੇ ਮਾਰੇ ਗਏ ਅਤੇ 11000 ਤੋਂ ਵੱਧ ਜਖਮੀ ਹੋਏ, ਜੋ 24 ਘੰਟੇ ਤੱਕ ਕਿਸੇ ਡਾਕਟਰੀ ਸਹਾਇਤਾ ਤੋਂ ਬਿਨਾ ਤੜਫਦੇ ਰਹੇ। ਉਦੋਂ ਇਸ ਕਾਲੇ ਕਾਰਨਾਮੇ ਨੂੰ ਲੰਬੇ ਸਮੇਂ ਤੱਕ ਕਿਸੇ ਅਖਬਾਰ-ਰਸਾਲੇ ਵਿਚ ਛਪਣ ਨਾ ਦਿਤਾ ਗਿਆ। ਉਸ ਇਤਿਹਾਸਿਕ ਤਰਾਸਦੀ ਨੂੰ ਯਾਦ ਕਰਨ ਅਤੇ ਉਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਪ੍ਰੋਗਰਾਮ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ 31 ਮਾਰਚ, 2019 ਨੂੰ ਫਰਿਜ਼ਨੋ ਵਿਚ ਕਰਵਾਇਆ ਗਿਆ ਜਿਸ ਵਿਚ ਕੋਈ 1300 ਤੋਂ ਵੱਧ ਲੋਕ ਸ਼ਾਮਲ ਹੋਏ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਪਿਛਲੇ 19 ਸਾਲਾਂ ਤੋਂ ਲਗਾਤਾਰ ਮੇਲੇ ਅਤੇ ਹੋਰ ਪ੍ਰੋਗਰਾਮ ਕਰਵਾ ਕੇ ਲੋਕਾਂ ਨੂੰ ਗਦਰੀ ਸ਼ਹੀਦਾਂ ਅਤੇ ਹੋਰ ਦੇਸ਼ ਭਗਤਾਂ ਦੀ ਵਿਰਾਸਤ ਨਾਲ ਜੋੜਨ ਦਾ ਕੰਮ ਕਰ ਰਿਹਾ ਹੈ।
ਇਸ ਵਾਰ ਮੇਲੇ ਦਾ ਮੁਖ ਆਕਰਸ਼ਣ ਮੁੱਖ ਮੁਲਾਰੇ ਪ੍ਰਸਿੱਧ ਕਹਾਣੀਕਾਰ ਅਤੇ ਕਈ ਕਿਤਾਬਾਂ ਦੇ ਰਚਨਾਕਾਰ, ਡਾ. ਵਰਿਆਮ ਸਿੰਘ ਸੰਧੂ ਜੀ ਸਨ, ਜੋ ਕਿ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਵੱਧ ਗਦਰੀ ਪੈਦਾ ਕਰਨ ਵਾਲੇ ਪਿੰਡ ਸੁਰਸਿੰਘ ਦੇ ਜੰਮ ਪਲ ਹਨ। ਇਸ ਪਿੰਡ ਨੇ ਅਹਿਮਦ ਸ਼ਾਹ ਅਬਦਾਲੀ ਦੇ ਦਰਬਾਰ ਸਾਹਬ ਢਾਹੁਣ ਤੋਂ ਬਾਅਦ ਇਸ ਦੀ ਮੁੜ ਉਸਾਰੀ ਦੀ ਅਗਵਾਈ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਲਈ ਲੜੇ ਹਰ ਘੋਲ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ। ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਸੌ ਵੀਂ ਬਰਸੀ ‘ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਡਾ. ਵਰਿਆਮ ਸਿੰਘ ਨੇ ਕਿਹਾ ਕਿ ਦੇਸ਼ ਲਈ ਕੁਰਬਾਨੀਆਂ ਕਰਨ ਵਾਲਿਆਂ ਨੂੰ ਭਾਰਤ ਦੇ ਕੌਮੀ ਸੰਘਰਸ਼ ਵਿਚ ਕਦੇ ਵੀ ਬਣਦੀ ਥਾਂ ਨਹੀਂ ਦਿਤੀ ਗਈ। ਦੇਸ਼ ਦੇ ਅੱਜ ਦੇ ਹਾਕਮ ਵੀ ਬਰਤਨਵੀ ਹਾਕਮਾਂ ਵਾਂਗ ਹੀ ਨਹੀਂ ਚਾਹੁੰਦੇ ਕਿ ਅਸਲੀ ਦੇਸ਼ ਭਗਤਾਂ ਦੀ ਵੀਰ-ਗਾਥਾ ਲੋਕਾਂ ਸਾਹਮਣੇ ਪੇਸ਼ ਕੀਤੀ ਜਾਵੇ ਕਿਉਂਕਿ ਅਜ ਦੇ ਹਾਕਮ ਉਨਾਂ ਮਰਜੀਵੜਿਆਂ ਦੇ ਕਾਰਨਾਮਿਆਂ ਸਾਹਮਣੇ ਬੌਣੇ ਹਨ। ਭਾਰਤ ਦੇਸ਼ ਦਾ ਇਤਿਹਾਸ ਉਸਦੇ ਸ਼ਹੀਦਾਂ ਅਤੇ ਉਨਾਂ ਦੇ ਪਰਿਵਾਰਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਜੇ ਅਸੀਂ ਚਾਹੁੰਦੇ ਹਾਂ ਕਿ ਅੱਜ ਦੇ ਨੌਜਵਾਨ ਦੇਸ਼ ਦੀ ਉਨਤੀ ਵਿਚ ਆਪਣਾ ਹਿੱਸਾ ਪਾਉਣ ਤਾਂ ਲੋੜ ਸ਼ਹੀਦਾਂ ਦੇ ਪਾਏ ਪੂਰਨਿਆਂ ਨੂੰ ਪਿਛੇ ਪਾਉਣ ਦੀ ਨਹੀਂ ਸਗੋਂ, ਉਨਾਂ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦੀ ਹੈ। ਉਨਾਂ ਕਿਹਾ ਕਿ ਬਾਬਾ ਸੋਹਣ ਸਿੰਘ ਭਕਨਾ ਕਿਹਾ ਕਰਦੇ ਸਨ ਕਿ ਅਗਰੇਜ਼ਾਂ ਦੇ ਜ਼ੁਲਮ-ਤਸੀਹੇ ਅਤੇ ਮੁਕੱਦਮੇ ਮੇਰੀ ਧੌਣ ਨਹੀਂ ਝੁਕਾ ਸਕੇ ਪਰ ਆਜ਼ਾਦ ਦੇਸ਼ ਦੇ ਹਾਕਮਾਂ ਨੇ ਮੇਰੀ ਕਮਰ ਕੁੱਬੀ ਕਰ ਦਿਤੀ ਹੈ ਜੋ ਕਿ ਸ਼ਹੀਦਾਂ ਦੀ ਪਿੱਠ ਲੁਆਉਣ ‘ਤੇ ਤੁਲੇ ਹੋਏ ਹਨ ਅਤੇ ਲੋਕਾਂ ਨੂੰ ਵਰਗਲਾ ਕੇ ਝੂਠੇ ਪਾਠ ਪੜ੍ਹਾ ਰਹੇ ਹਨ। ਉਨਾਂ ਕਿਹਾ ਕਿ ਗਦਰ ਪਾਰਟੀ ਅਤੇ ਹੋਰ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਅੱਜ ਸਾਰੇ ਭਾਈਚਾਰਿਆਂ ਵਿਚ ਪਿਆਰ ਅਤੇ ਸਹਿਣਸ਼ੀਲਤਾ ਉਸਾਰਨ ਵਿਚ ਹੈ ਤਾਂ ਕਿ ਲੋਕਾਂ ਦੇ ਅਸਲੀ ਮਸਲਿਆਂ ਦੀ ਲੜਾਈ ਲੜੀ ਜਾ ਸਕੇ। ਉਨਾਂ ਨੇ ਕਿਹਾ ਕਿ ਸਾਨੂੰ ਦੇਸ਼ ਲਈ ਸ਼ਹੀਦ ਹੋਣ ਵਾਲਿਆਂ ਦੇ ਨਾਲ-ਨਾਲ ਲੰਬੀਆਂ ਜੇਲ੍ਹਾਂ, ਸ਼ਖ਼ਤ ਸਜਾਵਾਂ ਅਤੇ ਹੋਰ ਕਈ ਅਣਕਿਆਸੇ ਤਸੀਹੇ ਸਹਿਣਵਾਲੇ ਦੇਸ਼ ਭਗਤਾਂ ਅਤੇ ਉਨਾਂ ਦੀਆਂ ਪਤਨੀਆ, ਮਾਵਾਂ, ਧੀਆਂ ਪੁੱਤਰਾਂ ਅਤੇ ਪਰਿਵਾਰਾਂ ਦੇ ਵੀ ਰਿਣੀ ਹੋਣਾ ਚਾਹੀਦਾ ਹੈ। ਇਸ ਇੱਕਠ ਵਿਚ ਫੋਰਮ ਦੇ ਬੁਲਾਰੇ ਸ. ਗੁਰਦੀਪ ਸਿੰਘ ਅਣਖੀ ਨੇ ਸ਼ਹੀਦਾਂ ਨੂੰ ਸਿਰ ਝੁਕਾਉਂਦਿਆਂ ਕਿਹਾ ਕਿ ਅਗਰੇਜ਼ਾਂ ਦੇ ਘੋਰ ਜ਼ੁਲਮਾਂ ਦੇ ਸਤਾਏ ਲੋਕੀਂ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਤਿਆਰ ਹੋ ਗਏ ਸਨ ਅਤੇ ਜਲ੍ਹਿਆਂਵਾਲੇ ਬਾਗ ਵਿਚ 13 ਅਪਰੈਲ 1919 ਦੀ ਵਿਸਾਖੀ ਵਾਲੇ ਦਿਨ ਅਣਮਨੁੱਖੀ ਰੋਲਟ ਐਕਟ ਦੇ ਖਿਲਾਫ ਹੋਇਆ ਮਹਾਨ ਇਕੱਠ ਇਸ ਤਹੱਈਏ ਦਾ ਪ੍ਰਤੀਕ ਸੀ ਅਤੇ ਡਾਇਰ ਵਲੋਂ ਕੀਤੀ ਫਾਇਰਿੰਗ ਅੰਗਰੇਜ਼ੀ ਹਕੂਮਤ ਦੀ ਕਾਇਰਤਾ ਸੀ। ਦੇਸ਼ ਭਗਤ ਸੂਰਮਿਆਂ ਨੇ ਜੇਲ੍ਹਾਂ ਭਰ ਦਿੱਤੀਆਂ, ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿਚ ਅਣਮਨੁੱਖੀ ਤਸੀਹੇ ਝੱਲੇ, ਸਾਲਾਂ ਬੱਧੀ ਪਿੰਜਰਿਆਂ ਵਿਚ ਬੰਦ ਰਹੇ ਪਰ ਕੋਈ ਜ਼ੁਲਮ ਉਨਾਂ ਨੂੰ ਝੁਕਾ ਨਾ ਸਕਿਆ। ਉਨਾਂ ਕਿਹਾ ਕਿ ਅੱਜ ਲੋੜ ਹੈ ਕਿ ਫਿਰਕਾਪ੍ਰਸਤੀ ਦਾ ਭੋਗ ਪਾ ਕੇ ਗਦਰੀ ਬਾਬਿਆਂ ਦੇ ਸਾਂਝੀਵਾਲਤਾ ਦੇ ਸੁਨੇਹੇ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ ਜਾਵੇ।
ਮੇਲੇ ਦੀ ਸ਼ੁਰੂਆਤ ਛੋਟੇ ਬੱਚੇ-ਬੱਚੀਆਂ ਨੇ ਸ਼ਹੀਦਾਂ ਨੂੰ ਯਾਦ ਕਰਨ ਵਾਲੀਆਂ ਆਪਣੀਆਂ ਗੀਤਾਂ, ਕਵਿਤਾਵਾਂ ਅਤੇ ਤਕਰੀਰਾਂ ਨਾਲ ਕੀਤੀ ਜਿਨ੍ਹਾਂ ਵਿਚ ਤਰਸ਼ਨੀਤ ਬੁੱਟਰ, ਤਨਸ਼ਪ੍ਰੀਤ ਕੌਰ, ਗੁਰਲੀਨ ਸਿੱਧੂ, ਬਬਲੀਨ ਸਿੱਧੂ, ਮਹਿਕਦੀਪ ਕੌਰ, ਸਿਮਰੀਰ ਹੇਅਰ ਅਤੇ ਵਾਰਸ ਗਿੱਲ ਸ਼ਾਮਲ ਸਨ। ਇਨਾਂ ਸਾਰੇ ਬੱਚਿਆਂ ਦਾ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਇਸ ਮੇਲੇ ਵਿਚ ਪੰਜਾਬੀ ਅਥਲੀਟ ਸ. ਗੁਰਬਖਸ਼ ਸਿੰਘ ਸਿੱਧੂ ਅਤੇ ਸੁਖਚੈਨ ਸਿੰਘ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਅਮਰੀਕਾ ਵਿਚ ਸੀਨੀਅਰ ਖੇਡਾਂ ਵਿਚ ਹਿੱਸਾ ਲੈ ਕੇ ਹੈਮਰ ਥਰੋ, ਡਿਸਕਸ ਥਰੋ, ਲੌਂਗ ਜੰਪ ਅਤੇ ਟਰਿਪਲ ਜੰਪ ਵਿਚ ਅੱਵਲ ਪੁਜੀਸ਼ਨਾਂ ਪ੍ਰਾਪਤ ਕਰਨ ਬਦਲੇ, ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੇ ਸਨਮਾਨਿਤ ਕੀਤਾ। ਪ੍ਰੋ. ਪਰਮਪਾਲ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਜ਼ਿਕਰ ਕਰਦਿਆਂ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨਾਂ ਕਿਹਾ ਕਿ ਦੇਸ਼ ਦਾ ਇਤਿਹਾਸ ਦੇਸ਼ ਦੇ ਅਣਗਿਣਤ ਸ਼ਹੀਦਾਂ ਦਾ ਇਤਿਹਾਸ ਹੈ ਅਤੇ ਸਾਰਾ ਦੇਸ਼ ਉਨਾਂ ਦਾ ਰਿਣੀ ਹੈ ਸਟੇਜ ਦੀ ਮਲਿਕਾ ਸ੍ਰੀਮਤੀ ਆਸ਼ਾ ਸ਼ਰਮਾ ਨੇ ਮੇਲੇ ਵਿਚ ਆਏ ਹੋਏ ਸਾਰੇ ਲੋਕਾਂ ਦਾ ਸਵਾਗਤ ਕਰਦਿਆਂ ਵੱਖ-ਵੱਖ ਬੁਲਾਰਿਆਂ, ਗਾਇਕਾਂ ਅਤੇ ਪੇਸ਼ਕਾਰਾਂ ਨੂੰ ਪੇਸ਼ ਕਰਦਿਆਂ ਆਪਣੀਆਂ ਦਿਲਚਸਪ ਅਤੇ ਕਾਵਿਕ ਗੱਲਾਂ ਨਾਲ ਜੋੜੀ ਰੱਖਿਆ। ਯਮਲਾ ਜੱਟ ਫਾਊਂਡੇਸ਼ਨ ਦੇ ਬਾਨੀ ਰਾਜ ਬਰਾੜ ਤੇ ਹਰਜੀਤ ਸਿੰਘ ਮਰਸਿਡ ਨੇ ਇਕ-ਇਕ ਗੀਤ ਗਾ ਕੇ ਆਪਣੀ ਹਾਜ਼ਰੀ ਲਵਾਈ। ਬੇਕਰਜ਼ਫੀਲਡ ਤੋਂ ਵਿਸ਼ੇਸ ਤੌਰ ‘ਤੇ ਪਹੁੰਚੇ ਗਾਇਕ ਸਨੀ ਬੱਬਰ ਨੇ ਆਪਣੇ ਦੋ ਗੀਤ ਗਾ ਕੇ ਸਾਰਿਆਂ ਨੂੰ ਪ੍ਰਭਾਵਤ ਕੀਤਾ। ਫਰਿਜ਼ਨੋ ਦੇ ਸੈਂਟਰਲ ਸਕੂਲ ਡਿਸਟਰਿਕਟ ਤੋਂ ਨਵੇਂ ਚੁਣੇ ਬੋਰਡ ਮੈਂਬਰ ਨੈਨਦੀਪ ਸਿੰਘ ਚੰਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਫੋਰਮ ਵਲੋਂ ਉਨਾਂ ਨੂੰ ਦੁਸ਼ਾਲਾ ਦੇ ਕੇ ਸਨਮਾਨਤ ਕੀਤਾ ਗਿਆ। ਫੋਰਮ ਦੇ ਮੀਡੀਆ ਸਕੱਤਰ ਕੁਲਵੀਰ ਹੇਅਰ ਦੀ ਬੇਟੀ ਆਂਚਲ ਹੇਅਰ ਨੇ ਆਪਣੇ ਭਾਸ਼ਣ ਨਾਲ ਸਭ ਨੂੰ ਪ੍ਰਭਾਵਤ ਕੀਤਾ ਅਤੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਬਾਰੇ ਇਕ ਕਵਿਤਾ ਸੁਣਾਈ। ਉਸ ਨੂੰ ਨਗਦ ਇਨਾਮ ਅਤੇ ਸ਼ਾਲ ਨਾਲ ਸਨਮਾਨਤ ਕੀਤਾ ਗਿਆ।
ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੀ ਸਮੁੱਚੀ ਟੀਮ ਅਤੇ ਸ. ਚਰਨਜੀਤ ਸਿੰਘ ਬਾਠ ਵੱਲੋਂ ਉੱਘੇ ਵਿਦਵਾਨ ਅਤੇ ਚਿੰਤਕ ਡਾ. ਗੁਰੂਮੇਲ ਸਿੱਧੂ ਨੂੰ ਸਾਇੰਸ ਅਤੇ ਪੰਜਾਬੀ ਸਾਹਿਤ ਅਤੇ ਗਦਰ ਪਾਰਟੀ ‘ਤੇ ਖੋਜ ਅਧਾਰਤ ਚਾਰ ਪੁਸਤਕਾਂ ਲਿਖਣ ਲਈ ਅਤੇ ਡਾ. ਵਰਿਆਮ ਸਿੰਘ ਸੰਧੂ ਨੂੰ ਪੰਜਾਬੀ ਸਾਹਿਤ, ਗਦਰ ਪਾਰਟੀ ਉਤੇ ਖੋਜ ਭਰਪੂਰ ਕਿਤਾਬਾਂ ਲਿਖਣ ਅਤੇ ਗਦਰ ਪਾਰਟੀ ਦੇ ਇਤਿਹਾਸ ਨੂੰ ਇਲਕਟਰੋਨਿਕ ਮੀਡੀਏ ਰਾਹੀ ਸਾਂਭਣ ਦੇ ਉਦਮਾਂ ਲਈ ਪਲੇਕਾਂ ਅਤੇ ਦੁਸ਼ਾਲੇ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬੋਲਦਿਆ ਸ. ਗੁਰਦੀਪ ਸਿੰਘ ਅਣਖੀ ਨੇ ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਇਨਾਂ ਦੋਵੇ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ।
ਜਾਣੇ ਪਹਿਚਾਣੇ ਗਾਇਕ ਜੀਤਾ ਗਿੱਲ ਇਸ ਪ੍ਰੋਗਰਾਮ ਦੇ ਮੁੱਖ ਗਾਇਕ ਸਨ। ਪੱਪੀ ਭਦੌੜ ਨੇ ਵੀ ਇਕ ਗੀਤ ਗਾਇਆ। ਹਾਈ ਸਕੂਲ ਜਾਂ ਕਾਲਜ ਦੇ 4.0 ਗਰੇਡ ਜਾਂ ਇਸ ਤੋਂ ਵੱਧ ਪ੍ਰਾਪਤੀ ਵਾਲੇ ਵਿਦਿਆਰਥੀਆਂ ਨੂੰ ਹਰ ਸਾਲ ਦੀ ਤਰਾਂ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਰੰਗਾਰੰਗ ਪ੍ਰੋਗਰਾਮ ਵਿਚ ਸਿਮਰਨ ਹੇਅਰ ਵਲੋਂ ਤਿਆਰ ਕੀਤੀ ਬੱਚੀਆਂ ਦੀ ਗਿੱਧੇ ਦੀ ਟੀਮ ਅਤੇ ਫੋਰਮ ਦੀ ਸਹਿਯੋਗੀ ਸੰਸਥਾ ਜੀਐਚਜੀ ਡਾਂਸ ਐਂਡ ਸੰਗੀਤ ਅਕੈਡਮੀ ਦੀਆਂ ਦੋ ਭੰਗੜੇ ਦੀਆਂ ਟੀਮਾਂ ਨੇ ਪਰਫਾਰਮ ਕੀਤਾ। ਸਾਰੇ ਬੱਚਿਆਂ ਅਤੇ ਕੋਚਾਂ ਨੂੰ ਸਨਮਾਨ ਚਿਨ ਭੇਟ ਕੀਤੇ ਗਏ।
ਇਸ ਮੌਕੇ ਬੋਲਦਿਆਂ ਸੁਰਿੰਦਰ ਸਿੰਘ ਜਰਨਲਿਸਟ ਨੇ ਕਿਹਾ ਕਿ ਨਸਲੀ ਭੇਦ ਭਾਵ ਹਾਕਮ ਜਮਾਤਾਂ ਦਾ ਹਥਿਆਰ ਹੈ ਅਤੇ ਆਪਸੀ ਵਿਚਾਰ-ਵਟਾਦਰਾਂ ਹੀ ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਵਿਚਕਾਰ ਸਦਭਾਵਨਾ ਪੈਦਾ ਕਰ ਸਕਦਾ ਹੈ। ਲੋਕਾਂ ਨੂੰ ਵੰਡਣ ਦੀ ਸਿਆਸਤ ਭੱਦੀ ਹੁੰਦੀ ਹੈ। ਉਨਾਂ ਨੇ ਪੰਜਾਬ ਦੇ ਪਾਣੀਆਂ ਵਿਚ ਕੀਟ-ਨਾਸ਼ਕਾਂ ਦੇ ਘੁਲ ਰਹੇ ਜ਼ਹਿਰਾਂ ਪ੍ਰਤੀ ਜਾਗਰੂਕ ਹੋਣ ਲਈ ਵੀ ਕਿਹਾ।
ਫੋਟੋਗਰਾਫੀ ਦੀਆਂ ਸੇਵਾਵਾਂ ਮੋਗਾ ਵੀਡਿਓ ਵਲੋਂ ਅਜੀਤ ਸਿੰਘ ਗਿੱਲ ਨੇ ਨਿਭਾਈਆਂ। ਪੀਟੀਸੀ ਨਿਊਜ਼ ਚੈਨਲ ਵਲੋਂ ਸੰਜੀਵ ਕੁਮਾਰ ਨੇ ਕਵਰੇਜ਼ ਕੀਤੀ ਅਤੇ ਏਬੀ 24 ਲਾਈਵ ਟੀਵੀ ਵਲੋਂ ਸੰਜੀਵ ਭਾਰਦਵਾਜ ਨੇ ਵੀਡਿਓ ਅਤੇ ਫੋਟੋਗਰਾਫੀ ਦੀਆ ਸੇਵਾਵਾਂ ਨਿਭਾਈਆਂ ਗਈਆਂ। ਫੋਰਮ ਵਲੋਂ ਸਾਰੇ ਦਰਸ਼ਕਾਂ, ਸਪਾਂਸਰਜ਼ ਅਤੇ ਸਹਾਇਕਾਂ ਦਾ ਧੰਨਵਾਦ ਕੀਤਾ ਗਿਆ।

# ਸੈਨਹੋਜ਼ੇ ਵਿਖੇ ਸਜਿਆ ਹੋਲਾ-ਮਹੱਲਾ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ

**ਸੈਨਹੋਜ਼ੇ/ਪ੍ਰਮਿੰਦਰ ਸਿੰਘ ਪ੍ਰਵਾਨਾ :**
ਅਮਰੀਕੀ ਪੰਜਾਬੀ ਕਵੀਆਂ ਵਲੋਂ ਹੋਲਾ-ਮਹੱਲਾ ਜੋੜੇ ਮੇਲੇ ‘ਤੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ 3636-MURILD Ave./ Gurdwara Road, Sanjose CA 95148 ਵਿਖੇ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ ਉਤੇ ਰੋਸ਼ਨੀ ਪਾਈ ਗਈ ਕਿ ਹੋਲਾ-ਮਹੱਲਾ ਸਿੱਖ ਇਤਿਹਾਸ ਦੇ ਸ਼ਾਨਾਂਮੱਤੇ ਗੌਰਵਮਈ ਵਿਲੱਖਣ ਵਿਰਸੇ ਦੀ ਸ਼ਕਤੀ ਅਤੇ ਅਣਖ ਦਾ ਪ੍ਰਤੀਕ ਹੈ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ-ਮਹੱਲਾ ਨੂੰ ਸੂਰਮਤਾਈ ਨਾਲ ਜੋੜ ਦਿੱਤਾ ਜੋ ਬੀਰਰਸੀ ਰਵਾਇਤਾਂ ਅਤੇ ਜੰਗੀ ਹੁਨਰ ਦੀ ਯਾਦ ਦੁਆਉਂਦਾ ਹੈ। ਸ਼ਸਤਰਾਂ ਦੀ ਵਰਤੋਂ ਅਤੇ ਸਤਿਕਾਰ ਸਿਖਾਉਂਦਾ ਹੈ। ਖ਼ਾਲਸਾਈ ਜਾਹੋ ਜਲਾਲ ਅਤੇ ਚੜ੍ਹਦੀ ਕਲਾ ਦੀ ਹਾਮੀ ਭਰਦਾ ਹੈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਹਾਜ਼ਰ ਕਵੀਆਂ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਗਦੀਪ ਸਿੰਘ ਫਰੀਮੌਂਟ, ਚਰਨਜੀਤ ਸਿੰਘ ਪੰਨੂ, ਤੇਜਿੰਦਰ ਸਿੰਘ, ਮਹਿੰਦਰਪਾਲ ਸਿੰਘ, ਬੀਬੀ ਇੰਦਰਜੀਤ ਕੌਰ ਨੇ ਖ਼ਾਲਸੇ ਦੀਆਂ ਜੰਗੀ ਜਿੱਤਾਂ ‘ਤੇ ਬੀਰਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਤੇ ਖ਼ਾਲਸਾਈ ਰੰਗ ‘ਚ ਰੰਗਿਆ ਸ੍ਰੀ ਆਨੰਦਪੁਰ ਸਾਹਿਬ ਦਾ ਖ਼ਾਲਸਾਈ ਜਾਹੋ ਜਲਾਲ ਦਾ ਅਲੌਕਿਕ ਨਜ਼ਾਰਾ ਯਾਦ ਕਰਵਾਇਆ।




ਗੁਰਦੁਆਰਾ ਸਟੇਜ ਸਕੱਤਰ ਰਜਿੰਦਰ ਸਿੰਘ ਮੱਘਰ ਵਲੋਂ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਸਫ਼ਲਤਾ ‘ਤੇ ਖ਼ੁਸ਼ੀ ਪ੍ਰਗਟਾਈ ਗਈ। ਪ੍ਰਵਾਨਾ ਨੇ ਦੱਸਿਆ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਵੀ ਪ੍ਰਵਾਹ ਤੋਂ ਸੇਧ ਲੈ ਕੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਸੰਗਤਾਂ ਅਤੇ ਯੋਗ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਹੁੰਦੇ ਹਨ।

# ਫੇਸਬੁੱਕ ’ਤੇ ਸਿਆਸੀ ਪਾਰਟੀਆਂ ਨੇ ਉਡਾਏ 10 ਕਰੋੜ, ਭਾਜਪਾ ਮੋਹਰੀ

**ਚੰਡੀਗੜ੍ਹ/ਏਟੀ ਨਿਊਜ਼ :** ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਫਰਵਰੀ-ਮਾਰਚ ਵਿਚ ਫੇਸਬੁੱਕ ‘ਤੇ ਇਸ਼ਤਿਹਾਰ ਦੇਣ ਲਈ ਸਿਆਸੀ ਪਾਰਟੀਆਂ ਨੇ 10 ਕਰੋੜ ਤੋਂ ਵੱਧ ਦੀ ਰਕਮ ਖ਼ਰਚ ਕਰ ਦਿੱਤੀ ਹੈ। ਸਭ ਤੋਂ ਵੱਧ ਭਾਜਪਾ ਨੇ ਫੇਸਬੁੱਕ ‘ਤੇ ਖਰਚਾ ਕੀਤਾ ਹੈ। ਫੇਸਬੁੱਕ ਐਡ ਲਾਇਬ੍ਰੇਰੀ ਰਿਪੋਰਟ ਮੁਤਾਬਕ ਇਸ ਸਾਲ ਫਰਵਰੀ ਤੇ 30 ਮਾਰਚ ਵਿਚਾਲੇ 51,810 ਸਿਆਸੀ ਇਸ਼ਤਿਹਾਰਾਂ ‘ਤੇ 10.32 ਕਰੋੜ ਰੁਪਏ ਤੋਂ ਵੱਧ ਰੁਪਏ ਖ਼ਰਚ ਕੀਤੇ ਗਏ ਹਨ। ਇਨ੍ਹਾਂ ਵਿੱਚ ਬੀਜੇਪੀ ਤੇ ਉਸ ਦੇ ਸਮਰਥਕ ਵੱਡਾ ਹਿੱਸਾ ਖ਼ਰਚ ਕਰ ਰਹੇ ਹਨ। ਬੀਜੇਪੀ ਤੇ ਉਸ ਦੇ ਸਮਰਥਕਾਂ ਨੇ ‘ਭਾਰਤ ਕੇ ਮਨ ਕੀ ਬਾਤ’ ਪੇਜ ਨਾਲ ਇਸ਼ਤਿਹਾਰਾਂ ਦੇ ਵੱਡੇ ਹਿੱਸੇ ‘ਤੇ ਕਬਜ਼ਾ ਰੱਖਿਆ ਹੈ। ਇਕੱਲੇ ਬੀਜੇਪੀ ਨੇ ਕਰੀਬ 1,100 ਇਸ਼ਤਿਹਾਰ ਦਿੱਤੇ ਤੇ ਉਨ੍ਹਾਂ ਉੱਤੇ 36.2 ਲੱਖ ਰੁਪਏ ਖ਼ਰਚ ਕੀਤੇ। ‘ਮਾਈ ਫਰਸਟ ਵੋਟ ਫਾਰ ਮੋਦੀ’ ਤੇ ‘ਨੇਸ਼ਨ ਵਿਦ ਨਮੋ’ ਵਰਗੇ ਪੇਜਾਂ ‘ਤੇ ਵੀ ਭਾਰੀ ਪੈਸਾ ਖਰਚ ਕੀਤਾ ਗਿਆ। ਹਾਲਾਂਕਿ ਕਾਂਗਰਸ ਇਸ ਮਾਮਲੇ ‘ਚ ਭਾਜਪਾ ਤੋਂ ਪਿੱਛੇ ਹੈ। ਨੈਸ਼ਨਲ ਕਾਂਗਰਸ ਵਲੋਂ ਫਰਵਰੀ ਤੋਂ ਮਾਰਚ ਤਕ 410 ਇਸ਼ਤਿਹਾਰ ਦੇਕੇ 5.91 ਲੱਖ ਰੁਪਏ ਖਰਚ ਕੀਤੇ ਗਏ ਹਨ। ਜਿਕਰਯੋਗ ਹੈ ਕਿ ਗੂਗਲ ਨੂੰ ਸਿਆਸੀ ਇਸ਼ਤਿਹਾਰ ਦੇਣ ਵਾਲਿਆਂ ‘ਚ ਵੀ ਭਾਜਪਾ ਨੇ ਚੋਟੀ ਦਾ ਸਥਾਨ ਹਾਸਿਲ ਕੀਤਾ ਹੈ। ਉੱਥੇ ਹੀ ਵਿਰੋਧੀ ਪਾਰਟੀ ਕਾਂਗਰਸ 6ਵੇਂ ਸਥਾਨ ‘ਤੇ ਹੈ। ਭਾਜਪਾ 32 ਫ਼ੀਸਦੀ ਦੀ ਹਿੱਸੇਦਾਰੀ ਨਾਲ ਟੌਪ ‘ਤੇ ਹੈ ਤੇ ਕਾਂਗਰਸ ਨੇ 0.14 ਫ਼ੀਸਦੀ ਹਿੱਸੇਦਾਰੀ ਨਾਲ ਛੇਵਾਂ ਸਥਾਨ ਹਾਸਲ ਕੀਤਾ ਹੈ। ਇੰਟਰਨੈੱਟ ਦੀ ਮਸ਼ਹੂਰ ਕੰਪਨੀ ਇੰਡੀਅਨ ਟ੍ਰਾਂਸਪੇਰੈਂਸੀ ਰਿਪੋਰਟ ਅਨੁਸਾਰ 19 ਫਰਵਰੀ 2019 ਤੋਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇਸ਼ਤਿਹਾਰਬਾਜ਼ੀ ‘ਤੇ 3.76 ਕਰੋੜ ਰੁਪਏ ਖ਼ਰਚ ਕੀਤੇ ਹਨ। ਭਾਜਪਾ 1.21 ਕਰੋੜ ਰੁਪਏ ਦੇ ਕੁੱਲ ਇਸ਼ਤਿਹਾਰ ਖ਼ਰਚ ਨਾਲ ਚੋਟੀ ਦੀ ਇਸ਼ਤਿਹਾਰਦਾਤਾ ਦੇ ਤੌਰ ‘ਤੇ ਉੱਭਰ ਰਹੀ ਹੈ। ਗੂਗਲ ‘ਤੇ 54,100 ਰੁਪਏ ਦੇ ਕੁੱਲ ਇਸ਼ਤਿਹਾਰ ਖ਼ਰਚ ਨਾਲ ਕਾਂਗਰਸ ਛੇਵੇਂ ਸਥਾਨ ‘ਤੇ ਰਹੀ ਹੈ।



# ਸੋਸ਼ਲ ਮੀਡੀਆ ’ਤੇ ਹਥਿਆਰਾਂ ਨਾਲ ਤਸਵੀਰਾਂ ਪੋਸਟ ਕਰਨ ਵਾਲਿਆਂ ’ਤੇ ਪੁਲੀਸ ਦੀ ਨਜ਼ਰ

**ਬਟਾਲਾ/ਏਟੀ ਨਿਊਜ਼ :** ਫੇਸਬੁੱਕ, ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਸਾਧਨਾਂ ‘ਤੇ ਹਥਿਆਰਾਂ ਨਾਲ ਆਪਣੀਆਂ ਫੋਟੋਆਂ ਪਾਉਣ ਵਾਲੇ ਸ਼ੌਕੀਨਾਂ ਦੀ ਹੁਣ ਪੰਜਾਬ ਪੁਲੀਸ ਵੱਲੋਂ ਨਕੇਲ ਕਸੀ ਜਾਵੇਗੀ। ਬਟਾਲਾ ਪੁਲੀਸ ਨੇ ਅਜਿਹੇ ਕੁਝ ਨੌਜਵਾਨਾਂ ਤੋਂ ਪੁੱਛ-ਪੜਤਾਲ ਵੀ ਕੀਤੀ ਹੈ ਜਿਨ੍ਹਾਂ ਨੇ ਹਥਿਆਰਾਂ ਨਾਲ ਆਪਣੀਆਂ ਫੋਟੋਆਂ ਸੋਸ਼ਲ ਮੀਡੀਆ ‘ਤੇ ਪੋਸਟ ਕੀਤੀਆਂ ਸਨ। ਇਸ ਸਬੰਧੀ ਪੁਲੀਸ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਉਪਿੰਦਰਜੀਤ ਸਿੰਘ ਘੁੰਮਣ ਨੇ ਕਿਹਾ ਕਿ ਆਪਣੇ ਲਾਇਸੈਂਸੀ ਹਥਿਆਰਾਂ ਦੀ ਨੁਮਾਇਸ਼ ਕਰਨਾ ਗ਼ੈਰ-ਕਾਨੂੰਨੀ ਹੈ ਅਤੇ ਕੋਈ ਦੂਸਰਾ ਵਿਅਕਤੀ ਕਿਸੇ ਹੋਰ ਦਾ ਲਾਇਸੈਂਸੀ ਹਥਿਆਰ ਲੈ ਵੀ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਬਟਾਲਾ ਪੁਲੀਸ ਦਾ ਆਈਟੀ ਸੈੱਲ ਸੋਸ਼ਲ ਮੀਡੀਆ ‘ਤੇ ਅਜਿਹੇ ਨੌਜਵਾਨਾਂ ਦੀ ਲਗਾਤਾਰ ਪਛਾਣ ਕਰ ਰਿਹਾ ਹੈ ਜਿਨ੍ਹਾਂ ਨੇ ਹਥਿਆਰਾਂ ਨਾਲ ਆਪਣੀਆਂ ਫੋਟੋਆਂ ਅਪਲੋਡ ਕੀਤੀਆਂ ਹੋਈਆਂ ਹਨ।

# ਇੰਟਰਨੈੱਟ ਦੇ 50 ਸਾਲ




**ਇਕਵਾਕ ਸਿੰਘ ਪੱਟੀ**
(ਮੋ. 9815024920)



ਇੰਟਰਨੈੱਟ ਜਿਸ ਨੂੰ ਆਮ ਬੋਲ ਚਾਲ ਦੀ ਭਾਸ਼ਾ ਵਿੱਚ 'ਨੈੱਟ' ਕਿਹਾ ਜਾਂਦਾ ਹੈ, ਇੱਕ ਅਜਿਹਾ ਬਿਜਲਈ ਕੌਮਾਂਤਰੀ ਜਾਲ ਹੈ, ਜਿਸ ਵਿੱਚ ਲੱਖਾਂ/ਕਰੋੜਾਂ ਨਿੱਜੀ ਅਤੇ ਜਨਤਕ ਜਾਣਕਾਰੀਆਂ, ਸਿੱਖਿਅਕ, ਕਾਰੋਬਾਰੀ ਅਤੇ ਸਰਕਾਰੀ ਕੰਮ ਕਾਜ ਹੋ ਰਹੇ ਹਨ। ਇਹ ਇਨਫਰਮੇਸ਼ਨ ਦੀ ਦੁਨੀਆ ਦਾ ਹੁਣ ਤਕ ਦਾ ਸਭ ਤੋਂ ਵਿਆਪਕ ਤੇ ਸ਼ਕਤੀਸ਼ਾਲੀ ਪਲੇਟਫਾਰਮ ਬਣਿਆ ਹੈ। ਇਹ ਜਾਲ਼ ਬਿਜਲਈ, ਤਾਰਹੀਣ ਅਤੇ ਪ੍ਰਕਾਸ਼ੀ ਜਾਲ਼ ਟੈਕਨਾਲੋਜੀਆਂ ਦੀ ਇੱਕ ਮੁਕੰਮਲ ਤਰਤੀਬ ਰਾਹੀਂ ਆਪਸ ਵਿੱਚ ਜੁੜਿਆ ਹੋਇਆ ਹੈ।

ਇੰਟਰਨੈੱਟ, 1960 ਦੇ ਦਹਾਕੇ ਵਿਚ ਯੂਐੱਸ. ਸੁਰੱਖਿਆ ਵਿਭਾਗ ਦੁਆਰਾ ਇਕ ਤਜਰਬੇ ਵਜੋਂ ਆਰੰਭ ਕੀਤਾ ਗਿਆ ਸੀ। ਇਸ ਦਾ ਮਕਸਦ ਸੀ ਕਿ ਦੂਰ-ਦੁਰੇਡੇ ਦੇ ਇਲਾਕਿਆਂ ਵਿਚ ਸਥਿਤ ਵਿਗਿਆਨੀਆਂ ਅਤੇ ਖੋਜਕਾਰਾਂ ਦੀ ਮਦਦ ਕਰਨੀ ਤਾਂ ਕਿ ਉਹ ਕੰਮ ਦੀਆਂ ਫ਼ਾਈਲਾਂ ਨੂੰ ਇਕ ਦੂਜੇ ਨਾਲ ਸਾਂਝਿਆਂ ਕਰ ਕੇ ਅੱਗੇ ਵਧ ਸਕਣ। ਇਸ ਟੀਚੇ ਲਈ ਆਪਸ ਵਿਚ ਜੁੜੇ ਹੋਏ ਨੈੱਟਵਰਕਾਂ ਦੇ ਇਕ ਸਮੂਹ ਨੂੰ ਰਚਣ ਦੀ ਲੋੜ ਪਈ ਜੋ ਕਿ ਇਕ ਸੰਯੁਕਤ ਇਕਾਈ ਵਜੋਂ ਕੰਮ ਕਰਦਾ। ਪੰਜਾਹ ਸਾਲ ਪਹਿਲਾਂ 7 ਅਪ੍ਰੈਲ 1969 ਨੂੰ ਜਨਮੇ ਇੰਟਰਨੈੱਟ ਦੀ ਵਰਤੋਂ ਤੋਂ ਅੱਜ ਦੁਨੀਆ ਭਰ ਦੇ ਲੋਕ ਜਾਣੂ ਹਨ। ਇੰਟਰਨੈੱਟ ਪਹਿਲੀ ਵਾਰ ਸਿਰਫ ਸੈਨਾ ਲਈ ਬਣਾਇਆ ਗਿਆ ਸੀ। ਬਾਅਦ ਵਿਚ ਇਸ ਦੀ ਵਰਤੋਂ ਜਨਤਕ ਕਰ ਦਿੱਤੀ ਗਈ। ਇੰਟਰਨੈੱਟ ਤੇ ਸਭ ਤੋਂ ਜਿਆਦਾ ਵਰਤੋਂ 'ਈ-ਮੇਲ' ਦੀ ਹੁੰਦੀ ਹੈ। ਇਸ ਤੋਂ ਇਲਾਵਾ ਇੰਟਰਨੈੱਟ ਰਾਹੀਂ ਗੂਗਲ ਦੇ ਜ਼ਰੀਏ ਕਿਸੇ ਵੀ ਤਰਾਂ ਦੀ ਚੀਜ਼ ਬਾਰੇ ਜਾਣਕਾਰੀ ਖੋਜ ਸਕਦੇ ਹਾਂ ਅਤੇ ਸੋਸ਼ਲ ਮੀਡੀਆ ਨਾਲ ਤਾਂ ਹਰ ਵਿਅਕਤੀ ਕਿਸੇ ਨਾ ਕਿਸੇ ਰੂਪ ਵਿੱਚ ਇਕ ਦੂਜੇ ਨਾਲ ਜੁੜਿਆ ਹੋਇਆ ਹੈ।

ਭਾਰਤ ਅੰਦਰ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਦਰਜ ਹੋ ਰਿਹਾ ਹੈ ਅਤੇ ਲਗਭਗ 1.32 ਬਿਲੀਅਨ ਲੋਕ ਇੰਟਰਨੈੱਟ ਦੀ ਵਰਤੋਂ ਕਰ ਰਹੇ ਹਨ ਜੋ ਕਿ ਕੁੱਲ ਵਸੋਂ ਦਾ 34.8 ਫੀਸਦੀ ਹੈ। ਕੁੱਲ ਦੁਨੀਆ ਅੰਦਰ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਲੋਕਾਂ ਵਿੱਚੋਂ ਭਾਰਤ ਦਾ ਯੋਗਦਾਨ 13.5 ਫੀਸਦੀ ਹੈ। ਅੱਜ ਭਾਰਤ ਅੰਦਰ ਇੰਟਰਨੈੱਟ ਦੀ ਵਰਤੋਂ ਵਿਅਕਤੀਗਤ ਤੌਰ ਤੇ, ਬੈਂਕਿੰਗ ਖੇਤਰ ਵਿੱਚ, ਪੈਸਿਆਂ ਦੇ ਲੈਣ-ਦੇਣ ਅਤੇ ਆਨਲਾਈਨ ਖਰੀਦਦਾਰੀ ਵਿੱਚ ਵੀ ਕੀਤੀ ਜਾ ਰਹੀ ਹੈ। ਵੱਡੇ ਸ਼ਹਿਰਾਂ ਤੋਂ ਲੈ ਕੇ ਪਿੰਡਾਂ ਥਾਵਾਂ 'ਤੇ ਵੀ ਇੰਟਰਨੈੱਟ ਦੀ ਵਰਤੋਂ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਸਾਲ 2015 ਤੋਂ 2017 ਤੱਕ ਭਾਰਤ ਵਿੱਚ ਇੰਟਰਨੈੱਟ ਦੀ ਵਰਤੋਂ ਕਰਨ ਵਿੱਚ 10 ਫੀਸਦੀ ਵਾਧਾ ਹੋਇਆ ਹੈ। ਇਸ ਦੇ ਦੋ ਮੁੱਖ ਕਾਰਨ ਮੰਨੇ ਜਾਂਦੇ ਹਨ ਪਹਿਲਾ ਕਿ ਸਰਕਾਰ ਵੱਲੋਂ ਆਨਲਾਈਨ ਲੈਣ-ਦੇਣ ਵੱਲ ਵਧੇਰੇ ਰੁਚੀ ਵਧਾਉਣ ਲਈ ਨਗਦੀ ਲੈਣ-ਦੇਣ ਉੱਤੇ ਕਈ ਸ਼ਰਤਾਂ ਲਗਾਈਆਂ ਗਈਆਂ ਹਨ। ਦੂਜਾ ਕਾਰਣ ਜੀਓ ਟੈਲੀਕਾਮ ਕੰਪਨੀ ਵੱਲੋਂ ਇੱਕ ਸਾਲ ਭਾਰਤ ਵਿੱਚ ਮੁਫਤ ਇੰਟਰਨੈੱਟ ਸੇਵਾਵਾਂ ਦਿੱਤੀਆਂ ਗਈਆਂ ਜਿਸ ਨਾਲ ਇੰਟਰਨੈੱਟ ਜਨ ਸਧਾਰਨ ਵਿਅਕਤੀ ਤੱਕ ਸੌਖਿਆਂ ਪੁੱਜ ਗਿਆ ਪਰ ਬਾਵਜੂਦ ਇਸ ਦੇ ਅਜੇ ਵੀ ਬਹੁਤ ਥਾਂਈਂ ਇੰਟਰਨੈੱਟ ਜਾਂ ਮੋਬਾਇਲ ਨੈਟਵਰਕ ਦੀ ਸੁਵਿਧਾ ਮੌਜੂਦ ਨਹੀਂ ਹੈ।

ਅੱਜ ਇੰਟਰਨੈੱਟ ਦੀ ਵਰਤੋਂ ਹਰ ਖੇਤਰ ਵਿੱਚ ਅਹਿਮ ਥਾਂ ਬਣਾ ਚੁੱਕੀ ਹੈ। ਈ-ਵਾਪਾਰ, ਮਾਸ ਮੀਡੀਆ, ਇਲੈਕਟ੍ਰਾਨਿਕ ਮੀਡੀਆ, ਗੀਤ, ਸੰਗੀਤ, ਸਾਹਿਤ, ਮਨੋਰੰਜਨ, ਈ-ਪੇਪਰ ਦੇ ਰੂਪ ਵਿੱਚ ਰੋਜ਼ਾਨਾ ਅਖਬਾਰਾਂ ਤੋਂ ਇਲਾਵਾ ਹਰ ਤਰਾਂ ਦੀ ਜਾਣਕਾਰੀ ਸਾਨੂੰ ਇੰਟਰਨੈੱਟ ਦੇ ਸ੍ਰੋਤ ਰਾਹੀਂ ਪ੍ਰਾਪਤ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਇਸ ਨੂੰ 'ਜਾਣਕਾਰੀਆਂ ਦਾ ਸਾਗਰ' ਵੀ ਕਿਹਾ ਜਾਂਦਾ ਹੈ।

ਗਿੰਨੀਜ਼ ਵਰਲਡ ਰਿਕਾਰਡਸ ਅਨੁਸਾਰ-

'ਦੁਨੀਆ ਦੀ ਪਹਿਲੀ ਵੈੱਬ-ਸਾਈਟ ਦਾ http://info.cern.ch/ 6 ਅਗਸਤ 1991 ਨੂੰ ਲਾਂਚ ਹੋਈ ਸੀ। ਆਨਲਾਈਨ ਦੋਸਤ ਬਣਾਉਣ ਵਿਚ ਸਭ ਤੋਂ ਅੱਗੇ ਮਲੇਸ਼ੀਆ ਦੇ ਲੋਕ ਹਨ। ਜਿੱਥੇ ਇੱਕ ਵਰਤੋਂਕਾਰ ਦੇ ਘੱਟੋ ਘੱਟ 233 ਡਿਜੀਟਲ ਮਿੱਤਰ ਹਨ। ਅਮਰੀਕਾ ਦੇ ਇੱਕ ਉਦਯੋਗਪਤੀ ਮਾਰਕ ਕਿਊਬਨ ਨੇ ਅਕਤੂਬਰ 1999 ਵਿਚ ਆਨਲਾਈਨ ਹੀ ਇੱਕ ਬਿਜਨੈੱਸ ਜੈੱਟ ਖ੍ਰੀਦਿਆ ਸੀ, ਜਿਸ ਦੀ ਕੀਮਤ 40 ਮਿਲੀਅਨ ਡਾਲਰ ਸੀ, ਜੋ ਕਿ ਆਨਲਾਈਨ ਸਭ ਤੋਂ ਵੱਡੀ ਖਰੀਦਦਾਰੀ ਸੀ।'

ਕੁਝ ਹੋਰ ਰੌਚਕ ਜਾਣਕਾਰੀ ਦੀ ਗੱਲ ਕਰੀਏ ਤਾਂ ਡਬਲਯੂ ਡਬਲਯੂ ਡਬਲਯੂ (ਵਰਲਡ ਵਾਈਡ ਵੈੱਬ) ਦੇ ਸੰਸਥਾਪਕ ਟਿਮ ਬਰਨਰਸ ਲੀ ਦੀ ਖੋਜ ਕਰਨ ਵਾਲੇ ਵਿਗਿਆਨਿਕ ਨੇ ਵੈੱਬ-ਪਤੇ ਵਿੱਚ ਵਰਤੇ ਜਾਣ ਵਾਲੇ ਦੋ ਸਲੈਸ਼ (//) ਵਾਸਤੇ ਮੁਆਫੀ ਵੀ ਮੰਗੀ ਸੀ। ਉਹਨੇ ਸਾਲ 2009 ਵਿਚ ਕਿਹਾ ਸੀ ਕਿ ਵੈੱਬ-ਪਤੇ ਇਹਨਾਂ ਦੋਨਾਂ ਸਲੈਸ਼ ਦੀ ਮੱਦਦ ਤੋਂ ਬਿਨਾ ਵੀ ਬਣਾਏ ਜਾ ਸਕਦੇ ਹਨ। ਇਸ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੇ ਨਾਲ ਹੀ ਸਾਲ 2018 ਵਿੱਚ ਡਬਲਯੂ ਡਬਲਯੂ ਡਬਲਯੂ (ਵਰਲਡ ਵਾਈਡ ਵੈੱਬ) ਦੇ ਸੰਸਥਾਪਕ ਟਿਮ ਬਰਨਰਸ ਲੀ ਨੇ ਵਰਲਡ ਵਾਈਡ ਵੈੱਬ ਦੇ 29 ਸਾਲ ਪੂਰੇ ਹੋਣ 'ਤੇ ਆਪਣੇ ਬਲਾਗ ਵਿਚ੍ਹੱਝ ਵਿਚਾਰ ਸਾਂਝੇ ਕੀਤੇ ਸਨ ਜੋ ਅੱਜ ਹਰ ਮਨੁੱਖ ਦਾ ਧਿਆਨ ਮੰਗਦੇ ਹਨ। ਦਰਅਸਲ 29 ਸਾਲ ਪਹਿਲਾਂ ਮਾਰਚ 1989 ਵਿੱਚ 'ਟਿਮ ਲੀ' ਅਤੇ 'ਰਾਬਰਟ ਸਾਈਲਊ' ਨੇ ਮਿਲ ਕੇ ਇਹ ਵਰਲਡ ਵਾਈਡ ਵੈੱਬ ਨੂੰ ਤਿਆਰ ਕੀਤਾ ਗਿਆ ਸੀ। 30ਵੇਂ ਸਾਲ ਵਿੱਚ ਦਾਖਲ ਹੁੰਦਿਆਂ ਉਹਨਾਂ ਆਪਣੇ ਬਲਾਗ ਵਿੱਚ ਲਿਖਿਆ ਕਿ, 'ਇਸ ਸਮੇਂ ਦੁਨੀਆ ਦੀ ਅੱਧੀ ਅਬਾਦੀ ਆਨਲਾਈਨ ਹੋ ਚੁੱਕੀ ਹੈ ਅਤੇ ਸਾਡੇ ਸਾਹਮਣੇ ਦੋ ਮੁੱਖ ਸਵਾਲ ਹਨ; ਪਹਿਲਾ ਇਹ ਕਿ ਬਾਕੀ ਰਹਿੰਦੀ ਅਬਾਦੀ ਨੂੰ ਆਨਲਾਈਨ ਕਿਵੇਂ ਲਿਆਂਦਾ ਜਾਵੇ ? ਅਤੇ ਦੂਜਾ ਇਹ ਕਿ, ਮੌਜੂਦਾ ਦੌਰ ਵਿੱਚ ਜਿਸ ਤਰਾਂ ਦਾ ਇੰਟਰਨੈੱਟ ਸਾਡੇ ਸਾਹਮਣੇ ਬਣ ਚੁੱਕਿਆ ਹੈ, ਉਸ ਨੂੰ ਵੇਖਦੇ ਹੋਏ ਬਾਕੀ ਅੱਧੀ ਅਬਾਦੀ ਆਨਲਾਈਨ ਆਉਣਾ ਚਾਹੁੰਦੀ ਵੀ ਹੈ ਕਿ ਨਹੀਂ ? ਕਿਉਂਕਿ ਵੈੱਬ ਨੂੰ ਇੱਕ ਇਹੋ ਜਿਹੀ ਸਪੇਸ (ਥਾਂ) ਦੇ ਤੌਰ ਤੇ ਤਿਆਰ ਕੀਤਾ ਗਿਆ ਸੀ, ਜੋ ਮੁਫਤ ਹੋਵੇ, ਹਰ ਕਿਸੇ ਲਈ ਹੋਵੇ ਅਤੇ ਕੁਝ ਵਿਕਸਿਤ ਕਰਨ ਦੇ ਯੋਗ ਹੋਵੇ, ਪਰ ਹੁਣ ਤਸਵੀਰ ਬਦਲਦੀ ਹੋਈ ਦਿਸ ਰਹੀ ਹੈ। ਕਿਤੇ ਤਾਂ ਆਪਣੀ ਕਮਾਈ ਦਾ ਕੇਵਲ 1-2% ਪ੍ਰਤੀਸ਼ਤ ਖਰਚ ਕਰਕੇ ਚੰਗੀ ਸਪੀਡ ਤੇ ਡਾਟਾ ਪੈਕ ਪ੍ਰਾਪਤ ਹੋ ਜਾਂਦਾ ਹੈ ਅਤੇ ਕਿਤੇ ਆਪਣੀ ਕਮਾਈ ਦਾ 20% ਜਾਂ ਇਸ ਤੋਂ ਵੱਧ ਖਰਚ ਕੇ ਹੀ ਚੰਗੀ ਸਪੀਡ ਅਤੇ ਡਾਟਾ ਪੈਕ ਮਿਲ ਸਕਦਾ ਹੈ। ਇਸ ਦੇ ਨਾਲ ਹੀ ਹੁਣ ਇਹ ਸਾਰਿਆਂ ਲਈ ਮੌਜੂਦ ਨਹੀਂ ਹੈ। ਅੱਜ ਕਲ ਇੰਟਰਨੈੱਟ ਦੀ ਯੋਗ ਵਰਤੋਂ ਅਤੇ ਦੁਰਉਪਯੋਗ ਸਬੰਧੀ ਕਈ ਤਰਾਂ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਮੈਂ ਤਾਂ ਬੱਸ ਇਹੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ 'ਹਥਿਆਰਬੰਦ ਇੰਟਰਨੈੱਟ' ਤਿਆਰ ਕਰ ਰਹੇ ਹਾਂ। ਇਹ ਇੰਟਰਨੈੱਟ ਉਵੇਂ ਹੀ ਖ਼ਤਰਨਾਕ ਹੈ, ਜਿਵੇਂ ਕੋਈ ਹਥਿਆਰ ਲੈ ਕੇ ਖੜਾ ਹੋਇਆ ਇਨਸਾਨ। ਇਹੋ ਜਿਹਾ ਇੰਟਰਨੈੱਟ ਸਾਰਿਆਂ ਲਈ ਯੋਗ ਨਹੀਂ ਹੋ ਸਕਦਾ। ਇਸ ਖ਼ਤਰੇ ਨੂੰ ਦੂਰ ਕਰਨ ਲਈ ਕਾਰੋਬਾਰੀ, ਤਕਨਾਲੌਜੀ, ਸਰਕਾਰਾਂ, ਮਨੋਰੰਜਨ ਜਗਤ, ਸਿੱਖਿਆ ਖੇਤਰ ਸਮੇਤ ਹਰ ਖੇਤਰ ਨਾਲ ਸਬੰਧਿਤ ਬੁੱਧੀਜੀਵੀਆਂ ਨੂੰ ਇੱਕ ਮੰਚ ਤੇ ਇਕੱਠੇ ਹੋਣਾ ਪਵੇਗਾ।'

ਉਪਰ ਲਿਖੇ ਅੰਸ਼ ਟਿਮ ਬਰਨਰਸ ਲੀ ਦੇ ਬਲਾਗ ਵਿੱਚੋਂ ਲਏ ਹਨ ਅਤੇ ਉਪਰੋਕਤ ਵਿਚਾਰ ਸਾਨੂੰ ਅੱਜ ਵੀ ਸੋਚਣ ਲਈ ਮਜਬੂਰ ਕਰਦੇ ਹਨ ਕਿ ਜਾਣਕਾਰੀ ਦਾ ਅਥਾਹ ਸਮੁੰਦਰ ਮੰਨੀ ਜਾਂਦੀ ਇੰਟਰਨੈੱਟ ਦੀ ਦੁਨੀਆ ਵਿੱਚ, ਨੈਤਿਕਤਾ ਤੋਂ ਉਲਟ, ਸਮਾਜ/ਸੱਭਿਅਤਾ ਵਿਰੋਧੀ ਤੱਥ ਜਾਂ ਹੋਰ ਬਹੁਤ ਸਾਰੀ ਸਮਾਜ ਜਾਂ ਮਨੁੱਖਤਾ ਵਿਰੋਧੀ ਸਮੱਗਰੀ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਜਾਂ ਇਸ ਲਈ ਕੀ ਨਿਯਮਾਂਵਲੀ ਹੋਣੀ ਚਾਹੀਦੀ ਹੈ ? ਕਿਉਂਕਿ ਇੰਟਰਨੈੱਟ ਦੀ ਦੁਰਵਰਤੋਂ ਹਰ ਛੋਟੇ ਅਤੇ ਵੱਡੇ ਪੱਧਰ ਤੇ ਕਿਸੇ ਨਾ ਕਿਸੇ ਰੂਪ ਵਿੱਚ ਕੀਤੀ ਹੀ ਜਾ ਰਹੀ ਹੈ। ਆਨਲਾਈਨ ਪੈਸਿਆਂ ਦੀ ਠੱਗੀ, ਸੋਸ਼ਲ ਮੀਡੀਆ ਤੇ ਨਕਲੀ ਆਈਡੀਆਂ ਨਾਲ ਲੋਕਾਂ ਨੂੰ ਬਲੈਕਮੇਲ ਕਰਨਾ, ਮੋਹ ਜਾਲ ਵਿੱਚ ਫਸਾਉਣਾ ਫਿਰ ਉਨਾਂ ਦੀ ਆਰਥਿਕ, ਮਾਨਸਿਕ ਲੁੱਟ ਕਰਨਾ, ਗੀਤ/ਸੰਗੀਤ ਮਨੋਰੰਜਨ ਜਗਤ ਵਿੱਚ ਚੱਲਦੀ ਪਾਇਰੇਸੀ ਦੀ ਖੇਡ, ਹਥਿਆਰਾਂ ਨੂੰ ਬਣਾਉਣਾ ਅਤੇ ਚਲਾਉਣਾ ਗੱਲ ਕੀ ਹਰ ਤਰਾਂ ਦੀ ਗਲਤ ਅਤੇ ਠੀਕ ਜਾਣਕਾਰੀ ਮੌਜੂਦ ਹੈ ਜੋ ਬੱਸ ਅੰਗੂਠਾ ਦੱਬਣ ਦੀ ਦੇਰ ਹੈ ਕਿ ਅੱਖ ਝਪਕਣ ਤੋਂ ਪਹਿਲਾਂ ਤੁਹਾਡੇ ਸਾਹਮਣੇ ਹੁੰਦੀ ਹੈ। ਸ਼ਾਇਦ ਇਹੀ ਕਾਰਣ ਹੈ ਕਿ ਅੱਜ ਇੰਟਰਨੈੱਟ ਵਿਸ਼ਵ ਵਿਆਪੀ ਔਜ਼ਾਰ ਬਣਦਾ ਜਾ ਰਿਹਾ ਹੈ।

ਅੱਜ ਇੰਟਰਨੈੱਟ 'ਤੇ ਪਾਈ ਜਾਂਦੀ ਜਾਣਕਾਰੀ ਉੱਤੇ ਅੱਖਾਂ ਬੰਦ ਕਰ ਕੇ ਭਰੋਸਾ ਕਰਨ ਤੋਂ ਸਾਵਧਾਨ ਹੋਣ ਦੀ ਲੋੜ ਹੈ। ਸਾਨੂੰ ਪਤਾ ਕਰਨਾ ਚਾਹੀਦਾ ਹੈ ਕਿ ਇਹ ਜਾਣਕਾਰੀ ਕਿਸ ਵੱਲੋਂ ਪਾਈ ਗਈ ਹੈ ? ਇਹ ਜਾਣਕਾਰੀ ਲਿਖਣ ਵਾਲੇ ਕੋਲ ਕਿਹੜਾ ਅਧਿਕਾਰ ਹੈ ਜਾਂ ਉਸ ਨੂੰ ਕਿਹੜੀ ਸਿਖਲਾਈ ਮਿਲੀ ਹੈ ? ਇਹ ਜਾਣਕਾਰੀ ਕਿਉਂ ਲਿਖੀ ਗਈ ਹੈ ? ਲਿਖਣ ਵਾਲੇ ਦੀ ਭਾਵਨਾ ਕੀ ਹੈ ? ਉਸ ਨੇ ਕਿਸ ਦੇ ਪੱਖ ਜਾਂ ਵਿਰੋਧ ਵਿੱਚ ਲਿਖਿਆ ਹੈ ਜਾਂ ਨੈੱਟ ਤੇ ਪਾਇਆ ਹੈ ? ਇੰਟਰਨੈੱਟ ਤੇ ਪਈ ਜਾਣਕਾਰੀ ਦੇ ਸ੍ਰੋਤ ਕੀ ਹਨ ? ਕੀ ਇਹ ਜਾਣਕਾਰੀ ਬਿਲਕੁਲ ਨਵੀਂ ਹੈ ? ਕਿਸੇ ਵੀ ਤਰਾਂ ਦੀ ਵੀਡੀਓ, ਫੋਟੋ ਜਾਂ ਲਿਖਤ ਨੂੰ ਕਿਸ ਭਾਵਨਾ ਨਾਲ ਸਾਂਝਾਂ ਕੀਤਾ ਜਾ ਰਿਹਾ ਹੈ ? ਇਤਿਆਦਿ। ਇਹਨਾਂ ਕੁੱਝ ਗੱਲਾਂ ਬਾਰੇ ਜ਼ਰੂਰ ਸੋਚਿਆ ਜਾਵੇ। ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਧਰਮ ਦੀ ਸਿੱਖਿਆ, ਨੈਤਿਕ ਕਦਰਾਂ-ਕੀਮਤਾਂ ਅਤੇ ਸਮਾਜ ਪ੍ਰਤੀ ਆਪਣੀ ਜਿੰਮੇਵਾਰੀ ਪ੍ਰਤੀ ਜ਼ਰੂਰ ਜਾਗਰੂਕ ਕੀਤਾ ਜਾਵੇ ਤਾਂ ਕਿ ਉਹ ਇੰਟਰਨੈੱਟ ਦੀ ਯੋਗ ਵਰਤੋਂ ਕਰਨ ਦੇ ਕਾਬਿਲ ਬਣ ਸਕਣ ਅਤੇ ਦੇਸ਼ ਦੇ ਭਵਿੱਖ ਅਤੇ ਨਿਰਮਾਣ ਵਿੱਚ ਆਪਣਾ ਸਹੀ ਯੋਗਦਾਨ ਪਾ ਸਕਣ। ਇਸ ਤਰਾਂ ਇੰਟਰਨੈੱਟ ਦੀ ਸਹੀ ਵਰਤੋਂ ਦੇ ਸਦਉਪਯੋਗ ਨਾਲ ਅਸੀਂ ਨਰੋਆ ਸਮਾਜ ਸਿਰਜ ਸਕਦੇ ਹਾਂ। ਇੰਟਰਨੈੱਟ ਦੇ ਬੁਰੇ ਪ੍ਰਭਾਵਾਂ ਪ੍ਰਤੀ ਸਕੂਲਾਂ/ਕਾਲਜਾਂ ਵਿੱਚ ਸੈਮੀਨਾਰਾਂ ਰਾਹੀਂ ਵਿਦਿਆਰਥੀਆਂ ਨਾਲ ਸਾਂਝ ਪਾਈ ਜਾਵੇ। ਇੰਟਰਨੈੱਟ ਵਿੱਚ ਖੁਭ ਕੇ ਆਪਣਾ ਅਮੁੱਲਾ ਸਮਾਂ ਬਰਬਾਦ ਕਰਨ ਵਾਲੇ ਵਿਦਿਆਰਥੀਆਂ, ਬੱਚਿਆਂ ਸਮੇਤ ਸਾਰੇ ਨਿੱਕੇ-ਵੱਡਿਆਂ ਨੂੰ ਸਮੇਂ ਦੀ ਸਾਰਥਕ ਵਰਤੋਂ ਕਰਕੇ ਸਿਹਤ, ਕਸਰਤ, ਖੇਡਾਂ, ਪਰਿਵਾਰਕ ਅਤੇ ਸਮਾਜ ਵਿੱਚ ਆਪਸੀ ਮੇਲ ਜੋਲ ਵੱਲ ਧਿਆਨ ਦੇਣਾ ਚਾਹੀਦਾ ਹੈ।

## ਅਖਰੋਟ ਖਾਣਾ ਔਰਤਾਂ ਲਈ ਬੇਹੱਦ ਲਾਹੇਵੰਦ

**ਨਵੀਂ ਦਿੱਲੀ/ਏਟੀ ਨਿਊਜ਼ :**

ਸਿਹਤ ਦੇ ਲਈ ਫਾਈਦੇਮੰਦ ਕਿਹਾ ਜਾਣ ਵਾਲਾ ਅਖਰੋਟ ਛਾਤੀ ਦੇ ਕੈਂਸਰ ਨੂੰ ਅੱਗੇ ਵਧਣ ਵਿਚ ਰੋਕਦਾ ਹੈ ਅਤੇ ਇਸ ਤੋਂ ਉੱਭਰਨ ਵਿਚ ਵੀ ਮਦਦ ਕਰਦਾ ਹੇ। ਅਮਰੀਕਾ ਦੇ ਮਾਰਸ਼ਲ ਵਿਦਿਆਲਿਆਂ ਤੋਂ ਡਬਲਿਊ ਐਲੇਨ ਹਾਰਡਮੈਨ ਨੇ ਦੱਸਿਆ ਕਿ ਚੂਹੇ 'ਤੇ ਕੀਤੇ ਗਏ ਪ੍ਰਯੋਗ ਵਿਚ ਪਤਾ ਲੱਗਿਆ ਕਿ ਅਖਰੋਟ ਖਾਣ ਨਾਲ ਛਾਤੀ ਦੇ ਕੈਂਸਰ ਦੇ ਵਧਣ ਦੀ ਗਤੀ ਘਟ ਜਾਂਦੀ ਹੈ ਅਤੇ ਇਸ ਦਾ ਖ਼ਤਰਾ ਵੀ ਘੱਟ ਹੁੰਦਾ ਹੈ।

ਖੋਜ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਘੱਟ ਬੀਐਮਆਈ ਨਾਲ ਸਰੀਰ ਵਿਚ ਮੌਜੂਦ ਵਿਟਾਮਿਨ ਡੀ ਦਾ ਚੰਗਾ ਪੱਧਰ ਛਾਤੀ ਦੇ ਕੈਂਸਰ ਤੋਂ ਬਚਾਉਂਦਾ ਹੈ। ਹਾਰਡਮੈਨ ਨੇ ਕਿਹਾ, "ਇਸ ਖੋਜ ਦੇ ਅਧਾਰ 'ਤੇ ਸਾਡੀ ਟੀਮ ਨੇ ਅੰਦਾਜ਼ਾ ਲਗਾਇਆ ਹੈ ਕਿ ਜੇਕਰ ਕਿਸੇ ਔਰਤ ਵਿਚ ਛਾਤੀ ਦਾ ਕੈਂਸਰ ਹੋਣ ਦੀ ਪੁਸ਼ਟੀ ਹੁੰਦੀ ਹੈ ਤਾਂ ਅਖਰੋਟ ਖਾਣ ਨਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਬਦਲਾਅ ਆਇਆ। ਇਸ ਬਦਲਾਅ ਨਾਲ ਔਰਤ ਦੇ ਛਾਤੀ ਦਾ ਕੈਂਸਰ ਵਧਣ ਦੀ ਰਫਤਾਰ ਘੱਟੇਗੀ।"

**ਅਖਰੋਟ ਦੇ ਫਾਇਦੇ-**

ਇਸ ਵਿਚ ਫਾਈਬਰ, ਵਿਟਾਮੀਨ ਬੀ, ਮੈਗਨੀਸ਼ਿਅਮ ਅਤੇ ਐਂਟੀ ਆਕਸੀਡੇਂਟ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਇਸ ਵਿਚ ਓਮੇਗਾ-3 ਫੈਟੀ ਐਸਿਡ ਹੁੰਦਾ ਹੈ ਜੋ ਸਰੀਰ ਲਈ ਲਾਭਦਾਇਕ ਹੈ। ਅਖਰੋਟ ਨਾਲ ਅਸਥਮਾ, ਅਰਥਰਾਈਟਿਸ, ਚਮੜੀ ਰੋਗ, ਐਕਜ਼ੀਮਾਂ ਤੇ ਸੋਰਿਆਸਿਸ ਆਦਿ ਬਿਮਾਰੀਆਂ ਨਹੀਂ ਲੱਗਦੀਆਂ। ਅਖਰੋਟ ਦੇ ਸੇਵਨ ਨਾਲ ਪਾਚਨ ਸ਼ਕਤੀ ਬਿਹਤਰ ਹੁੰਦੀ ਹੈ। ਇਹ ਖ਼ੂਨ ਵਿਚ ਕੋਲੇਸਟ੍ਰੋਲ ਲੈਵਲ ਨੂੰ ਘੱਟ ਕਰਦਾ ਹੈ ਅਤੇ ਢਿੱਡ ਸਬੰਧੀ ਬਿਮਾਰੀਆਂ ਤੋਂ ਛੁਟਕਾਰਾ ਦਿਵਾਉਂਦਾ ਹੈ।

ਅਖਰੋਟ ਖਾਣ ਨਾਲ ਯਾਦਾਸ਼ਤ ਚੰਗੀ ਬਣੀ ਰਹਿੰਦੀ ਹੈ।



ਅਖਰੋਟ ਗੋਡਿਆਂ ਦੇ ਦਰਦ ਤੋਂ ਵੀ ਰਾਹਤ ਦਿੰਦਾ ਹੈ। ਅਖਰੋਟ ਖਾਣ ਨਾਲ ਵਿਟਾਮਿਨ ਈ ਅਤੇ ਪ੍ਰੋਟੀਨ ਚੰਗੀ ਮਾਤਰਾ ਵਿਚ ਮਿਲਦੇ ਹਨ।

# ਭਾਰਤ ਵਿਚ ਚੋਣਾਂ ਉਤੇ 50 ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅੰਦਾਜ਼ਾ

**ਗੁਰਮੀਤ ਪਲਾਹੀ (9815802070)**

ਦੇਸ਼ ਦੀ ਸੁਪਰੀਮ ਕੋਰਟ ਨੇ ਪਿਛਲੇ ਸਾਲ ਫਰਵਰੀ ਵਿੱਚ ਲੋਕ ਪ੍ਰਤੀਨਿੱਧਤਾ ਕਰਨ ਵਾਲੇ ਸਿਆਸਤਦਾਨਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਰਕਾਰ ਨੂੰ ਹੁਕਮ ਦਿੱਤੇ ਸਨ, ਜਿਹਨਾਂ ਵਿਚੋਂ ਸਰਕਾਰ ਵਲੋਂ ਕੁਝ ਉਤੇ ਹੀ ਅਮਲ ਕੀਤਾ ਗਿਆ। ਦੇਸ਼ ਦੇ ਚੋਣ ਕਮਿਸ਼ਨ ਕੋਲ ਕੋਈ ਕਨੂੰਨੀ ਤਾਕਤ ਨਹੀਂ ਹੈ। ਉਸ ਵਲੋਂ ਕੁਝ ਇੱਕ ਚੋਣ ਸੁਧਾਰਾਂ ਲਈ ਕਦਮ ਪੁੱਟੇ ਜਾ ਰਹੇ ਹਨ, ਪਰ ਉਠਾਏ ਗਏ ਇਹਨਾਂ ਕਦਮਾਂ ਤੋਂ ਹਾਲੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ ਭਾਵੇਂ ਕਿ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਕਰਨ ਸਮੇਂ ਚੋਣ ਕਮਿਸ਼ਨ ਨੇ ਜੋ ਕਦਮ ਉਠਾਏ ਹਨ, ਉਹਨਾਂ ਨੂੰ ਸਾਫ-ਸੁਥਰੀਆਂ ਚੋਣਾਂ ਦੀ ਦਿਸ਼ਾ ਵਿੱਚ ਵੱਡਾ ਕਦਮ ਦੱਸਿਆ ਜਾ ਰਿਹਾ ਹੈ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ ਨੇ ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿੱਚ 6753 ਉਮੀਦਵਾਰਾਂ ਵਲੋਂ ਦਿੱਤੇ ਗਏ ਘੋਸ਼ਣਾ ਪੱਤਰ ਦਾ ਗਹਿਰਾਈ ਨਾਲ




ਮੁਲਾਂਕਣ ਕੀਤਾ। ਇਹਨਾ ਵਿਚੋਂ ਸਿਰਫ ਚਾਰ ਉਮੀਦਵਾਰਾਂ ਨੇ ਹੀ ਚੋਣ ਕਮਿਸ਼ਨ ਵਲੋਂ ਮਿੱਥੇ ਹੋਏ ਖਰਚੇ ਤੋਂ ਵੱਧ ਖਰਚ ਕਰਨ ਦੀ ਗੱਲ ਸਵੀਕਾਰ ਕੀਤੀ। ਇਸ ਦੌਰ ਵਿੱਚ ਚੋਣਾਂ ਵਿੱਚ ਬੇਤਹਾਸ਼ਾ ਖਰਚ ਹੁੰਦਾ ਹੈ, ਜੇਕਰ ਉਮੀਦਵਾਰ ਇਹ ਕਹਿਣ ਕਿ ਉਹਨਾਂ ਨੇ ਚੋਣ ਕਮਿਸ਼ਨ ਵਲੋਂ ਮਿਥੀ ਗਈ ਸੀਮਾ ਵਿੱਚ ਰਹਿ ਕੇ ਖਰਚ ਕੀਤਾ ਹੈ, ਤਾਂ ਇਸ ਗੱਲ ਉੱਤੇ ਯਕੀਨ ਕਰਨਾ ਔਖਾ ਹੈ। 6753 ਉਮੀਦਵਾਰਾਂ ਵਿਚੋਂ 99.99 ਪ੍ਰਤੀਸ਼ਤ ਨੇ ਆਪਣੇ ਘੋਸ਼ਣਾ ਪੱਤਰ ਵਿਚ ਦੱਸਿਆ ਸੀ ਕਿ ਉਹਨਾਂ ਨੇ ਚੋਣਾਂ ਉੱਤੇ ਖਰਚ ਸੀਮਾ ਤੋਂ ਅੱਧਾ ਖਰਚ ਕੀਤਾ ਹੈ। ਪਰ ਉਮੀਦਵਾਰਾਂ ਵਲੋਂ ਲਗਾਤਾਰ ਇਹ ਮੰਗ ਵੀ ਕੀਤੀ ਜਾਂਦੀ ਹੈ ਕਿ ਚੋਣ ਖਰਚ ਦੀ ਸੀਮਾ ਵਧਾਈ ਜਾਵੇ। ਇਸ ਤੋਂ ਤਾਂ ਸਾਫ ਪਤਾ ਲੱਗਦਾ ਹੈ ਕਿ ਉਹਨਾਂ ਵਲੋਂ ਦਿੱਤੇ ਘੋਸ਼ਣਾ ਪੱਤਰ ਵਿੱਚ ਝੂਠੀ ਅਤੇ ਅੱਧੀ-ਅਧੂਰੀ ਜਾਣਕਾਰੀ ਦਿੱਤੀ ਜਾਂਦੀ ਹੈ।

ਲੋਕ ਸਭਾ ਚੋਣਾਂ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਨਿਯਮਾਂ ਅਨੁਸਾਰ ਹਰ ਉਮੀਦਵਾਰ 70 ਲੱਖ ਰੁਪਏ ਤੋਂ ਵੱਧ ਨਹੀਂ ਖਰਚ ਸਕੇਗਾ। ਇਸ ਹਿਸਾਬ ਨਾਲ ਗੰਭੀਰ ਉਮੀਦਵਾਰਾਂ ਵਲੋਂ ਕੀਤਾ ਵੱਧ ਤੋਂ ਵੱਧ ਖਰਚਾ ਦੋ ਹਜ਼ਾਰ ਕਰੋੜ ਨਹੀਂ ਹੋਣਾ ਚਾਹੀਦਾ ਜਦ ਕਿ 'ਕਾਰਨੇਗੀ ਥਿੰਕ ਟੈਂਕ' ਨਾਮ ਦੀ ਇੱਕ ਸੰਸਥਾ ਨੇ ਕਿਹਾ ਹੈ ਕਿ ਚੋਣਾਂ ਉਤੇ 50 ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅੰਦਾਜ਼ਾ ਹੈ।

ਸੁਪਰੀਮ ਕੋਰਟ ਨੇ ਆਪਣੇ ਬਹੁਤ ਸਾਰੇ ਫੈਸਲਿਆਂ ਵਿੱਚ ਰਾਜਨੀਤੀ ਅਤੇ ਅਪਰਾਧ ਦੇ ਭ੍ਰਿਸ਼ਟਤੰਤਰ ਨੂੰ ਦੇਸ਼ ਦੇ ਲਈ ਸਿਊਂਕ ਦੱਸਿਆ ਹੈ, ਉਸ ਨੇ ਸਰਕਾਰ ਤੋਂ ਸਾਂਸਦਾਂ ਦੇ ਪਿਛਲੇ ਪੰਜ ਸਾਲਾਂ ਦੇ ਆਮਦਨੀ ਕਰ ਦਾ ਵੇਰਵਾ ਵੀ ਮੰਗਿਆ ਹੈ। ਇਹ ਵੇਰਵਾ ਦੇਣ ਵਿਚ ਸਰਕਾਰ ਵਲੋਂ ਦੜ ਵੱਟੀ ਜਾ ਰਹੀ ਹੈ। ਦੂਜੇ ਪਾਸੇ ਲੋਕਤੰਤਰ ਦੇ ਚੌਕੀਦਾਰਾਂ ਵਲੋਂ ਚੋਣਾਂ ਨੂੰ ਵਪਾਰ ਬਣਾ ਦਿੱਤਾ ਗਿਆ ਹੈ। ਸੰਸਦ ਅਤੇ ਵਿਧਾਇਕ ਜਿੱਤਣ ਤੋਂ ਬਾਅਦ ਕਈ ਕਰੋੜ ਰੁਪਏ ਕਮਾ ਲੈਂਦੇ ਹਨ ਅਤੇ ਸਾਰੀ ਉਮਰ ਦੀ ਪੈਨਸ਼ਨ ਦੇ ਹੱਕਦਾਰ ਵੀ ਬਣ ਜਾਂਦੇ ਹਨ। ਉਹਨਾਂ ਦੇ ਸਮਰੱਥਕਾਂ ਨੂੰ ਸਰਕਾਰੀ ਵਿਭਾਗਾਂ ਵਿੱਚ ਠੇਕੇਦਾਰੀ, ਮਾਈਨਿੰਗ ਦੀ ਲੀਜ਼ ਅਤੇ ਸ਼ਰਾਬ ਦੇ ਠੇਕੇ ਜਿਹੇ ਬੇਨਾਮੀ ਲਾਭਾਂ ਨਾਲ ਨਿਵਾਜ ਦਿੱਤਾ ਜਾਂਦਾ ਹੈ। ਪਿਛਲੇ ਦਿਨੀਂ ਛੱਪੀ ਇੱਕ ਰਿਪੋਰਟ ਅਨੁਸਾਰ ਪਿਛਲੇ ਲੋਕ ਸਭਾ ਦੇ 153 ਲੋਕ ਸਭਾ ਮੈਂਬਰਾਂ ਦੀ ਆਮਦਨ ਪੰਜਾਂ ਸਾਲਾਂ ਵਿੱਚ ਦੁਗਣੀ ਹੋ ਗਈ, ਇਹਨਾ ਵਿਚੋਂ 72 ਹਾਕਮ ਜਮਾਤ 'ਭਾਜਪਾ' ਨਾਲ ਸਬੰਧਿਤ ਸਨ।

ਦੇਸ਼ ਵਿੱਚ ਇਸ ਵੇਲੇ 2200 ਤੋਂ ਵੱਧ ਸਿਆਸੀ ਪਾਰਟੀਆਂ ਹਨ ਜੋ ਚੋਣ ਕਮਿਸ਼ਨ ਕੋਲ ਰਜਿਸਟਰਡ ਹਨ। ਇਹਨਾਂ ਨੂੰ ਆਮਦਨ ਟੈਕਸ ਵਿੱਚ ਛੋਟ ਮਿਲਦੀ ਹੈ। ਇਹ ਲਗਭਗ ਸਾਰੇ ਸਿਆਸੀ ਦਲ 2000 ਰੁਪਏ ਤੱਕ ਦਾ ਨਕਦ ਚੰਦਾ ਲੈਣ ਦੇ ਨਿਯਮ ਦੀ ਆੜ ਵਿੱਚ ਗੁੰਮਨਾਮ ਸਮਰੱਥਕਾਂ ਦਾ ਚੰਦਾ ਵਿਖਾ ਕੇ ਅਰਬਾਂ ਰੁਪਏ ਦੇ ਕਾਲੇ ਧਨ ਨੂੰ ਰਾਜਨੀਤੀ ਵਿੱਚ ਖਪਾ ਦਿੰਦੇ ਹਨ। ਨੋਟਬੰਦੀ ਵੇਲੇ ਆਮ ਜਨਤਾ ਨੂੰ ਲੱਖ ਤਕਲੀਫਾਂ ਉਠਾਉਣੀਆਂ ਪਈਆਂ ਹੋਣ ਲੇਕਿਨ ਸਿਆਸੀ ਦਲਾਂ ਦੇ ਖਾਤਿਆਂ ਵਿੱਚ ਵੱਡੀ ਨਕਦੀ ਜਮ੍ਹਾਂ ਹੋਣ ਦੇ ਬਾਵਜੂਦ ਉਹਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਚੋਣਾਂ ਦੇ ਮਾਮਲੇ ਉਤੇ ਸਾਡੀ ਸ਼ਰਾਬ ਅਤੇ ਨਗਦੀ ਦੀ ਭੇਂਟ ਉਤੇ ਬਹਿਸ ਹੁੰਦੀ ਹੈ ਕਿ ਇਹ ਭ੍ਰਿਸ਼ਟਾਚਾਰ ਹੈ, ਪਰ ਮੋਟਰ ਸਾਈਕਲ ਰੈਲੀਆਂ, ਰੋਡ ਸ਼ੋ ਆਦਿ ਉਤੇ ਚੋਣ ਕਮਿਸ਼ਨ ਦੀ ਨਜ਼ਰ ਹੀ ਨਹੀਂ ਪੈਂਦੀ। ਪੂਰੀਆਂ ਚੋਣਾਂ ਦੌਰਾਨ ਰੋਡ ਸ਼ੋ ਅਤੇ ਮੋਟਰਸਾਈਕਲ ਰੈਲੀਆਂ ਵਿੱਚ ਕਾਰਾਂ-ਗੱਡੀਆਂ ਆਦਿ ਵਾਹਨ, ਡੀਜ਼ਲ-ਪੈਟਰੋਲ ਅਤੇ ਸਮਰੱਥਕਾਂ ਦੀ ਫੌਜ ਆਪਣੇ ਨਾਲ ਕਰਨ ਲਈ ਅਰਬਾਂ ਰੁਪਏ ਖਰਚੇ ਜਾਂਦੇ ਹਨ। ਇਹਨਾ ਰੈਲੀਆਂ ਵਿਚ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਦੇਸ਼ ਵਿੱਚ ਸੱਤ ਗੇੜਾਂ ਵਿੱਚ ਚੋਣਾਂ ਹੋਣੀਆਂ ਹਨ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਸੁਰੱਖਿਆ ਵਿਵਸਥਾ ਸਹੀ ਰੱਖਣ ਲਈ ਸੱਤ ਗੇੜਾਂ ਵਿਚ ਚੋਣ ਕਰਾਉਣ ਦੀ ਲੋੜ ਪੈਂਦੀ ਹੈ। ਸੰਵਿਧਾਨ ਦੀ ਧਾਰਾ 324 ਆਜ਼ਾਦ ਅਤੇ ਨਿਰਪੱਖ ਚੋਣਾਂ ਕਰਾਉਣ ਦੀ ਗੱਲ ਕਹਿੰਦੀ ਹੈ। ਪਰ ਇਥੇ ਤਾਂ ਚੋਣਾਂ ਬੰਦੂਕ ਦੀ ਨੋਕ ਉਤੇ ਹੁੰਦੀਆਂ ਹਨ। ਚੋਣਾਂ ਨੂੰ ਅਸੀਂ ਲੋਕਤੰਤਰ ਦਾ ਉਤਸਵ ਕਹਿੰਦੇ ਨਹੀਂ ਥੱਕਦੇ ਪਰ ਅਸਲ ਵਿੱਚ ਦੇਖੀਏ ਤਾਂ ਇਥੇ ਲੋਕਤੰਤਰ ਨਾ ਦੀ ਚੀਜ਼ ਹੀ ਕੋਈ ਨਹੀਂ ਹੈ। ਅਸੀਂ ਕਹਿੰਦੇ ਹੋਏ ਨਹੀਂ ਥੱਕਦੇ ਕਿ ਦੇਸ਼ ਦੀ ਜਨਤਾ ਹੀ ਜਨਾਰਧਨ ਹੈ, ਉਹ ਹੀ ਸਭ ਕੁਝ ਤਹਿ ਕਰਦੀ ਹੈ। ਲੇਕਿਨ ਇਹ ਅਸਲ ਵਿੱਚ ਇਸ ਤਰ੍ਹਾਂ ਨਹੀਂ ਹੈ। ਇਹ ਕਾਲੇ ਧਨ ਤੇ ਮਾਫੀਏ ਦੀ ਖੇਡ ਹੈ। ਅਸੀਂ ਭਾਵੇਂ ਲੱਖ ਵੇਰ ਇਸਨੂੰ ਲੋਕਤੰਤਰ ਦਾ ਉਤਸਵ ਕਹੀਏ, ਪਰ ਇਹ ਇੱਕ ਦਿਖਾਵਾ ਹੀ ਹੈ। ਰਾਜਨੀਤੀ ਵਿਚੋਂ ਅਪਰਾਧੀਆਂ ਨੂੰ ਦੂਰ ਕਰਨ ਅਤੇ ਚੋਣਾਂ ਸਾਫ-ਸੁਥਰੀਆਂ ਅਤੇ ਪਾਰਦਰਸ਼ੀ ਕਰਵਾਉਣ ਲਈ ਚੋਣ ਕਮਿਸ਼ਨ ਬਹੁਤ ਤੇਜ਼ੀ ਵਿਖਾਈ ਗਈ ਲੇਕਿਨ ਸਿਆਸੀ ਪਾਰਟੀਆਂ ਤੇ ਚੋਣ ਕਮਿਸ਼ਨ ਦੇ ਹੁਕਮਾਂ ਅਤੇ ਦਿੱਤੇ ਸੁਝਾਵਾਂ ਪ੍ਰਤੀ ਚੁੱਪ ਵੱਟ ਲਈ। ਇਸ ਮਾਮਲੇ ਵਿੱਚ ਸਾਰੇ ਸਿਆਸੀ ਦਲ ਇੱਕੋ ਹਨ। ਉਹ ਅਸਲ ਵਿੱਚ ਚੋਣ ਸੁਧਾਰ ਚਾਹੁੰਦੇ ਹੀ ਨਹੀਂ।

# ਨਿਹੰਗ ਬਾਬਾ ਸਮਸ਼ੇਰ ਸਿੰਘ ਜੀ ਦੀ ਯਾਦ ਵਿਚ ਵਿਸ਼ੇਸ਼ ਸਮਾਗਮ

## *ਗੁਰੂਸਰ ਸੁਧਾਰ ਵਿਦਿਅਕ ਸੰਸਥਾਵਾਂ ਦੇ ਸਾਬਕਾ ਵਿਦਿਆਰਥੀ ਹੋਏ ਇਕੱਠੇ*



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ "ਗੁਰੂ ਹਰਗੋਬਿੰਦ ਸਾਹਿਬ ਜੀ" ਦੇ ਨਾਂ ਹੇਠ ਚਲ ਰਹੀਆਂ ਸਮੂਹ ਵਿਦਿਅਕ ਸੰਸਥਾਵਾਂ ਦੇ ਬਾਨੀ ਨਿਹੰਗ ਬਾਬਾ ਸ਼ਮਸ਼ੇਰ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਹੋਏ। ਇਹ ਸਮਾਗਮ ਸਾਬਕਾ ਵਿਦਿਆਰਥੀਆਂ ਦੀ ਐਸੋਸੀਏਸ਼ਨ ਅਤੇ ਇਲਾਕਾ ਨਿਵਾਸੀਆਂ ਨੇ ਰਲ ਕੇ ਕੀਤਾ, ਜਿੱਥੇ ਸਹਿਜ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਹਾਜ਼ਰੀ ਭਰੀ। ਇਸ ਉਪਰੰਤ ਕਥਾ ਵਾਚਕ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਸੰਗਤਾਂ ਨਾਲ ਸਿੱਖ ਇਤਿਹਾਸ ਨਾਲ ਸਬੰਧਤ ਵਿਚਾਰਾ ਸਾਂਝੀਆਂ ਕੀਤੀਆਂ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪ੍ਰੋ. ਭਾਈ ਸਰਬਜੀਤ ਸਿੰਘ ਧੂੰਦਾ ਨੇ ਵੀ ਗੁਰਬਾਣੀ ਕਥਾ ਕਰਦੇ ਹੋਏ ਹਾਜ਼ਰੀ ਭਰੀ।ਇਸ ਦੌਰਾਨ ਨਿਹੰਗ ਬਾਬਾ ਸ਼ਮਸ਼ੇਰ ਸਿੰਘ ਜੀ ਦੀ ਸੱਚੀ-ਸੁੱਚੀ ਜ਼ਿੰਦਗੀ ਅਤੇ ਇਲਾਕੇ ਭਰ ਨੂੰ ਵਿੱਦਿਅਕ ਸੰਸਥਾਵਾਂ ਦੇਣ ਸਬੰਧੀ ਵਿਚਾਰਾਂ ਹੋਈਆਂ ਕਿ ਸਮੁੱਚੇ ਇਲਾਕੇ ਦਾ ਪੜ੍ਹੇ ਲਿਖੇ ਹੋਣਾ ਅਤੇ ਉੱਚ ਅਹੁਦਿਆਂ 'ਤੇ ਨੌਕਰੀਆਂ ਕਰਨੀਆਂ ਬਾਬਾ ਜੀ ਦੀ ਦੇਣ ਹੈ। ਗੁਰੂਸਰ ਸੁਧਾਰ ਦੇ ਇਸ ਕਾਲਜ ਨੂੰ ਪੰਜਾਬ ਦੇ ਪਹਿਲੇ ਪੇਂਡੂ ਕਾਲਜ ਹੋਣ ਦਾ ਮਾਣ ਵੀ ਪ੍ਰਾਪਤ ਹੈ। ਬੀਬੀ ਗੁੱਡੀ ਸਿੱਧੂ ਨੇ ਵੀ ਸਮੂਹ ਸਾਬਕਾ ਵਿਦਿਆਰਥੀਆਂ ਨੂੰ ਇਹੋ ਜਿਹੇ ਮਹਾਨ ਪੁਰਸ਼ਾਂ ਦੇ ਦਿਨ ਮਨਾਉਣ 'ਤੇ ਵਧਾਈ ਦਿੱਤੀ। ਇਸ ਤੋਂ ਇਲਾਵਾ ਹੋਰ ਪਤਵੰਤੇ ਸੱਜਣਾਂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਗੁਰੂਘਰ ਵਿਚ ਅਮਰੀਕਾ ਦੇ ਵੱਖ ਵੱਖ ਹਿੱਸਿਆ ਵਿੱਚੋਂ ਪਹੁੰਚੇ ਸਾਬਕਾ ਵਿਦਿਆਰਥੀ ਆਪਸ ਵਿਚ ਮਿਲ ਕੇ ਕਾਲਜ ਦੀਆਂ ਪੁਰਾਣੀਆਂ ਯਾਦਾਂ ਸਾਝੀਆਂ ਕਰਦੇ ਰਹੇ। ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਅਤੇ ਸਾਬਕਾ ਵਿਦਿਆਰਥੀਆਂ ਦੀ ਇਸ ਇਕੱਤਰਤਾ ਲਈ ਸੁਰਿੰਦਰ ਗੌਗੀ ਗਿੱਲ, ਸਤਵੰਤ ਸਿੰਘ ਵਿਰਕ ਅਤੇ ਰਣਜੀਤ ਸਿੰਘ ਗਿੱਲ ਵਧਾਈ ਦੇ ਪਾਤਰ ਹਨ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗਤਾਂ ਨੇ ਗੁਰਬਾਣੀ, ਗੁਰ-ਇਤਿਹਾਸ ਅਤੇ ਗੁਰੂ ਦੇ ਲੰਗਰਾਂ ਦਾ ਅਨੰਦ ਮਾਣਿਆਂ।

# ਪਹਿਲੇ ਦਸਤਾਰਧਾਰੀ ਗੁਰਸਿੱਖ ਦੇ ਅਮਰੀਕਨ ਸੈਨੇਟ 'ਚ ਜਾਣ ਦੀ ਸੰਭਾਵਨਾ

## ਅਮੋਲਕ ਸਿੰਘ ਗਾਖਲ ਤੇ ਯੂਨਾਈਟਡ ਸਪੋਰਟਸ ਕਲੱਬ ਵਲੋਂ ਸੈਨੇਟ ਦੀ ਚੋਣ ਲੜ ਰਹੇ ਮੈਨੀ ਗਰੇਵਾਲ ਲਈ ਫੰਡ ਰੇਜ਼ਿੰਗ ਸਮਾਗਮ

**ਯੂਨੀਅਨ ਸਿਟੀ/ਏਟੀ ਨਿਊਜ਼ :**

ਇੱਥੇ ਰਾਜਾ ਸਵੀਟਸ ਵਿਖੇ ਸ. ਅਮੋਲਕ ਸਿੰਘ ਗਾਖਲ ਅਤੇ ਯੂਨਾਈਟਡ ਸਪੋਰਟਸ ਕਲੱਬ ਵਲੋਂ ਸੈਨੇਟ ਡਿਸਟ੍ਰਿਕ 5 ਤੋਂ ਚੋਣ ਲੜ ਰਹੇ ਮੈਨੀ ਗਰੇਵਾਲ ਲਈ ਇਕ ਫੰਡ ਰੇਜ਼ਿੰਗ ਸਮਾਗਮ ਅਯੋਜਿਤ ਕੀਤਾ ਗਿਆ, ਜਿਸ ਵਿਚ ਧਾਰਮਿਕ, ਸਮਾਜਿਕ ਅਤੇ ਖੇਡਾਂ ਦੇ ਖੇਤਰ ਨਾਲ ਜੁੜੀਆਂ ਵੱਖ ਵੱਖ ਸੰਸਥਾਵਾਂ ਅਤੇ ਕੈਲੀਫੋਰਨੀਆ ਦੀਆਂ ਉੱਘੀਆਂ ਪੰਜਾਬੀ ਸ਼ਖਸੀਅਤਾਂ ਨੇ ਭਰਵੀਂ ਹਾਜ਼ਰੀ ਲਗਵਾਈ। ਮਡੈਸਟੋ ਦੇ ਵਾਈਸ ਮੇਅਰ ਮੈਨੀ ਗਰੇਵਾਲ ਨੇ ਅਮਰੀਕਨ ਸਿਆਸਤ ਵਿਚ ਆਪਣਾ ਸਫਰ ਮਡੈਸਟੋ ਪਲੈਨਿੰਗ ਕਮਿਸ਼ਨਰ ਵਜੋਂ ਸ਼ੁਰੂ ਕੀਤਾ ਸੀ, ਜੇ ਉਹ ਸੈਨੇਟਰ ਵਜੋਂ ਜਿੱਤ ਪ੍ਰਾਪਤ ਕਰਦੇ ਹਨ ਤਾਂ ਇਹ ਮਾਣ ਸਿਰਫ ਪੰਜਾਬੀ ਭਾਈਚਾਰੇ ਲਈ ਹੀ ਨਹੀਂ ਹੋਵੇਗਾ ਸਗੋਂ ਅਮਰੀਕਨ ਇਤਿਹਾਸ ਵਿਚ ਇਹ ਪਹਿਲੀ ਵਾਰੀ ਹੋਵੇਗਾ ਕਿ ਕੋਈ ਦਸਤਾਰਧਾਰੀ ਸਿੱਖ ਅਮਰੀਕੀ ਸੈਨੇਟ ਵਿਚ ਪ੍ਰਵੇਸ਼ ਕਰੇਗਾ। ਹੁਣ ਤੱਕ ਦੇ ਪੰਜਾਬੀਆਂ ਦੇ ਇਤਿਹਾਸ ਵਿਚ ਇਹ ਸਭ ਤੋਂ ਵੱਡੀ ਘਟਨਾ ਹੋਵੇਗੀ। ਜਿਸ ਤਰ੍ਹਾਂ ਦਾ ਹੁੰਗਾਰਾ ਮੈਨੀ ਗਰੇਵਾਲ ਨੂੰ ਨਾ ਸਿਰਫ ਪੰਜਾਬੀਆਂ ਵਲੋਂ ਸਗੋਂ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਦੇ ਸਥਾਨਕ ਅਮਰੀਕਨਾਂ ਵਲੋਂ ਵੀ ਮਿਲਿਆ ਹੈ, ਉਸ ਨਾਲ ਆਸ ਬੱਝਦੀ ਹੈ ਕਿ ਮੈਨੀ ਗਰੇਵਾਲ ਜਿੱਤ ਦਾ ਇਤਿਹਾਸ ਸਿਰਜਣ ਦੇ ਸਮਰੱਥ ਹੁੰਦਾ ਜਾ ਰਿਹਾ ਹੈ। ਯੂਨਾਈਟਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਤੇ ਪੱਤਰਕਾਰ ਐੱਸ. ਅਸ਼ੋਕ. ਭੌਰਾ ਨੇ ਮੈਨੀ ਗਰੇਵਾਲ ਦਾ ਤੁਆਰਫ ਕਰਵਾਉਂਦਿਆਂ ਕਿਹਾ ਕਿ ਜੇ ਉਹ ਜਿੱਤ ਕੇ ਅਮਰੀਕਾ ਦੀ ਸਿਆਸਤ ਦਾ ਪ੍ਰਮੁੱਖ ਧੁਰਾ ਬਣਦੇ ਹਨ ਤਾਂ ਉਹਨਾਂ ਲਈ ਇਹ ਵੀ ਜ਼ਰੂਰੀ ਹੋਵੇਗਾ ਕਿ ਉਹ ਸਿੱਖਾਂ ਦੀ ਪਹਿਚਾਣ ਭੇਦਭਾਵ ਤੇ ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਵੀ ਉਚੇਚੇ ਯਤਨ ਕਰਨਗੇ। ਵੱਡੀ ਗਿਣਤੀ ਵਿਚ ਆਏ ਪੰਜਾਬੀਆਂ ਨੂੰ ਸੰਬੋਧਿਤ ਹੁੰਦਿਆਂ ਮੈਨੀ ਗਰੇਵਾਲ ਨੇ ਕਿਹਾ ਕਿ ਉਹਨਾਂ ਦਾ ਪਰਿਵਾਰ ਗੁਰਸਿੱਖ ਹੈ ਤੇ ਉਹ 45 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ ਅਤੇ ਉਹਨਾਂ ਦਾ ਕਾਰੋਬਾਰੀ ਤੇ ਹੋਰ ਖੇਤਰਾਂ 'ਚ ਸਤਿਕਾਰਯੋਗ ਨਾਂ ਤੇ ਥਾਂ ਵੀ ਹੈ। ਇਸੇ ਕਰਕੇ ਉਹ ਪਲੈਨਿੰਗ ਕਮਿਸ਼ਨਰ ਤੋਂ ਸ਼ੁਰੂ ਹੋ ਕੇ ਮਡੈਸਟੋ ਦੇ ਵਾਈਸ ਮੇਅਰ ਹਨ ਤੇ ਸੈਨੇਟ ਜਾਣ ਦਾ ਉਹਨਾਂ ਦਾ ਸੁਪਨਾ ਲਗਨ ਅਤੇ ਉਸਦੇ ਹਮਦਰਦਾਂ ਦੀ ਹੱਲਾਸ਼ੇਰੀ ਤੇ ਉਤਸ਼ਾਹ ਕਰਕੇ ਵੀ ਹੈ। ਉਨ੍ਹਾਂ ਇਹ ਕਿਹਾ ਕਿ ਉਹ ਸਿਰਫ ਪੰਜਾਬੀਆਂ ਦੀਆਂ ਸਮੱਸਿਆਵਾਂ ਵੱਲ ਹੀ ਧਿਆਨ ਨਹੀਂ ਦੇਣਗੇ ਸਗੋਂ ਬਿਨਾਂ ਕਿਸੇ ਭਿੰਨ ਭੇਦ ਤੋਂ ਬਾਕੀ ਸਾਰੇ ਭਾਈਚਾਰੇ ਨੂੰ ਵੀ ਨਾਲ ਲੈ ਕੇ ਤੁਰਨ ਦੇ ਸਮਰੱਥ ਹੋ ਰਹੇ ਹਨ ਤੇ ਇਹੀ ਕਾਰਨ ਹੈ ਕਿ ਜਿਹੜੇ ਲੋਕ ਉਹਨਾਂ ਦੀ ਸ਼ੁਰੂਆਤ ਵਿਚ ਦਸਤਾਰ ਉਤਾਰ ਕੇ ਨਾਲ ਚੱਲਣ ਦੀ ਸ਼ਰਤ ਰੱਖਦੇ ਸਨ ਉਹ ਵੀ ਸਮੂਹਿਕ ਤੌਰ 'ਤੇ ਉਹਨਾਂ ਦੀ ਚੋਣ ਮੁਹਿੰਮ ਦਾ ਹਿੱਸਾ ਬਣੇ ਹੋਏ ਹਨ। ਉਹ ਆਸਵੰਦ ਹਨ ਕਿ ਅਮਰੀਕਨ ਕਾਂਗਰਸ ਵਿਚ ਡੈਮੋਕਰੇਟਿਕ ਪਾਰਟੀ ਵਲੋਂ ਇਕ ਦਸਤਾਰਧਾਰੀ ਸਿੱਖ ਦਾ ਦਾਖਲ ਹੋਣਾ ਸੰਭਵ ਤੇ ਯਕੀਨੀ ਹੋ ਜਾਵੇਗਾ। ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਤੇ ਮੁੱਖ ਸੰਚਾਲਕ ਅਮੋਲਕ ਸਿੰਘ ਗਾਖਲ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਇਸ ਫੰਡ ਰੇਜ਼ਿੰਗ ਸਮਾਰੋਹ ਵਿਚ ਸਮੁੱਚੇ ਭਾਈਚਾਰੇ ਵਲੋਂ ਸਾਰੇ ਮਤਭੇਦ ਤਿਆਗ ਕੇ ਇਕ ਮੰਚ ਤੇ ਇਕੱਤਰ ਹੋਣਾ ਸਭ ਤੋਂ ਵੱਡੀ ਮਾਣ ਵਾਲੀ ਗੱਲ ਹੈ ਤੇ ਪੰਜਾਬੀਆਂ ਨੂੰ ਅਮਰੀਕਾ ਵਿਚ ਆਪਣੀਆਂ ਪ੍ਰਾਪਤੀਆਂ ਨੂੰ ਹੋਰ ਅੱਗੇ ਲੈ ਕੇ ਜਾਣ ਲਈ ਅਜਿਹਾ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ, ਉਨ੍ਹਾਂ ਦੇ ਪਰਿਵਾਰ ਦੀ ਅਤੇ ਯੂਨਾਈਟਡ ਸਪੋਰਟਸ ਕਲੱਬ ਦੀ ਬੇਨਤੀ ਤੇ ਜੋ ਏਨੀ ਵੱਡੀ ਗਿਣਤੀ ਵਿਚ ਨਾਮੀ ਪੰਜਾਬੀ ਸ਼ਖਸੀਅਤਾਂ ਇਸ ਸਮਾਗਮ ਵਿਚ ਪੁੱਜੀਆਂ ਹਨ ਤੇ ਉਹਨਾਂ ਲਈ ਰੂਹ ਨੂੰ ਸਕੂਨ ਦੇਣ ਵਾਲੀ ਗੱਲ ਹੈ। ਉਹ ਭਵਿੱਖ ਵਿਚ ਵੀ ਪੰਜਾਬੀ ਭਾਈਚਾਰੇ ਨੂੰ ਇਕ ਮੰਚ 'ਤੇ ਇਕੱਤਰ ਕਰਨ ਅਤੇ ਮੈਨੀ ਗਰੇਵਾਲ ਵਰਗੇ ਪੰਜਾਬੀ ਨੌਜਵਾਨਾਂ ਨੂੰ ਵੱਡੀਆਂ ਪ੍ਰਾਪਤੀਆਂ ਕਰਨ ਲਈ ਸਹਿਯੋਗ ਦੇਣ ਵਿਚ ਸਫਲ ਹੋ ਜਾਣਗੇ। ਉਨ੍ਹਾਂ ਮੈਨੀ ਗਰੇਵਾਲ ਦੀ ਚੋਣ ਮੁਹਿੰਮ ਲਈ ਮਾਇਕ ਸਹਾਇਤਾ ਦਿੱਤੇ ਜਾਣ ਲਈ ਵੀ ਸਾਰਿਆਂ ਦਾ ਉਚੇਚਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਮਾਈਕ ਬੋਪਾਰਾਏ, ਇਕਬਾਲ ਸਿੰਘ ਗਾਖਲ, ਬਲਵਿੰਦਰ ਸਿੰਘ ਵਾਲੀਆ, ਮੇਜਰ ਸਿੰਘ, ਸੁਰਜੀਤ ਸਿੰਘ ਟੁੱਟ, ਰਾਣਾ ਟੁੱਟ, ਸੁਖਦੇਵ ਬੈਨੀਵਾਲ, ਨਰਿੰਦਰ ਸਿੰਘ ਸਹੋਤਾ, ਪ੍ਰੀਤਮ ਸਿੰਘ ਗਰੇਵਾਲ, ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਕੁਲਜੀਤ ਨਿੱਝਰ, ਗੁਰਨਾਮ ਸਿੰਘ, ਤੀਰਥ ਗਾਖਲ, ਰਾਣਾ ਕਾਹਲੋਂ, ਐੱਸ.ਪੀ. ਸਿੰਘ, ਗੁਰਮੀਤ ਸਿੰਘ ਖਾਲਸਾ, ਜਗਤਾਰ ਸਿੰਘ ਜੱਗੀ, ਦਰਸ਼ਣ ਸਿੰਘ, ਸੁੱਖੀ ਚਾਹਲ, ਗੁਰਚਰਨ ਮਾਨ, ਜਸਵਿੰਦਰ ਸਿੰਘ ਜੰਡੀ, ਸਰਬਜੀਤ ਕੌਰ ਚੀਮਾ, ਪਰਮਜੀਤ ਸਿੱਧੂ, ਮਿੱਕੀ ਸਰਾਂ, ਮਨਜਿੰਦਰ ਸੰਧੂ, ਸੁੱਚਾ ਰਾਮ ਭਾਰਟਾ,




ਸੰਤੋਖ ਜੱਜ, ਸੁਖਦੇਵ ਗਰੇਵਾਲ, ਭੁਪਿੰਦਰ ਸਿੰਘ ਪਰਮਾਰ, ਡਾ. ਪ੍ਰਿਤਪਾਲ ਸਿੰਘ, ਜਸਵੰਤ ਸਿੰਘ ਹੋਠੀ, ਮੰਗਲ ਸਿੰਘ ਭੰਡਾਲ, ਮੈਨੀ ਭੰਡਾਲ, ਗੁਰਮੀਤ ਸਿੰਘ ਬਾਜਵਾ, ਲਖਵੀਰ ਸਿੰਘ ਪਟਵਾਰੀ, ਜੁਗਰਾਜ ਸਿੰਘ ਸਹੋਤਾ, ਰਣਧੀਰ ਸਿੰਘ ਕੰਗ, ਕਸ਼ਮੀਰ ਸਿੰਘ ਸਾਹੀ, ਮਨਵੀਰ ਭੌਰਾ, ਜਸਜੀਤ ਸਿੰਘ, ਇਕਬਾਲ ਸਿੰਘ, ਗੁਰਾ ਸਿੰਘ, ਹਰਜੀਤ ਸਿੰਘ ਹਰਮਿੰਦਰ ਸਿੰਘ, ਬਲਜੀਤ ਸਿੰਘ ਸੰਧੂ, ਸੁਰਜੀਤ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ, ਅਨਮੋਲ ਭੌਰਾ, ਜਸਵੀਰ ਤੱਖਰ, ਕਾਲਾ ਸਿੰਘ ਗਾਖਲ, ਇੰਦਰਜੀਤ ਸਿੰਘ ਥਿੰਦ ਤੇ ਹੋਰ ਅਨੇਕਾਂ ਸ਼ਖਸ਼ੀਅਤਾਂ ਹਾਜ਼ਰ ਸਨ। ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਅਤੇ ਰਾਜਾ ਸਵੀਟਸ ਦੇ ਮਾਲਕ ਸ. ਮੱਖਣ ਸਿੰਘ ਬੈਂਸ ਵਲੋਂ ਇਨ੍ਹਾਂ ਸਾਰੀਆਂ ਹਾਜ਼ਰ ਸ਼ਖਸੀਅਤਾਂ ਲਈ ਚਾਹ ਪਾਣੀ ਤੇ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦੇਵ ਜੀ ਦੀ ਜੀਵਨ ਸ਼ੈਲੀ ਤੇ ਮੌਜੂਦਾ ਸਿੱਖ

**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਗੁਰੂ ਨਾਨਕ ਦੇਵ ਜੀ ਦੁਨੀਆ ਦੇ ਹਰ ਮਨੁੱਖ ਲਈ ਹਰ ਦੌਰ ਵਿਚ ਸੰਪੂਰਨ ਰੋਲ ਮਾਡਲ ਹਨ। ਸੰਸਾਰਕ, ਅਧਿਆਤਮਿਕ, ਪਰਿਵਾਰਕ ਅਤੇ ਸਮਾਜਿਕ ਪੱਧਰ 'ਤੇ ਇਕ ਅਜਿਹੀ ਮਨੁੱਖੀ ਸ਼ਖ਼ਸ਼ੀਅਤ ਦਾ ਬਿੰਬ ਜੋ ਰੌਸ਼ਨ ਚਿਰਾਗ ਬਣ ਕੇ ਹਰ ਵਕਤ ਦੀ ਦਹਿਲੀਜ਼ ਨੂੰ ਰੁਸ਼ਨਾ ਰਹੀ ਏ ਅਤੇ ਹਨ੍ਹੇਰੇ ਦੇ ਹਾਮੀ ਭਰਦੇ ਮਨੁੱਖਾਂ ਨੂੰ ਚਾਨਣ ਦੀ ਦੱਸ ਪਾਉਂਦੀ ਏ। ਧਾਰਮਿਕ ਫ਼ਲਸਫ਼ੇ ਦੇ ਮੌਢੀ, ਪ੍ਰਤੀਬੱਧ ਪਤੀ, ਕਾਮਯਾਬ ਕਰਮਵੇਤਾ ਅਤੇ ਸਫ਼ਲ ਕਿਰਸਾਨ। ਵੱਖ-ਵੱਖ ਰਹਿਤਲਾਂ, ਬੋਲੀਆਂ ਅਤੇ ਖੇਤਰਾਂ ਦੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਨਾਲ ਮੰਤਰ-ਮੁਗਧ ਕਰਨ ਵਾਲੇ ਨਾਨਕ ਦੇ ਵਾਰਸਾਂ ਨੇ ਆਪਣੇ ਨਾਨਕ ਨੂੰ ਭੁਲਾ ਲਿਆ ਏ। ਅਸੀਂ ਕੂੜ-ਕਸੱਤ ਦੇ ਵਿਉਪਾਰੀ ਬਣਕੇ, ਹਾਉਮੈਂ ਅਤੇ ਲਾਲਚ ਦੇ ਚਿੱਕੜ ਵਿਚ ਖੁੱਭ ਕੇ ਆਪਣੇ ਸਾਹਾਂ ਦੀ ਅਰਥੀ ਢੋਣ ਜੋਗੇ ਰਹਿ ਗਏ ਜਦ ਕਿ ਦੁਨੀਆਂ ਦੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਉਹਨਾਂ ਨੂੰ ਅਜੋਕੇ ਸਮੇਂ ਦਾ ਸਭ ਤੋਂ ਵੱਡਾ ਮਾਰਗ-ਦਰਸ਼ਕ ਅਤੇ ਸਮਿਆਂ ਦੀ ਹਾਣੀ ਸੋਚ ਦਾ ਪੈਗੰਬਰ ਕਹਿੰਦੇ ਨੇ। ਉਹਨਾਂ ਦੀਆਂ ਲਿਖਤਾਂ ਦੇ ਸਦਕੇ ਜਾਂਦੇ, ਉਹਨਾਂ ਦੇ ਦਰਸਾਏ ਮਾਰਗ ਦੇ ਪਾਂਧੀ ਬਣਨ ਦੀ ਚੇਸ਼ਟਾ ਮਨ ਵਿਚ ਪਾਲ ਰਹੇ ਨੇ।

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ, ਮਾਨਵੀ ਸੋਚ ਦੇ ਸਿਰਜਕ, ਸਿੱਖ ਫਿਲਾਸਫ਼ੀ ਦੀ ਰਹਿਤਲ ਸਨ ਅਤੇ ਉਹਨਾਂ ਨੇ ਆਪਣੀ ਵਿਚਾਰਧਾਰਾ ਨੂੰ ਆਮ ਲੋਕਾਂ ਤੀਕ ਪਹੁੰਚਾਣ ਲਈ ਚਾਰ ਉਦਾਸੀਆਂ ਰਾਹੀਂ ਦੁਨੀਆਂ ਦਾ ਭਰਮਣ ਕੀਤਾ। ਅੰਦਾਜ਼ਨ 25 ਹਜਾਰ ਮੀਲ ਦਾ ਸਫ਼ਰ ਕਰਨ ਵਾਲੇ ਗੁਰੂ ਜੀ ਪ੍ਰਚਾਰਕ, ਸਮਾਜ-ਸੁਧਾਰਕ ਅਤੇ ਤਰਕਸ਼ੀਲ ਸੋਚ ਦੇ ਪੈਗੰਬਰ ਦੇ ਰੂਪ ਵਿਚ ਪਾਕਿ ਵਿਚਾਰਧਾਰਾ ਨੂੰ ਆਪਣੇ ਵਿਰੋਧੀਆਂ ਤੱਕ ਪਹੁੰਚਾਉਣ ਵਿਚ ਸਭ ਤੋਂ ਜ਼ਿਆਦਾ ਨਿਪੁੰਨ ਤੇ ਸਾਜ਼ਗਾਰ ਸਿੱਧ ਹੋਏ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ, ਉਹਨਾਂ ਦੀਆਂ ਸਿਖਿਆਵਾਂ ਦਾ ਪਾਕ-ਦਰਪਣ ਏ। ਉਹਨਾਂ ਦੇ ਜੀਵਨ ਵਿਚੋਂ ਹੀ ਅਸੀਂ ਉਹਨਾਂ ਦੇ ਪ੍ਰਵਚਨਾਂ ਨੂੰ ਪੜ੍ਹ, ਸੁਣ ਅਤੇ ਆਪਣੇ ਜੀਵਨ ਵਿਚ ਢਾਲ ਕੇ ਜੀਵਨ ਨੂੰ ਨਿਵੇਕਲੀਆਂ ਅਤੇ ਉਚਤਮ ਤਰਜ਼ੀਹਾਂ ਵੰਨੀਂ ਸੇਧਤ ਕਰ ਸਕਦੇ ਹਾਂ। ਉਹਨਾਂ ਦੀ ਸਮੁੱਚੀ ਬਾਣੀ ਸਮਾਜਿਕ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ, ਹਰ ਪਾਠਕ, ਸ਼ਰਧਾਲੂ ਜਾਂ ਸੇਵਕ ਦੇ ਮਨ ਵਿਚ ਉਚੀ-ਸੁੱਚੀ ਜੀਵਨ-ਸ਼ੈਲੀ ਦਾ ਬਿੰਬ ਉਸਾਰਦੀ ਹੈ। ਇਸ ਬਿੰਬ ਵਿਚੋਂ ਹੀ ਅਸੀਂ ਖੁਦ ਨੂੰ ਨਿਹਾਰ, ਖੁਦ ਵਿਚੋਂ ਖੁਦ ਦੀ ਜਾਮਾ-ਤਲਾਸ਼ੀ ਕਰਦੇ, ਆਪੇ ਨੂੰ ਪਰਖ ਅਤੇ ਪੜਚੋਲ ਸਕਦੇ ਹਾਂ ਕਿ ਅਸੀਂ ਕਿੰਨੇ ਕੁ ਗੁਰੂ ਜੀ ਦੇ ਸੱਚੇ ਸ਼ਰਧਾਲੂ ਹਾਂ? ਅਸੀਂ ਜੀਵਨ ਸਿੱਖੀ ਸਿਖਿਆਵਾਂ ਅਨੁਸਾਰ ਕਿਵੇਂ ਆਪੇ ਨੂੰ ਢਾਲਿਆ ਏ? ਕੀ ਅਸੀਂ ਸਿੱਖ-ਸੋਚ ਅਤੇ ਬਾਣੀ ਵਿਚਲੀ ਸੇਧ ਅਨੁਸਾਰ ਆਪਣਾ ਨਿੱਤਾਪ੍ਰਤੀ ਦਾ ਜੀਵਨ ਜਿਉਂਦੇ ਹਾਂ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸੀਂ ਸਿੱਖੀ ਦਾ ਲਿਬਾਸ ਪਹਿਨਣ ਤੀਕ ਹੀ ਸੀਮਤ ਹੋ ਗਏ ਹਾਂ? ਅਸਾਡੇ ਕਰਮ ਤੇ ਧਰਮ ਵਿਚ ਕਿੱਡਾ ਕੁ ਪਾੜਾ ਏ? ਕੀ ਇਸਦੀ ਪੂਰਨਤਾ ਵੱਲ ਕਦੇ ਕੋਈ ਕਦਮ ਉਠਾਇਆ ਏ ਜਾਂ ਕਦੇ ਇਸ ਬਾਰੇ ਸਾਡੇ ਮਨ ਵਿਚ ਕੋਈ ਸੋਚ ਵੀ ਪੈਦਾ ਹੋਈ ਏ? ਬਹੁਤ ਵੱਡੇ ਸਵਾਲ ਨੇ ਅਜੋਕੇ ਸਿੱਖ ਦੇ ਸਨਮੁੱਖ। ਜਦ ਅਸੀਂ ਗੁਰੂ ਜੀ ਦੇ 550ਵੇਂ ਜਨਮ ਦਿਨ ਨੂੰ ਸੰਸਾਰਕ ਪੱਧਰ 'ਤੇ ਮਨਾਉਣ ਦਾ ਉਦਮ ਕਰ ਰਹੇ ਹਾਂ ਤਾਂ ਇਸ ਬਾਰੇ ਸੋਚਣਾ ਹੋਰ ਵੀ ਅਹਿਮ ਤੇ ਮਹੱਤਵਪੂਰਨ ਹੈ। ਕੀ ਧਾਰਮਿਕ ਅਦਾਰਿਆਂ ਦੀ ਅਹਿਮੀਅਤ ਗਵਾਚ ਗਈ ਹੈ? ਕੀ ਧਾਰਮਿਕ ਪਾਖੰਡਵਾਦ ਅਤੇ ਨਿੱਜ-ਪ੍ਰਸਤੀ ਹਾਵੀ ਹੋ ਗਈ ਏ ਜਿਸਦਾ ਗੁਰੂ ਜੀ ਨੇ ਖੰਡਨ ਕੀਤਾ ਸੀ? ਕੀ ਧਾਰਮਿਕ ਆਗੂਆਂ ਦਾ ਜੀਵਨ ਸਿੱਖੀ ਸਿਧਾਂਤਾਂ ਅਨੁਸਾਰ ਏ? ਕੀ ਅਜੋਕੇ ਧਾਰਮਿਕ ਰਹਿਨੁਮਾ ਪਲੀਤ ਹੋਏ ਬਿੰਬ ਨੂੰ ਪਾਕ ਕਰਨ ਲਈ ਤਤਪਰ ਨੇ? ਬਹੁਤ ਸਾਰੇ ਪ੍ਰਸ਼ਨ ਚੇਤਨ ਮਨ ਵਿਚ ਉਠਦੇ ਨੇ ਅਤੇ ਉਹ ਇਹਨਾਂ ਦੇ ਸਹੀ ਜਵਾਬ ਦੀ ਤਲਾਸ਼ ਵਿਚ ਏ।




ਸਿੱਖ ਧਰਮ, ਇਕ ਸੁਰਖ-ਸੋਚ, ਕਿਰਤੀ-ਵਿਚਾਰਧਾਰਾ, ਜੀਵਨ-ਸ਼ੈਲੀ, ਤਰਕਸ਼ੀਲਤਾ ਤੇ ਵਿਗਿਆਨਕ ਸੋਚ ਦਾ ਉਭਾਰ ਹੈ। ਕੁਦਰਤ ਦੇ ਹਰ ਪਹਿਲੂ ਨੂੰ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਪਰਿਭਾਸ਼ਤ ਅਤੇ ਵਿਸਥਾਰਨ ਦਾ ਸੁਚਾਰੂ ਉਦਮ ਏ। ਪਰ ਅਸੀਂ ਇਸਨੂੰ ਸਮਝਣ ਅਤੇ ਖੁਦ 'ਤੇ ਲਾਗੂ ਕਰਨ ਤੋਂ ਅਵੇਸਲੇ ਹੋ ਗਏ ਹਾਂ।

ਗੁਰੂ ਨਾਨਕ ਦੇਵ ਜੀ ਦੀ ਸੋਚ ਨੂੰ ਪ੍ਰਚਾਰਨ ਅਤੇ ਇਸਦੇ ਬਹੁਮੁੱਖੀ ਪਾਸਾਰਾਂ ਨੂੰ ਦੁਨੀਆਂ ਦੇ ਹਰ ਵਰਗ ਤੀਕ ਪਹੁੰਚਾਉਣ ਦੇ ਬਜਾਏ ਅਸੀਂ ਇਸਨੂੰ ਮਿਥਿਹਾਸਕ ਅਤੇ ਤਰਕਹੀਣ ਤੱਥਾਂ ਵੱਲ ਸੇਧਤ ਕਰ, ਇਸਨੂੰ ਸੰਗੋੜਨ ਦੇ ਰਾਹ ਤੁੱਰ ਪਏ ਹਾਂ ਜਦ ਕਿ ਇਸਨੂੰ ਵਿਸਥਾਰਨ ਦੀ ਲੋੜ ਹੈ ਕਿਉਂਕਿ ਸਿੱਖੀ ਦੀ ਸ਼ਬਦ-ਵਿਚਾਰਧਾਰਾ ਅਜੋਕੇ ਸਮਿਆਂ ਵਿਚ ਸਭ ਤੋਂ ਵੱਧ ਲੋੜੀਂਦੀ ਅਤੇ ਮੌਜੂਦਾ ਪ੍ਰਸਥਿੱਤੀਆਂ ਵਿਚ ਗਵਾਚ ਰਹੀ ਮਨੁੱਖਤਾ ਲਈ ਅਤਿ ਜ਼ਰੂਰੀ ਏ। ਇਹ ਤਾਂ ਇਕ ਮਾਰਗ ਦਰਸ਼ਨਾ ਏ ਜਿਸਨੇ ਕੁਰਾਹੇ ਪਏ ਸਮਾਜ ਨੂੰ ਸੇਧ ਦੇ ਕੇ ਸੁਚਾਰੂ ਉਪਰਾਲਿਆਂ ਵੰਨੀਂ ਤੋਰਨਾ ਏ।

ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ 'ਤੇ ਝਾਤ ਮਾਰਿਆਂ ਅਤੇ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਨੂੰ ਬਾਰੀਕ-ਬੀਨੀ ਨਾਲ ਦੇਖਿਆਂ, ਸਾਨੂੰ ਇਹ ਸਪੱਸ਼ਟ ਹੋ ਜਾਵੇਗਾ ਕਿ ਉਹਨਾਂ ਦਾ ਜੀਵਨ ਇਕ ਉਤਮ ਪੁਰਖ ਦਾ ਜੀਵਨ ਸੀ। ਬਾਪ ਵਲੋਂ ਵਪਾਰ ਲਈ ਮਿਲੇ ਪੈਸਿਆਂ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਲੰਗਰ-ਪ੍ਰਥਾ ਦਾ ਮੁੱਢ ਬੰਨਣ ਵਾਲੇ ਬਾਬੇ ਨਾਨਕ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਸਦੇ ਸ਼ਰਧਾਲੂ ਲੰਗਰ ਪ੍ਰਥਾ ਨੂੰ ਇੰਨਾ ਗੰਧਲਾ ਕਰ ਦੇਣਗੇ ਕਿ ਲੰਗਰ ਦੇ ਨਾਮ 'ਤੇ ਭੋਜਨ ਦੀ ਦੁਰਗਤੀ ਹੋਵੇਗੀ। ਕਈ ਕਿਸਮਾਂ ਦੇ ਭੋਜਨ ਲੰਗਰ ਦੇ ਨਾਮ 'ਤੇ ਪਰੋਸੇ ਜਾਣਗੇ ਅਤੇ ਰੱਜਿਆਂ ਨੂੰ ਰਜਾਉਣ ਲਈ ਹੀ ਥਾਂ ਥਾਂ 'ਤੇ ਲੰਗਰ ਲਾਏ ਜਾਣਗੇ। ਸੜਕਾਂ 'ਤੇ ਰੋਕਾਂ ਲਾ ਕੇ, ਆਮ ਲੋਕਾਂ ਦੀ ਜੀਵਨ-ਰਫ਼ਤਾਰ ਨੂੰ ਉਲਝਾਇਆ ਜਾਵੇਗਾ। ਪਲਾਸਟਿਕ ਦੇ ਪਲੇਟਾਂ, ਕੱਪਾਂ ਅਤੇ ਭੋਜਨ ਦੀ ਰਹਿੰਦ-ਖੂੰਹਦ ਕਈ ਕਈ ਦਿਨਾਂ ਤੀਕ ਸੜਿਹਾਂਦ ਪੈਦਾ ਕਰਦੀ, ਅਜਿਹਾ ਪ੍ਰਦੂਸ਼ਣ ਪੈਦਾ ਕਰੇਗੀ ਜੋ ਕਈ ਸਾਲਾਂ ਤੀਕ ਧਰਤੀ ਅਤੇ ਵਾਤਾਵਰਣ ਨੂੰ ਪਲੀਤ ਕਰਦਾ ਰਹੇਗਾ। ਕੀ ਅਸੀਂ ਲੰਗਰ ਨੂੰ ਲੰਗਰ ਰਹਿਣ ਦਿਤਾ ਏ? ਸਿਹਤ ਨਾਲ ਖਲਵਾੜ ਕਰਦੇ ਲੰਗਰ ਦੇ ਰੂਪ ਵਿਚ ਪਰੋਸੇ ਜਾ ਰਹੇ ਵੱਖ ਵੱਖ ਪ੍ਰਕਾਰ ਦੇ ਖਾਣੇ, ਕੀ ਨਾਨਕ-ਸੋਚ ਨੂੰ ਪ੍ਰਗਟ ਕਰਦੇ ਨੇ? ਅਸੀਂ ਇਸ ਨਾਲ ਕੀ ਸਿੱਧ ਕਰਨਾ ਚਾਹੁੰਦੇ ਹਾਂ? ਲੰਗਰ ਪ੍ਰਥਾ ਨੂੰ ਢਾਹ ਲਾਉਣ ਦੇ ਰਾਹ ਕਿਉਂ ਪਏ ਹਾਂ? ਭੋਜਨ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਧਾਰਮਿਕ ਆਗੂ ਕਿਉਂ ਅਵੇਸਲੇ ਨੇ? ਥਾਂ ਥਾਂ 'ਤੇ ਲੱਗ ਰਹੇ ਲੰਗਰਾਂ ਵਿਚੋਂ ਕਿਹੜਾ ਸਿੱਖੀ ਪਿਆਰ ਦਿਖਾ ਰਹੇ ਹਾਂ? ਦੁਨੀਆਂ ਵਿਚ ਬਹੁਤ ਲੋਕ ਭੁੱਖੇ ਅਤੇ ਲੋੜਵੰਦ ਨੇ ਜਿਹਨਾਂ ਦੀਆਂ ਲੋੜਾਂ ਨੂੰ ਲੰਗਰ ਦੇ ਬੇਲੋੜਾ ਖਰਚੇ ਨਾਲ ਪੂਰਾ ਕੀਤਾ ਜਾ ਸਕਦਾ ਏ। ਅਸੀਂ ਉਸ ਰਾਹ ਕਿਉਂ ਨਹੀਂ ਤੁਰਦੇ? 'ਖਾਲਸਾ ਏਡ' ਵਰਗੀਆਂ ਸੰਸਥਾਵਾਂ ਬਹੁਤ ਸੁਚਾਰੂ ਕੰਮ ਕਰ ਰਹੀਆਂ ਨੇ। ਵਿਦੇਸ਼ਾਂ ਵਿਚਲੇ ਬਹੁਤ ਸਾਰੇ ਗੁਰਦੁਆਰਿਆਂ ਵਿਚ ਲੰਗਰ ਨੂੰ ਅਸੀਂ ਇਕ ਹੋਟਲ-ਨੁਮਾ ਖਾਣਾ ਬਣਾ ਦਿਤਾ ਅਤੇ ਜ਼ਿਆਦਾਤਰ ਲੋਕ ਉਥੇ ਪੰਜ-ਸਿਤਾਰਾ ਖਾਣਾ ਖਾਣ ਹੀ ਜਾਂਦੇ ਨੇ। ਅਫਸੋਸ ਇਸ ਗੱਲ ਦਾ ਕਿ ਲੰਗਰ ਵਿਚੋਂ ਚੁੱਕਵੀਂ ਰੋਟੀ ਦਾ ਰਿਵਾਜ਼ ਵੀ ਆਮ ਹੈ। ਕਿੰਨਾ ਸ਼ਰਮਨਾਕ ਹੈ ਕਿ ਅਸੀਂ ਲੰਗਰ ਨੂੰ ਹੋਮਲੈੱਸ ਲੋਕਾਂ ਤੱਕ ਜਾਂ ਲੋੜਵੰਦਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਕੀ ਪ੍ਰਬੰਧਕਾਂ ਅਤੇ ਸਿੱਖ-ਆਗੂਆਂ ਨੇ ਇਸ ਬਾਰੇ ਕਦੇ ਸੋਚਿਆ ਏ ਜੋ ਖੁਦ ਨੂੰ ਸਿੱਖੀ ਸੋਚ ਨੂੰ ਪ੍ਰਣਾਏ ਕਹਾਉਂਦੇ ਨੇ? ਲੰਗਰ, ਲੰਗਰ ਹੀ ਰਹੇ ਤਾਂ ਇਹ ਮਨੁੱਖੀ ਸੋਚ ਵਿਚ ਵੀ ਸੁੱਚਮ ਅਤੇ ਸਾਦਗੀ ਪੈਦਾ ਕਰੇਗਾ ਜੋ ਲੰਗਰ ਦੀ ਆਤਮਾ ਦਾ ਸੂਖਮ ਸੰਦੇਸ਼ ਏ। ਲੰਗਰ ਰਾਹੀਂ ਤਾਜ਼ਾ ਅਤੇ ਪੌਸ਼ਟਿਕ ਖਾਣਾ ਸਾਨੂੰ ਗੁਰੂਆਂ ਨੇ ਵਿਰਾਸਤੀ ਰੂਪ ਵਿਚ ਦਿੱਤਾ ਸੀ। ਅਸੀਂ ਇਸ ਤੋਂ ਹੀ ਮੁਨਕਰ ਹੋਈ ਜਾ ਰਹੇ ਹਾਂ ਅਤੇ ਸਰੀਰਕ ਅਲਾਮਤਾਂ ਨੂੰ ਸੱਦਾ ਦੇ ਰਹੇ ਹਾਂ। ਵਾਸਤਾ ਈ! ਲੰਗਰ ਨੂੰ ਉਹੀ ਲੰਗਰ ਰਹਿਣ ਦਿਓ ਜੋ ਬਾਬੇ ਨਾਨਕ ਦੀ ਬਖਸ਼ਿਸ਼ ਏ। ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਥੀ ਜੀਵਨ ਵਿਚ ਰੰਗ ਕੇ ਆਪਣੇ ਅਧਿਆਤਮਿਕ ਜੀਵਨ ਦੀ ਸ਼ੁਰੂਆਤ ਕੀਤੀ। ਪਰਾਇਆ ਧਨ ਅਤੇ ਪਰਾਈ ਇਸਤਰੀ ਤੋਂ ਨਿਰਲੇਪ ਰਹਿਣ ਦੇ ਸੰਦੇਸ਼ ਦੀ ਸਾਰਥਿਕਤਾ ਨੂੰ ਕਿਵੇਂ ਅਸੀਂ ਉਲੰਘ ਰਹੇ ਹਾਂ, ਇਹ ਇਸ ਤੱਥ ਤੋਂ ਸਪੱਸ਼ਟ ਹੈ ਕਿ ਕੁਝ ਧਾਰਮਿਕ ਆਗੂ ਅਤੇ ਸਿਰਕਰਦਾ ਸਿੱਖ ਲੀਡਰ ਇਹਨਾਂ ਦੋਹਾਂ ਅਲਾਮਤਾਂ ਵਿਚ ਗ੍ਰਸੇ, ਸਿੱਖੀ-ਲਿਬਾਸ ਨੂੰ ਸ਼ਰਮਸਾਰ ਕਰ ਰਹੇ ਹਨ। ਸੱਚੀ-ਸੁੱਚੀ ਕਿਰਤ ਰਾਹੀਂ ਸੁਲਤਾਨਪੁਰ ਲੋਧੀ ਵਿਚ ਮੋਦੀਖਾਨੇ ਦੀ ਨੌਕਰੀ ਕਰਦਿਆਂ, ਇਮਾਨਦਾਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰਨ ਵਾਲੇ ਗੁਰੂ ਜੀ ਦੇ ਅਸੀਂ ਕਿਹੋ ਜਿਹੇ ਸੇਵਕ ਹਾਂ ਕਿ ਅਸੀਂ ਬੇਈਮਾਨੀ 'ਤੇ ਫ਼ਖ਼ਰ ਕਰਦੇ ਹਾਂ। ਹੇਰਾਫੇਰੀ, ਰਿਸ਼ਵਤ ਅਤੇ ਕਮੀਨਗੀ ਸਾਡੇ ਸਾਹਾਂ ਵਿਚ ਰੱਚ ਗਈ ਏ। ਇਹ ਪਾਪ ਦੀ ਕਮਾਈ ਘਰ ਵਿਚ ਆ ਕੇ, ਸਮਾਜਿਕ ਅਤੇ ਪਰਿਵਾਰਕ ਉਲਝਣਾਂ ਦਾ ਮੁੱਢ ਬੰਨਦੀ, ਨਸ਼ਿਆਂ, ਬਲਾਤਕਾਰਾਂ, ਕਤਲਾਂ ਅਤੇ ਰਿਸ਼ਤਿਆ ਬਾਹਰੋ ਸਬੰਧਾਂ ਬਣਾਉਣ ਲਈ ਉਤੇਜਿੱਤ ਕਰਦੀ ਏ। ਕਲੰਕਤ ਅਲਾਮਤਾਂ ਵਿਚ ਉਲਝ ਕੇ ਜੀਵਨ ਦੀ ਸਾਰਥਿਕਤਾ ਅਤੇ ਸੁੱਚਮਤਾ ਨੂੰ ਗਵਾਉਣ ਲਈ ਅਸੀਂ ਕਾਹਲੇ ਹੋਏ ਬੈਠੇ ਹਾਂ। ਕੀ ਗੁਰੂ ਨਾਨਕ ਦੇਵ ਜੀ ਦਾ ਨੌਕਰੀ ਕਰਨ ਵਾਲਾ ਸਿਧਾਂਤ ਸਾਡੀ ਸੋਚ ਦਾ ਹਿੱਸਾ ਬਣਿਆ ਏ? ਕੀ ਅਸੀਂ ਇਮਾਨਦਾਰੀ ਵਿਚੋਂ ਹੀ ਜੀਵਨ ਦਾ ਸਚਿਆਰਾਪਣ ਸਿਰਜਣ ਵਾਲੇ ਗੁਰੂ ਜੀ ਦੇ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸੀਂ ਕੋਈ ਨੌਕਰੀ, ਵਪਾਰ ਜਾਂ ਲੈਣ-ਦੇਣ ਵਿਚ ਪਾਕ ਹਾਂ? ਕਿਉਂ ਅਸੀਂ ਪਾਪ ਦੀ ਕਮਾਈ ਨੂੰ 'ਕੱਠਾ ਕਰਨ ਲਈ ਉਤਾਵਲੇ ਹਾਂ? ਖੁਦ ਦੀ ਆਤਮਿਕਤਾ ਨੂੰ ਗੰਧਲਾਉਣ ਵਿਚ ਕਿਉਂ ਰੁਚਿੱਤ ਹਾਂ? ਅਸੀਂ ਗੁਰਬਾਣੀ ਵਿਚਲੇ ਸੰਦੇਸ਼ ਨੂੰ ਅੰਤਰੀਵ ਵਿਚ ਵਸਾਉਣ ਤੋਂ ਮੁਨਕਰ ਹਾਂ। ਅਜਿਹਾ ਕਿਉਂ? ਕੀ ਅਸੀਂ ਮਖੌਟਾਧਾਰੀ ਹਾਂ? ਕੀ ਅਸੀਂ ਸਿੱਖ ਬਣਨ ਦੇ ਕਾਬਲ ਹਾਂ? ਕੀ ਗੁਰੂ ਜੀ ਦਾ ਜੀਵਨ ਸਾਡੇ ਲਈ ਪ੍ਰੇਰਨਦਾਇਕ ਨਹੀਂ? ਕੀ ਮੋਦੀਖਾਨੇ ਦੇ ਵੱਟਿਆਂ ਨੂੰ ਨੱਤਮਸਤਕ ਹੋਣਾ ਹੀ ਸਾਡੀ ਆਸਥਾ ਰਹਿ ਗਈ ਏ?

ਜਪੁਜੀ ਸਾਹਿਬ ਦੇ ਮੂਲ ਮੰਤਰ ਰਾਹੀ ਸਿੱਖ-ਜੋਤ ਜਗਾਉਣ ਵਾਲੇ ਗੁਰੂ ਜੀ ਦੇ ਪੈਰੋਕਾਰ, ਘਰ ਘਰ ਡੇਰੇ ਬਣਾ ਕੇ ਖੁਦ ਹੀ ਗੁਰੂ-ਡੰਮ ਦਾ ਰਾਗ ਅਲਾਪ ਰਹੇ ਨੇ। ਕੀ ਇਹਨਾਂ ਦੀ ਸੋਚ ਵਿਚ ਕਦੇ ਮੂਲ ਮੰਤਰ ਦੀ ਆਤਮਾ ਦਾ ਨਿਵਾਸ ਹੋਇਆ ਏ? ਖੁਦ ਨੂੰ ਗੁਰੂ ਆਖ ਕੇ ਖੁਦ ਦੀ ਪੂਜਾ ਕਰਵਾਉਣ ਵਾਲੇ ਅਤੇ ਗੁਫ਼ਾਵਾਂ ਤੇ ਭੋਰਿਆਂ ਵਿਚ ਕੁਕਰਮ ਬੀਜਣ ਅਤੇ ਬੁੱਤ-ਪ੍ਰਸਤੀ ਵਿਚੋਂ ਹੀ ਰੱਬ ਨੂੰ ਪਾਉਣ ਦਾ ਹੋਕਰਾ ਦੇਣ ਵਾਲੇ, ਇਹ ਰੱਬ ਬਣੇ ਲੋਕ ਕਿਧਰੇ ਸਿੱਖੀ ਬਾਣੇ ਵਿਚ ਸਿੱਖੀ ਦੇ ਦੁਸ਼ਮਣ ਤਾਂ ਨਹੀਂ? ਕੀ ਅਜਿਹੇ ਲੋਕ ਸਿੱਖ-ਸਿਧਾਤਾਂ ਤੇ ਸਿੱਖੀ-ਸਰੋਕਾਰਾਂ ਨੂੰ ਖੋਰਾ ਲਾਉਣ ਅਤੇ ਸਿੱਖ ਵਿਚਾਰਾਂ ਨੂੰ ਗੰਧਲਾ ਕਰਨ ਲਈ, ਦੋਖੀ ਤਾਕਤ ਵਲੋਂ ਘੁਸਪੈਠ ਤਾਂ ਨਹੀਂ ਕਰਵਾਏ ਗਏ? ਸਿੱਖਾਂ ਨੂੰ ਸੇਧ ਅਤੇ ਸੰਦੇਸ਼ ਦੇਣ ਵਾਲੇ ਸਰਬਉਚਮ ਸੰਸਥਾਵਾਂ ਦੇ ਮੋਹਰੀ ਕਿਧਰੇ ਕੋਝੀ ਚਾਲ ਦਾ ਸ਼ਿਕਾਰ ਤਾਂ ਨਹੀਂ ਹੋ ਗਏ? ਕੀ ਸਿੱਖ ਫਿਲਾਸ਼ਫੀ ਨੂੰ ਖੋਰਾ ਲਾਇਆ ਜਾ ਰਿਹਾ ਏ? ਕੀ ਕਾਰਨ ਹੈ ਕਿ ਕੁਝ ਬਾਬੇ ਰਾਜਸੀ ਅਤੇ ਧਾਰਮਿਕ ਪੁਸ਼ਤਪਨਾਹੀ ਕਾਰਨ ਖੁਦ ਦੀ ਸਲਤਨਤ ਉਸਾਰਨ ਵਿਚ ਮੋਹਰੀ ਨੇ? ਅਸੀਂ ਮੂਕ ਦਰਸ਼ਕ ਕਿਉਂ ਬਣੇ ਬੈਠੇ ਹਾਂ? ਕੀ ਅਸੀਂ ਸਿੱਖੀ ਸੋਚ ਦੇ ਵਾਰਸ ਹਾਂ? ਦੋਗਲੀ ਸਖਸ਼ੀਅਤ ਨੇ ਸਾਡੇ ਖੋਖਲੇਪਣ ਨੂੰ ਜ਼ਾਹਰ ਕਰ ਦਿਤਾ ਏ।

ਗੁਰੂ ਨਾਨਕ ਦੇਵ ਜੀ ਜਦ ਉਦਾਸੀ ਨੂੰ ਤੁਰਦੇ ਨੇ ਤਾਂ ਗੁਰਬਾਣੀ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਅਤੇ ਸੰਗੀਤ ਰਾਹੀਂ ਲੋਕ-ਮਾਨਸਿਕਤਾ ਵਿਚ ਵਸਾਉਣ ਲਈ ਬਚਪਨ ਦੇ ਸਾਥੀ ਮਰਦਾਨਾ ਰਬਾਬੀ ਨੂੰ ਨਾਲ ਲੈਂਦੇ ਨੇ। ਇਹ ਅਚੇਤ ਰੂਪ ਵਿਚ ਧਾਰਮਿਕ ਕੱਟੜਤਾ ਨੂੰ ਚੁਣੌਤੀ ਸੀ। ਜਾਤ-ਪਾਤ ਦੇ ਪਾੜੇ ਨੂੰ ਉਲੰਘ ਕੇ ਨੀਵੀਂ ਜਾਤ ਵਾਲੇ ਮਰਦਾਨੇ ਨੂੰ ਬਰਾਬਰ ਦਾ ਰੁੱਤਬਾ ਦੇ ਕੇ, ਉਦਾਸੀਆਂ ਦਾ ਸਦੀਵੀ ਸਾਥੀ ਬਣਾਉਣਾ, ਉਸ ਸਮੇਂ ਦੀ ਸਮਾਜਿਕ ਨਾ-ਬਰਾਬਰੀ ਨੂੰ ਬਰਾਬਰੀ ਵਿਚ ਤਬਦੀਲ ਕਰਨ ਦਾ ਪਲੇਠਾ ਉਦਮ ਸੀ। ਅਜੋਕੇ ਸਿੱਖ ਤਾਂ ਜਾਤਾਂ ਵਿਚ ਹੀ ਉਲਝ ਕੇ ਰਹਿ ਗਏ ਨੇ। ਜੱਟਾਂ, ਲੁਬਾਣਿਆਂ, ਰਾਮਦਾਸੀਆਂ, ਰਾਮਗੜੀਆਂ ਆਦਿ ਵੱਖ-ਵੱਖ ਫਿਰਕਿਆਂ ਨੇ ਆਪੋ-ਆਪਣੇ ਗੁਰਦੁਆਰੇ ਬਣਾ ਕੇ, ਗੁਰਬਾਣੀ ਵਿਚਲੀ ਸਰਬ-ਪ੍ਰਮਾਣਕਿਤਾ ਅਤੇ ਸਭ ਵਰਗਾਂ ਲਈ ਸਤਿਕਾਰ ਨੂੰ ਢਾਹ ਲਾਈ ਏ। ਬਾਬਾ ਨਾਨਕ ਜੀ ਦੀ ਆਤਮਾ ਵਿਚਲੀ ਕੁਰਲਾਹਟ ਅਤੇ ਗੁਰਬਾਣੀ ਦੀ ਤਰਾਸਦੀ ਨੂੰ ਕਿੰਝ ਕਿਆਸੋਗੇ ਅਤੇ ਕਿੰਝ ਨਾਨਕ-ਸੋਚ ਨੂੰ ਮੁਖਾਤਬ ਹੋਵੋਗੇ? ਗੁਰਦੁਆਰਾ ਤਾਂ ਸਭ ਲਈ ਸਾਂਝਾ ਹੋਣਾ ਚਾਹੀਦਾ ਏ। ਪਰ ਅਸੀਂ ਸਿੱਖੀ ਦੇ ਸੇਵਕ ਹੋ ਕੇ ਖਾਸ ਜਾਤ/ਵਰਗ ਦੇ ਵਿਅਕਤੀਆਂ ਲਈ ਪਾਬੰਦੀਆਂ ਦੇ ਰਾਹ ਤੁਰ ਪਏ ਹਾਂ। ਕੀ ਇਹ ਸਿੱਖੀ ਹੈ? ਕੀ ਅਸੀਂ ਸਿੱਖ ਅਖਵਾਉਣ ਦੇ ਹੱਕਦਾਰ ਹਾਂ? ਕੀ ਸਿੱਖੀ-ਜੋਤ ਦੀ ਕੋਈ ਕਿਰਨ ਸਾਡੀ ਮਾਨਸਿਕਤਾ ਵਿਚ ਚਾਨਣ ਨਹੀਂ ਬਿਖੇਰਦੀ? ਕੀ ਅਸੀਂ ਸ਼ਬਦ-ਗੁਰੂ ਨੂੰ ਆਪਣੀ ਚੇਤਨਾ ਦਾ ਹਿੱਸਾ ਬਣਾਇਆ ਏ?

ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਚਾਰ ਦਿਸ਼ਾਵਾਂ ਵਿਚ ਕੀਤੀਆਂ ਅਤੇ ਵੱਖ-ਵੱਖ ਖੇਤਰਾਂ ਦੇ ਲੋਕਾਂ, ਵੱਖੋ ਵੱਖਰੇ ਧਰਮਾਂ ਦੇ ਲੋਕਾਂ ਨੂੰ ਉਹਨਾਂ ਦੀ ਭਾਸ਼ਾ ਅਤੇ ਉਹਨਾਂ ਦੇ ਰੰਗ ਵਿਚ ਖੁਦ ਨੂੰ ਰੰਗ ਕੇ ਸਿੱਖ-ਸੋਚ ਅਤੇ ਫਿਲਾਸਫ਼ੀ ਨੂੰ ਪ੍ਰਚਾਰਿਆ। ਇਕ ਤਰਕ ਸੀ ਉਹਨਾਂ ਦੇ ਪ੍ਰਵਚਨਾਂ ਵਿਚ ਅਤੇ ਇਕ ਪੁਖਤਾ ਦਲੀਲ ਸੀ ਉਹਨਾਂ ਦੇ ਹਰ ਬੋਲ ਵਿਚ। ਉਹ ਸੱਚ ਨੂੰ ਸੱਚ ਕਹਿਣ ਤੋਂ ਕਦੇ ਵੀ ਹਿੱਚਕਚਾਂਦੇ ਨਹੀਂ ਸਨ। ਭਾਵੇਂ ਉਹ ਬਾਦਸ਼ਾਹ ਬਾਬਰ ਹੋਵੇ, ਮਲਕ ਭਾਗੋ ਹੋਵੇ, ਸਿੱਧ ਯੋਗੀ ਹੋਣ, ਮੌਲਵੀ ਜਾਂ ਪੰਡਤ ਹੋਣ। ਉਹਨਾਂ ਨੇ ਪ੍ਰਚਲਤ ਵਹਿਮਾਂ/ਭਰਮਾਂ ਅਤੇ ਥੋਥੇ ਵਿਚਾਰਾਂ ਨੂੰ ਆਪਣੇ ਤਰਕਸ਼ੀਲ ਵਿਚਾਰਾਂ ਦੀ ਸਾਣ ਨਾਲ ਖੂੰਢੇ ਕੀਤਾ ਅਤੇ ਅਗਿਆਨ ਦੀ ਹਨੇਰ-ਜੂਹ ਵਿਚ ਅਜੇਹੀ ਚਾਨਣ ਕਾਤਰ ਧਰੀ ਕਿ ਸਭ ਲੋਕ ਉਹਨਾਂ ਦੇ ਮੁਰੀਦ ਹੋ ਗਏ। ਅਸੀਂ ਉਹਨਾਂ ਦੀਆਂ ਬਾ-ਕਮਾਲ, ਬਾ-ਦਲੀਲ ਅਤੇ ਤਰਕਸ਼ੀਲ ਵਿਚਾਰਧਾਰਾ ਨੂੰ ਨਿਕਾਰ ਨੇ ਇਸਨੂੰ ਕਰਾਮਾਤੀ ਰੰਗਣ ਵਿਚ ਅਜਿਹਾ ਰੰਗਿਆ ਕਿ ਉਹਨਾਂ ਦੀ ਸੋਚ ਨੂੰ ਧੁੰਧਲਾ ਕਰਨ ਵਿਚ ਸਿੱਖ ਪ੍ਰਚਾਰਕ, ਮਿਥਿਹਾਸਕ ਸਾਖੀਆਂ ਜਾਂ ਕੱਚਘੜ ਲੇਖਕ ਹੀ ਸਭ ਤੋਂ ਮੋਹਰੀ ਨੇ। ਵਿਗਿਆਨਕ ਨਜ਼ਰੀਆ ਅਤੇ ਤੱਥ ਭਰਪੂਰ ਦਲੀਲ ਰਾਹੀਂ ਸਿੱਖ ਧਰਮ ਨੂੰ ਦੁਨੀਆਂ ਦੇ ਵੱਡੇ ਹਿੱਸੇ ਵਿਚ ਫੈਲਾਉਣ ਵਾਲੇ ਗੁਰੂ ਦੇ ਸਿੱਖਾਂ ਦੀ ਕੇਹੀ ਮਾਨਸਿਕਤਾ ਬਣ ਗਈ ਏ ਕਿ ਉਹ ਅਜੋਕੇ ਸਮਿਆਂ ਵਿਚ ਤਰਕ ਅਤੇ ਦਲੀਲ ਤੋਂ ਕੋਰੇ ਨੇ। ਉਹਨਾਂ ਕੋਲ ਸਿਰਫ਼ ਦੂਸਰੀ ਧਿਰ ਨੂੰ ਡਰਾਉਣ, ਧਮਕਾਉਣ ਜਾਂ ਹਸਤੀ ਮਿਟਾਉਣ ਵਾਲਾ ਮਾਰਗ ਹੀ ਇਕ ਬਦਲ ਰਹਿ ਗਿਆ ਏ। ਕਿਉਂ ਨਹੀਂ ਨਾਨਕ ਦੇ ਸਿੱਖ ਉਸਦੀ ਸੋਚ ਨੂੰ ਅਪਣਾ, ਹਰ ਮਸਲੇ ਅਤੇ ਮੱਤਭੇਦ ਨੂੰ ਦਲੀਲ ਰਾਹੀਂ ਮਿਲ ਬੈਠ ਕੇ ਨਜਿੱਠਣ ਅਤੇ ਭਾਈਚਾਰਕ ਤੰਦਾਂ ਨੂੰ ਹੋਰ ਮਜਬੂਤ ਕਰਨ ਵੱਲ ਪਹਿਲਕਦਮੀ ਕਰਦੇ? ਇਸ ਵਿਚ ਕਿਸੇ ਦਾ ਘਟਾਅ ਨਹੀਂ ਸਗੋਂ ਸਮਾਜਿਕ ਪੱਧਰ 'ਤੇ ਇਜ਼ਤ ਵੱਧਦੀ ਏ। ਵੱਖ-ਵੱਖ ਧਾਰਮਿਕ ਅਦਾਰਿਆਂ ਜਾਂ ਆਗੂਆਂ ਵਲੋਂ ਮਹੱਤਵਪੂਰਨ ਗੁਰਪੁਰਬ ਅਤੇ ਧਾਰਮਿਕ ਸਮਾਗਮ ਵੱਖ-ਵੱਖ ਤਰੀਕਾਂ 'ਤੇ ਮਨਾਉਣ ਦੀ ਨਵੀਂ ਪਿਰਤ ਸ਼ੁਰੂ ਕਰਕੇ, ਸਿੱਖ ਕੌਮ ਹੀ ਮਾਖੌਲ ਦੀ ਪਾਤਰ ਬਣ ਗਈ ਏ। ਸਾਨੂੰ ਤਾਂ ਹਰ ਦੂਸਰੇ ਵਿਅਕਤੀ ਵਿਚੋਂ ਰੱਬ ਦਾ ਰੂਪ ਨਹੀਂ ਸਗੋਂ ਇਕ ਦੋਖੀ ਨਜ਼ਰ ਆਉਂਦਾ ਏ ਅਤੇ ਉਸਦੀ ਹੋਂਦ ਨੂੰ ਖਤਮ ਕਰਨ ਲਈ ਕਾਹਲੇ ਪੈ ਜਾਂਦੇ ਹਾਂ। ਦਰਅਸਲ ਇਹ ਸਾਡੇ ਮਨ ਵਿਚ ਘਰ ਕਰੀ ਬੈਠੀ ਹੀਣ-ਭਾਵਨਾ ਏ ਜਿਹੜੀ ਮਨੁੱਖ ਨੂੰ ਕੰਮਜੋਰ ਕਰ, ਖੁਦ ਨੂੰ ਖੁਦ ਦੇ ਵਿਨਾਸ਼ ਦੇ ਰਾਹ ਤੋਰਦੀ ਏ। ਕੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਨਾਲ ਕੋਈ ਲੜਾਈ/ਝਗੜਾ ਕੀਤਾ ਸੀ? ਉਹਨਾਂ ਦੀ ਸ਼ਖਸ਼ੀਅਤ ਅਤੇ ਸੋਚ ਦਾ ਕੇਹਾ ਕ੍ਰਿਸ਼ਮਾ ਸੀ ਕਿ ਉਹ ਆਪਣੀ ਪ੍ਰਭਾਵਸ਼ਾਲੀ, ਨਿਰਲੇਪ ਅਤੇ ਸਰਬ-ਪ੍ਰਵਾਣਤ ਵਿਚਾਰਾਂ ਨਾਲ ਵਿਰੋਧੀ ਸੋਚ ਨੂੰ ਪ੍ਰਭਾਵਤ ਕਰ, ਆਪਣੀ ਬੁੱਕਲ ਵਿਚ ਲੈ, ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਹਰ ਮਸਤਕ ਵਿਚ ਧਰਦੇ, ਲੋਕਾਈ ਦੀ ਸਰਬ-ਸੁੱਖਨਤਾ ਦਾ ਪੈਗ਼ਾਮ ਫ਼ਿਜ਼ਾ ਦੇ ਨਾਮ ਲਾਉਂਦੇ ਸਨ। ਉਹ ਤਾਂ ਪਿਆਰ ਅਤੇ ਮੋਹ ਦਾ ਅਜਿਹਾ ਮੁਜੱਸਮਾ ਸਨ ਜਿਸਦੀ ਬਰਾਬਰੀ ਕੌਣ ਕਰੇਗਾ? ਪਰ ਅਸੀਂ ਉਹਨਾਂ ਦੀ ਸੋਚ ਦਾ ਕਿਣਕਾ ਮਾਤਰ ਅਪਨਾਉਣ ਵਿਚ ਤਾਂ ਪਹਿਲ ਕਰ ਸਕਦੇ ਹਾਂ। ਅਸੀਂ ਤਾਂ ਆਪਸ ਵਿਚ ਹੀ ਲੜਦੇ, ਖੁਦ ਵਿਚੋਂ ਸ਼ਬਦ-ਸੋਚ ਨੂੰ ਮਨਫ਼ੀ ਕਰ, ਲਾਸ਼ ਬਣ ਕੇ ਜਿਊਣ ਦਾ ਢੱਕਵੰਜ਼ ਕਰਦੇ ਹਾਂ।

ਜੀਵਨ ਦੇ ਹਰ ਪੜਾਅ 'ਤੇ ਨਾਨਕ ਜੀ ਦਾ ਵੱਖ-ਵੱਖ ਲੋਕਾਂ ਨਾਲ ਸੰਵਾਦ ਅਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ, ਇਕ ਅਜੇਹੀ ਦਿੱਬ-ਦ੍ਰਿਸ਼ਟੀ ਦਾ ਚਾਨਣ ਸੀ ਜਿਸਦੀ ਆਭਾ ਵਿਚ ਮਨੁੱਖੀ ਹੋਂਦ ਨੂੰ ਚੰਗੇਰੇ ਮਾਰਗ ਦੀ ਦਰਸ਼ਨਾ ਪ੍ਰਾਪਤ ਹੁੰਦੀ ਸੀ। ਇਹ ਭਾਵੇਂ ਮੱਕੇ ਮਦੀਨੇ ਦੀ ਯਾਤਰਾ ਹੋਵੇ, ਹਰਦੁਆਰ ਵਿਚ ਗੰਗੇ ਕਿਨਾਰੇ ਸੂਰਜ ਨੂੰ ਪਾਣੀ ਦੇਣ ਦੀ ਪ੍ਰੰਪਰਾ ਨੂੰ ਤਰਕਸ਼ੀਲ ਸੋਚ ਨਾਲ ਝੁਠਲਾਣਾ ਹੋਵੇ ਜਾਂ ਯੋਗੀਆਂ ਤੇ ਸਿੱਧਾਂ ਸੰਗ ਕੀਤੀ ਗੋਸ਼ਟ ਨਾਲ ਦੁਨਿਆਵੀ ਜੀਵਨ ਨੂੰ ਨਿਕਾਰਨ ਦੀ ਪ੍ਰਥਾ ਨੂੰ ਜਿੰਮੇਵਾਰੀਆਂ ਤੋਂ ਭੱਜਣ ਨਾਲ ਜੋੜਨਾ ਹੋਵੇ। ਦੁਨਿਆਵੀ ਜੀਵਨ ਵਿਚ ਰਹਿੰਦਿਆਂ, ਪ੍ਰਮਾਰਥ ਦੇ ਮਾਰਗੀ ਬਣਨ ਦੀ ਵਿਚਾਰਧਾਰਾ ਨੇ ਮਨੁੱਖ ਨੂੰ ਸਮਾਜਿਕ ਫਰਜ਼ਾਂ ਪ੍ਰਤੀ ਕੁਤਾਹੀ ਤੋਂ ਸੁਚੇਤ ਕੀਤਾ। ਇਸਨੂੰ ਸੰਤੁਲਤ ਜ਼ਿੰਦਗੀ ਦਾ ਅੰਗ ਮੰਨ ਕੇ, ਪਰਿਵਾਰ ਪਾਲਦਿਆਂ ਹੀ ਆਤਮਿਕ ਵਿਕਾਸ ਦੇ ਰਾਹ ਪੈਣ ਦੀ ਤਾਕੀਦ ਕੀਤੀ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਪਰਮ-ਪੁਰਖ ਦਾ ਅਜਿਹਾ ਉਚਤਮ ਰੂਪ ਏ ਜੋ ਉਹਨਾਂ ਦੀ ਬਾਣੀ ਅਤੇ ਜੀਵਨ-ਸ਼ੈਲੀ ਵਿਚੋਂ ਪ੍ਰਤੱਖ ਨਜਰੀਂ ਪੈਂਦਾ ਏ। ਕੀ ਅਸੀਂ ਉਹਨਾਂ ਦੀਆਂ ਸਿਖਿਆਵਾਂ ਨੂੰ ਪੜਿਆ ਏ? ਇਹਨਾਂ ਨੂੰ ਆਪਣੀ ਕਰਮਯੋਗਤਾ ਦਾ ਹਿੱਸਾ ਬਣਾਇਆ ਏ? ਕੀ ਘਾਲਿ ਖਾਇ ਕਿਛ ਹਥਹੁ ਦੇਇ; ਵਰਗੀ ਚੇਤਨਾ ਸਾਡੀ ਜ਼ਮੀਰ ਨੂੰ ਝੰਜੋੜਦੀ ਏ? ਕੀ ਅਸੀਂ ਆਪਣੀ ਕਿਰਤ ਕਮਾਈ ਵਿਚੋਂ ਲੋੜਮੰਦਾਂ ਦੀ ਮਦਦ ਕੀਤੀ ਏ? ਕੀ ਕਿਸੇ ਗਰੀਬ ਗੁਰਬੇ ਲਈ ਆਪਣੀਆਂ ਅਸੀਮਤ ਸੁੱਖ-ਸਹੂਲਤਾਂ ਨੂੰ ਸੀਮਤ ਕਰਨ ਲਈ ਪਹਿਲ ਕਦਮੀ ਕੀਤੀ ਏ? ਕੀ ਇਹ ਸਮਾਜਿਕ ਬਰਾਬਰੀ ਲਈ ਇਨਕਲਾਬੀ ਕਦਮ ਨਹੀਂ ਹੋਵੇਗਾ ਜਿਸਦੀ ਚਾਹਨਾ ਗੁਰੂ ਜੀ ਨੇ ਕੀਤੀ ਸੀ?

ਅਜੋਕੇ ਸਮਿਆਂ ਦੀ ਕੇਹੀ ਤਰਾਸਦੀ ਹੈ ਕਿ ਅਸੀਂ ਬੇਗੈਰਤ ਹੋ ਗਏ ਹਾਂ। ਮਨੁੱਖ ਦਾ ਬੇਗੈਰਤ ਹੋਣਾ, ਉਸਦੀ ਮਾਨਸਿਕ ਮੌਤ ਏ ਜੋ ਸਰੀਰਕ ਮੌਤ ਨਾਲੋਂ ਵੀ ਜ਼ਿਆਦਾ ਦਰਦੀਲੀ ਅਤੇ ਪੀੜਤ ਹੁੰਦੀ ਏ। ਧੁੱਖ ਧੁੱਖ ਕੇ ਮਰਨਾ ਅਤੇ ਆਪਣੀ ਹੋਣੀ 'ਤੇ ਅੱਥਰੂ ਵਹਾਉਣ ਤੋਂ ਵੀ ਤ੍ਰਿਹਣਾ, ਅੱਜ ਦੇ ਸਿੱਖ

ਬਾਕੀ ਸਫ਼ਾ 36 'ਤੇ

# ਸਿੱਖ ਇਤਿਹਾਸ ਵਿਚ ਵਿਸਾਖੀ



**ਪ੍ਰੋ. ਬਲਵਿੰਦਰਪਾਲ ਸਿੰਘ**
(98157-00916)

ਵਿਸਾਖੀ ਦਾ ਤਿਉਹਾਰ ਪੁਰਾਤਨ ਸਮੇਂ ਤੋਂ ਹੀ ਮਨਾਉਣ ਦੀ ਪਰੰਪਰਾ ਰਹੀ ਹੈ। ਬਾਕੀ ਮਹੀਨਿਆਂ ਨਾਲੋਂ ਮਾਘ ਤੇ ਵਿਸਾਖ ਦੀ ਸੰਗਰਾਂਦ ਨੂੰ ਖਾਸ ਮਹਾਨਤਾ ਪ੍ਰਾਪਤ ਹੈ। ਸਿੱਖ ਧਰਮ, ਸਿੱਖ ਸਾਹਿਤ ਤੇ ਸਿੱਖ ਪੰਥ ਵਿਚ ਵਿਸਾਖੀ ਦਾ ਵਿਸ਼ੇਸ਼ ਮਹੱਤਵ ਅਤੇ ਮਹਾਨਤਾ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਕਰਮਵਾਰ-'ਤੁਖਾਰੀ ਬਾਰਹਮਾਹਾ ਅਤੇ ਮਾਝ ਵਿਚ ਵਿਸਾਖੀ ਮਹੀਨੇ ਦਾ ਉਦੇਸ਼ ਪੇਸ਼ ਕੀਤਾ ਹੈ:-

ਨਾਨਕ ਵੈਸਾਖੀ ਪ੍ਰਭੁ ਭਾਵੈ।
ਸੁਰਤਿ ਸਬਦਿ ਮਨੁ ਮਾਨਾ॥
(ਬਾਰਹਮਾਹਾ ਤੁਖਾਰੀ)

ਜਾਂ

ਵੈਸਾਖ ਸੁਹਾਵਾ ਤਾ ਲਗੈ
ਜਾ ਸੰਤੁ ਭੇਟੈ ਹਰਿ ਸੋਇ॥
(ਬਾਰਾਮਾਹਾ ਮਾਝ)

ਸਿੱਖ ਇਤਿਹਾਸ ਵਿਚ ਵਿਸਾਖੀ ਦਾ ਵਿਸ਼ੇਸ਼ ਮਹੱਤਵ ਹੈ, ਕਿਉਂਕਿ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਵਿਸਾਖ ਦੇ ਮਹੀਨੇ ਵਾਪਰੀਆਂ ਹਨ। ਗੁਰੂ ਨਾਨਕ ਦੇਵ ਜੀ ਦਾ ਜਨਮ 20 ਵਿਸਾਖ 1526 ਬਿਕਰਮੀ ਨੂੰ ਹੋਇਆ। ਉਨ੍ਹਾਂ ਨੇ ਵਿਸਾਖੀ ਵਾਲੇ ਦਿਨ ਹੀ ਹਰਿਦੁਆਰ ਵਿਖੇ ਲਹਿੰਦੇ ਵੱਲ ਪਾਣੀ ਦੇ ਕੇ ਪਿੱਤਰਾਂ ਨੂੰ ਪਹੁੰਚਾਣ ਵਾਲੇ ਪਾਣੀ ਸਬੰਧੀ ਪਏ ਭਰਮਜਾਲ ਨੂੰ ਤੋੜਿਆ ਸੀ। ਉਨ੍ਹਾਂ ਨੇ ਸਮਾਜ ਸੁਧਾਰ ਲਈ ਆਪਣੀਆਂ ਉਦਾਸੀਆਂ ਦੀ ਸ਼ੁਰੂਆਤ ਵੀ ਪਹਿਲੀ ਵਿਸਾਖ ਨੂੰ ਕੀਤੀ ਸੀ। ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਜਨਮ 5 ਵਿਸਾਖ ਸੰਮਤ 1561 ਬਿਕਰਮੀ ਨੂੰ ਹੋਇਆ। ਗੁਰੂ ਅਮਰਦਾਸ ਜੀ ਦਾ ਜਨਮ ਵਿਸਾਖ ਸੁਦੀ 14 ਸੰਮਤ 1536 ਨੂੰ ਹੋਇਆ ਅਤੇ 3 ਵਿਸਾਖ 1609 ਬਿਕਰਮੀ ਨੂੰ ਆਪ ਸਿੱਖਾਂ ਦੇ ਤੀਸਰੇ ਗੁਰੂ ਬਣੇ। ਉਨ੍ਹਾਂ ਨੇ ਵਿਸਾਖੀ ਪੁਰਬ 'ਤੇ ਗੋਇੰਦਵਾਲ ਵਿਖੇ ਅਧਿਆਤਮਕ ਮੇਲਾ ਲਗਾਉਣ ਦੀ ਸ਼ੁਰੂਆਤ ਕੀਤੀ, ਜਿਸ ਦਾ ਸਿੱਖ ਲਹਿਰ ਦੇ ਵਿਕਾਸ ਵਿਚ ਖਾਸ ਮਹੱਤਵ ਹੈ। ਇਸ ਨਾਲ ਸਿੱਖ ਸੰਗਤਾਂ ਨੂੰ ਆਪਣੇ ਕੇਂਦਰ ਵਿਚ ਇਕੱਤਰ ਹੋਣ ਦਾ ਮੌਕਾ ਮਿਲ ਗਿਆ। ਮਹਾਨ ਕੋਸ਼ ਦੇ ਰਚੇਤਾ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਵੈਸਾਖੀ ਦਾ ਮੇਲਾ ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦੇਵ ਦੀ ਆਗਿਆ ਨਾਲ ਕਾਇਮ ਕੀਤਾ ਸੀ। ਗੁਰੂ ਅਮਰਦਾਸ ਜੀ ਵੱਲੋਂ ਗੋਇੰਦਵਾਲ ਵਿਖੇ ਬਣ ਰਹੀ ਬਉਲੀ ਦਾ ਕੜ ਵੀ ਵਿਸਾਖੀ ਵਾਲੇ ਦਿਨ ਟੁੱਟਿਆ ਸੀ। (ਪੰਨਾ 1110)

ਗੁਰੂ ਅਰਜਨ ਦੇਵ ਜੀ ਦਾ ਜਨਮ 19 ਵਿਸਾਖ ਵਦੀ 7 ਸੰਮਤ 1620 ਨੂੰ ਹੋਇਆ। ਗੁਰੂ ਹਰਗੋਬਿੰਦ ਸਾਹਿਬ ਜੀ ਦਾ ਵਿਆਹ 8 ਵੈਸਾਖ 1670 ਨੂੰ ਹਰੀ ਚੰਦ ਦੀ ਸਪੁੱਤਰੀ ਬੀਬੀ ਨਾਨਕੀ ਨਾਲ ਹੋਇਆ। ਗੁਰੂ ਹਰਕ੍ਰਿਸ਼ਨ ਸਾਹਿਬ 3 ਵੈਸਾਖ ਸੰਮਤ 1721 ਨੂੰ ਜੋਤੀ ਜੋਤ ਸਮਾਏ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘਾਸਨ ਉੱਤੇ ਬੈਠਣ ਦਾ ਦਿਨ ਵਿਸਾਖੀ ਹੀ ਸਵੀਕਾਰ ਕੀਤਾ ਜਾਂਦਾ ਹੈ।

ਵਿਸਾਖੀ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਦਿ ਗ੍ਰੰਥ ਵਿਚ ਸ਼ਾਮਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਹੋਣ ਦਾ ਐਲਾਨ ਕੀਤਾ।

ਸੰਨ 1699 ਦੀ ਵਿਸਾਖੀ ਸਿੱਖ ਇਤਿਹਾਸ ਨਾਲ ਜੁੜੇ ਵਿਸਾਖੀ ਦਿਵਸਾਂ ਵਿਚੋਂ ਸਭ ਤੋਂ ਅਹਿਮ ਹੋਂਦ ਦੀ ਲਖਾਇਕ ਹੈ, ਕਿਉਂਕਿ ਇਸ ਦਿਨ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਪਾਤ, ਹਰੇਕ ਤਰ੍ਹਾਂ ਦੇ ਭੇਦ ਭਾਵ ਦੇ ਜੰਜਾਲਾਂ ਨੂੰ ਭੰਨ ਕੇ ਖਾਲਸਾ ਪੰਥ ਦੀ ਆਜ਼ਾਦ ਅਤੇ ਨਿਆਰੀ ਹਸਤੀ ਸਿਰਜੀ ਸੀ। ਖਾਲਸਾ ਪੰਥ ਦੀ ਸਿਰਜਣਾ ਕੋਈ ਅਚਾਨਕ ਘਾਲਣਾ ਨਹੀਂ ਸੀ, ਸਗੋਂ ਸੰਤ ਗੁਰੂਆਂ (ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਦੇ ਫਲਸਫੇ ੴ, ਗੁਰੂ ਸਾਹਿਬਾਨਾਂ ਦੀ ਸ਼ਹਾਦਤਾਂ ਨਾਲ ਸਿੰਜਿਆ ਗਿਆ ਅਲੌਕਿਕ ਪ੍ਰਗਟਾਵਾ ਸੀ।

ਭਾਈ ਗੁਰਦਾਸ ਜੀ ਨੇ ਆਪਣੀ ਮਹਾਨ ਵਾਰ ਵਿਚ ਖਾਲਸੇ ਦੀ ਵਿਸਾਖੀ ਦੇ ਕ੍ਰਿਸ਼ਮੇ ਅਤੇ ਖਾਲਸੇ ਦੀ ਵੱਖਰੀ ਪਛਾਣ ਨੂੰ ਇਉਂ ਬਿਆਨ ਕੀਤਾ ਹੈ।

ਇਉਂ ਤੀਸਰ ਪੰਥ ਰਚਾਇਨ,
ਵਡ ਸੂਰ ਸਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਇਸ ਵਿਸ਼ੇਸ਼ ਇਕੱਠ ਵਿਚ ਅੱਸੀ ਹਜ਼ਾਰ ਤੱਕ ਸਿੱਖ ਇਕੱਠੇ ਹੋਏ। ਗੁਰੂ ਸਾਹਿਬ ਨੇ ਇਸ ਇਕੱਠ ਵਿਚੋਂ ਪੰਜ ਪਿਆਰਿਆਂ ਦੀ ਚੋਣ ਕੀਤੀ ਜੋ ਗੁਰਮਰਿਯਾਦਾ ਵਿਚ ਪਰਪੱਕ ਸਨ ਅਤੇ ਸਮਾਜ ਦੀਆਂ ਵੱਖ-ਵੱਖ ਜਾਤਾਂ ਨਾਲ ਸੰਬੰਧ ਰੱਖਦੇ ਸਨ। ਰਤਨ ਸਿੰਘ ਭੰਗੂ ਇਸ ਸਬੰਧ ਵਿਚ ਆਖਦੇ ਹਨ,

ਪੰਚ ਭੁਜੰਗੀ ਲਏ ਉਠਾਏ।
ਚਾਰੇ ਬਰਨ ਇਕ ਕੀਏ ਭਰਾਏ।

ਭਾਈ ਦਇਆ ਸਿੰਘ ਲਾਹੌਰ (ਪੰਜਾਬ) ਦਾ ਖੱਤਰੀ ਸੀ, ਭਾਈ ਧਰਮ ਸਿੰਘ ਹਸਤਨਾਪੁਰ (ਦਿੱਲੀ ਦਾ ਇਲਾਕਾ) ਦਾ ਜੱਟ ਕਿਸਾਨ ਸੀ, ਭਾਈ ਸਾਹਿਬ ਸਿੰਘ ਬਿਦਰ (ਕਰਨਾਟਕ), ਦਾ ਨਾਈ ਸੀ, ਭਾਈ ਮੋਹਕਮ ਸਿੰਘ (ਉੜੀਸਾ) ਦਾ ਛੀਂਬਾ ਸੀ ਤੇ ਭਾਈ ਹਿੰਮਤ ਸਿੰਘ ਜ਼ਿਲ੍ਹਾ ਪਟਿਆਲਾ (ਪੰਜਾਬ) ਝੀਵਰ ਸੀ।

ਖਾਲਸਾ ਪੰਥ ਦੀ ਸਿਰਜਣਾ ਤੋਂ 27 ਸਾਲ ਉਪਰੰਤ ਸੰਮਤ 1783 ਬਿਕਰਮੀ ਦੀ ਵਿਸਾਖੀ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ, ਕਿਉਂਕਿ ਇਸ ਦਿਨ ਭਾਈ ਤਾਰਾ ਸਿੰਘ ਵਾਂ ਦੀ ਸ਼ਹਾਦਤ ਹੋਈ। ਇਸ ਮਹਾਨ ਯੋਧੇ ਦੀ ਸ਼ਹਾਦਤ ਨੇ ਸਿੱਖ ਕੌਮ ਨੂੰ ਇਤਿਹਾਸਕ ਗੁਰਮਤਾ ਕਰਨ ਦੀ ਪ੍ਰੇਰਣਾ ਦਿੱਤੀ, ਜਿਸ ਵਿਚ ਸ਼ਾਹੀ ਖਜ਼ਾਨਾ ਲੁੱਟਣਾ, ਸ਼ਾਹੀ ਫ਼ੌਜ ਦੇ ਘੋੜੇ ਤੇ ਹਥਿਆਰ ਲੁੱਟਣਾ ਤੇ ਪੰਥ ਦੋਖੀਆਂ ਨੂੰ ਸਜ਼ਾ ਦੇਣਾ ਸ਼ਾਮਲ ਸੀ।

ਨਤੀਜੇ ਵਜੋਂ ਮੁਗਲ ਹਕੂਮਤ ਨੇ ਸੰਮਤ 1790 ਬਿਕਰਮੀ ਵਿਚ ਸਿੱਖਾਂ ਨੂੰ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ। ਵਿਸਾਖੀ ਵਾਲੇ ਦਿਨ ਇਸ ਪੇਸ਼ਕਸ਼ 'ਤੇ ਵਿਚਾਰ ਕਰਨ ਲਈ ਅਕਾਲ ਤਖਤ ਸਾਹਿਬ 'ਤੇ ਸਰਬੱਤ ਖਾਲਸਾ ਬੁਲਾਇਆ ਗਿਆ। ਇਸ ਮੌਕੇ 'ਤੇ ਭਾਈ ਸੁਬੇਗ ਸਿੰਘ ਜੋ ਕਿ ਮੁਗਲ ਸਰਕਾਰ ਨਾਲ ਡੂੰਘੇ ਸੰਬੰਧ ਰੱਖਦੇ ਸਨ, ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ ਅਤੇ ਸਿੱਖ ਆਗੂਆਂ ਨੂੰ ਝਬਾਲ, ਕੰਗਨਪੁਰ, ਦੀਮਾਲਪੁਰ ਦੀ ਜਾਗੀਰ ਸੰਬੰਧੀ ਮੁਗਲ ਹਕੂਮਤ ਦੀ ਪੇਸ਼ਕਸ਼ ਬਾਰੇ ਦੱਸਿਆ। ਇਸ ਬਾਰੇ ਪੰਥਕ ਆਗੂਆਂ ਨੇ ਡੂੰਘੀ ਵਿਚਾਰ ਕੀਤੀ। ਇਕ ਆਗੂ ਜਥੇਦਾਰ ਦਰਬਾਰਾ ਸਿੰਘ ਮੁਗਲ ਹਕੂਮਤ ਦੀ ਪੇਸ਼ਕਸ਼ ਕਰਨ ਨੂੰ ਤਿਆਰ ਨਹੀਂ ਸੀ। ਭਾਈ ਰਤਨ ਸਿੰਘ ਭੰਗੂ ਇਸ ਸਬੰਧ ਵਿਚ ਆਖਦਾ ਹੈ,

ਦਰਬਾਰੈ ਸਿੰਘ ਅਗਯੋਂ ਕਹੀ,
ਅਸੀਂ ਨਿਬਾਬੀ ਕਦ ਚਹੈਂ ਲਈ।
ਹਮ ਰਾਖਤ ਪਤਿਸ਼ਾਹੀ ਦਾਵਾ,
ਜਾਂ ਇਤ ਕੋ ਜਾਂ ਅਗਲੋ ਪਾਵਾ।
ਪ੍ਰੂ ਵਿਧਰਤ ਔ ਧਵਲ ਡੁਲਾਇ,
ਪਾਤਿਸ਼ਾਹੀ ਛਡ ਕਿਮ ਲਹੈ ਨਿਬਾਬੀ,
ਪਰਾਧੀਨ ਜਿਹ ਮਾਂਹਿ ਖਰਾਬੀ।
(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 285)

ਪਰ ਸਿੱਖਾਂ ਦੇ ਇਕੱਠ ਨੇ ਸਰਬਸੰਮਤੀ ਨਾਲ ਨਵਾਬੀ ਮਨਜ਼ੂਰ ਕਰਨ ਦਾ ਗੁਰਮਤਾ ਪਾਸ ਕਰ ਦਿੱਤਾ ਅਤੇ ਇਸ ਦੀ ਜ਼ਿੰਮੇਵਾਰੀ ਨਵਾਬ ਕਪੂਰ ਸਿੰਘ ਨੂੰ ਦਿੱਤੀ ਗਈ। ਸੰਮਤ 1804 ਦੀ ਵਿਸਾਖੀ ਵਾਲੇ ਦਿਨ ਵੱਖ ਵੱਖ ਜਥਿਆਂ ਨੂੰ ਜਥੇਬੰਦ ਕੀਤਾ ਗਿਆ ਅਤੇ ਰਾਮ ਰੌਣੀ ਨਾਂ ਦਾ ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਕੀਤਾ ਗਿਆ। ਇਸ ਕਿਲ੍ਹੇ ਨੇ ਸਿੱਖਾਂ ਅਤੇ ਮੁਗਲਾਂ ਦੀ ਲੜਾਈ ਵਿਚ ਵਿਸ਼ੇਸ਼ ਭੂਮਿਕਾ ਨਿਭਾਈ।

ਦਲ ਖਾਲਸਾ ਦੀ ਇਤਿਹਾਸ ਸਾਜਨਾ ਸੰਮਤ 1805 ਦੀ ਪਹਿਲੀ ਵਿਸਾਖ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਨਵਾਬ ਕਪੂਰ ਸਿੰਘ ਨੇ ਸਮੁੱਚੀਆਂ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤੀ। ਸਰਬੱਤ ਖਾਲਸੇ ਦੇ ਸਮਾਗਮ ਵਿਚ ਗੁਰਮਤਾ ਪਾਸ ਕੀਤਾ ਗਿਆ ਕਿ ਖਾਲਸਾ ਪੰਥ ਦੇ 65 ਜਥਿਆਂ ਨੂੰ ਭੰਗ ਕਰਕੇ ਸਿਰਫ ਗਿਆਰਾਂ ਜਥਿਆਂ ਉੱਪਰ ਆਧਾਰਿਤ ਦਲ ਖਾਲਸਾ ਬਣਾਇਆ ਜਾਵੇ। ਸਰਬੱਤ ਖਾਲਸੇ ਦੇ 65 ਛੋਟੇ ਛੋਟੇ ਜਥਿਆਂ ਨੂੰ ਦਲ ਖਾਲਸਾ ਦੇ ਨਾਂ ਹੇਠ 11 ਮਿਸਲਾਂ ਵਿਚ ਵੰਡ ਦਿੱਤਾ ਗਿਆ। ਸਰਬ ਸੰਮਤੀ ਨਾਲ ਸਮੂਹ ਸਿੱਖ ਜਥੇਬੰਦੀਆਂ ਨੂੰ ਆਪਣਾ ਸੁਪਰੀਮ ਕਮਾਂਡਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਚੁਣ ਲਿਆ। ਇਹ ਸੈਨਾ ਸੰਮਤ 1822 ਤੱਕ ਪੰਜਾਬ 'ਤੇ ਹੋਏ ਹਮਲਾਵਰਾਂ ਮੀਰ ਮਨੂੰ, ਅਦੀਨਾ ਬੇਗ, ਮਰਹੱਟਿਆਂ, ਅਹਿਮਦਸ਼ਾਹ ਅਬਦਾਲੀ ਦੇ ਖਿਲਾਫ ਜੂਝਦੀ ਰਹੀ ਅਤੇ ਇਨ੍ਹਾਂ ਨੇ ਮੁਗਲ ਧਾੜਵੀਆਂ ਨੂੰ ਹਰਾ ਕੇ ਪੰਜ ਦਰਿਆਵਾਂ ਦੀ ਧਰਤੀ 'ਤੇ ਗੁਰੂਆਂ ਦੇ ਹਲੇਮੀ ਰਾਜ ਦੀ ਪੁਸ਼ਟੀ ਕਰ ਦਿੱਤੀ, ਜਿਸ ਵਿਚ ਹਰ ਫਿਰਕੇ ਦੇ ਲੋਕ ਅਨੰਦਿਤ ਸਨ। ਦਲ ਖਾਲਸੇ ਨੇ ਸਾਲ ਵਿਚ ਦੋ ਮੌਕੇ ਐਸੇ ਖੁਸ਼ ਕਰ ਦਿੱਤੇ, ਜਿਨ੍ਹਾਂ 'ਤੇ ਉਹ ਅਕਾਲ ਤਖਤ ਸਾਹਿਬ ਉਪਰ ਸਰਬੱਤ ਖਾਲਸਾ ਦੇ ਰੂਪ ਵਿਚ ਇਕੱਠੇ ਹੁੰਦੇ ਸਨ। ਇਹ ਮੌਕੇ ਸਨ, ਵਿਸਾਖੀ ਅਤੇ ਦਿਵਾਲੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ 10 ਅਪ੍ਰੈਲ 1763 ਈ. ਦੀ ਵਿਸਾਖੀ 'ਤੇ ਦਲ ਖਾਲਸਾ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਇਕੱਠਾ ਹੋਇਆ ਸੀ ਤਾਂ ਉਸ ਬ੍ਰਾਹਮਣ ਨੇ ਸਰਬੱਤ ਖਾਲਸੇ ਅੱਗੇ ਫਰਿਆਦ ਕੀਤੀ ਕਿ ਉਸ ਦੀ ਪਤਨੀ ਨੂੰ ਕਸੂਰ ਦਾ ਹਾਕਮ ਉਸਮਾਨ ਖਾਨ ਜ਼ਬਰਦਸਤੀ ਚੁੱਕ ਕੇ ਲੈ ਗਿਆ ਸੀ। ਸਿੰਘਾਂ ਨੇ ਇਸ ਸੰਬੰਧ ਵਿਚ ਵਿਚਾਰ ਵਟਾਂਦਰਾ ਕੀਤਾ ਕਿ ਇਸ ਬ੍ਰਾਹਮਣ ਦੀ ਪਤਨੀ ਨੂੰ ਜ਼ਰੂਰ ਛੁਡਾਉਣਾ ਚਾਹੀਦਾ ਹੈ। ਗੁਰਮਤਾ ਹੋਇਆ ਕਿ ਇਸ ਕਾਰਜ ਨੂੰ ਸੰਪੂਰਨ ਕੀਤਾ ਜਾਵੇ। ਸਰਬੱਤ ਖਾਲਸੇ ਵਲੋਂ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਅਤੇ ਸਰਦਾਰ ਹਰੀ ਸਿੰਘ ਭੰਗੀ ਨੂੰ ਜ਼ਿੰਮੇਵਾਰੀ ਸੌਂਪੀ ਗਈ ਕਿ ਉਹ ਕਸੂਰ 'ਤੇ ਹਮਲਾ ਕਰਨ ਅਤੇ ਬ੍ਰਾਹਮਣ ਦੀ ਘਰਵਾਲੀ ਨੂੰ ਛੁਡਾ ਕੇ ਲਿਆਉਣ। ਫਲਸਰੂਪ ਦੋਵਾਂ ਸਰਦਾਰਾਂ ਨੇ ਆਪਣੇ ਜਥੇ ਲੈ ਕੇ ਕਸੂਰ 'ਤੇ ਚੜ੍ਹਾਈ ਕੀਤੀ, ਉਸਮਾਨ ਖਾਂ ਮਾਰਿਆ ਅਤੇ ਬ੍ਰਾਹਮਣ ਦੀ ਪਤਨੀ ਨੂੰ ਛੁਡਾ ਕੇ ਲੈ ਆਏ। ਜਦੋਂ ਖਾਲਸੇ ਨੇ ਬ੍ਰਾਹਮਣ ਦੀ ਪਤਨੀ ਨੂੰ ਉਸ ਦੇ ਘਰ ਭੇਜਿਆ ਤਾਂ ਅੱਗੋਂ ਉਸ ਦਾ ਪਤੀ ਬ੍ਰਾਹਮਣ ਉਸ ਨੂੰ ਦੁਬਾਰਾ ਅਪਣਾਉਣ ਤੋਂ ਇਨਕਾਰੀ ਹੋ ਗਿਆ। ਖਾਲਸੇ ਨੇ ਉਸ ਨੂੰ ਹੁਕਮ ਦਿੱਤਾ ਕਿ ਇਹ ਇਸਤਰੀ ਅੱਜ ਤੋਂ ਖਾਲਸਾ ਪੰਥ ਦੀ ਧੀ ਹੈ, ਇਸ ਲਈ ਉਸ ਨੂੰ ਹਰ ਹਾਲਤ ਵਿਚ ਅਪਣਾਉਣਾ ਪਵੇਗਾ।

10 ਅਪ੍ਰੈਲ 1765 ਦੀ ਵਿਸਾਖੀ ਨੂੰ ਸਰਬੱਤ ਖ਼ਾਲਸਾ ਦਾ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਇਕੱਠ ਹੋਇਆ ਅਤੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਕਬਜ਼ਾ ਕੀਤਾ ਜਾਵੇ। ਦਲ ਖਾਲਸੇ ਨੇ ਭੰਗੀ ਸਰਦਾਰਾਂ ਦੀ ਅਗਵਾਈ ਹੇਠ ਦੋ ਹਜ਼ਾਰ ਸਿੰਘਾਂ ਦਾ ਜਥਾ ਭੇਜ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਤਿੰਨ ਭੰਗੀ ਸਰਦਾਰਾਂ (ਹਰੀ ਸਿੰਘ, ਲਹਿਣਾ ਸਿੰਘ ਅਤੇ ਗੁਜਰ ਸਿੰਘ) ਵਿਚਕਾਰ ਵੰਡ ਦਿੱਤਾ ਅਤੇ ਖਾਲਸੇ ਦਾ ਸਿੱਕਾ ਜਾਰੀ ਕੀਤਾ ਗਿਆ। ਸਿੱਕੇ ਉਪਰ ਉਲੀਕੀ ਜਾਣ ਵਾਲੀ ਇਬਾਰਤ ਉਹੀ ਰੱਖੀ ਗਈ ਜੋ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਆਪਣੇ ਸਿੱਕਿਆਂ ਉਪਰ ਉਲੀਕੀ ਸੀ,

ਦੇਗ ਤੇਗ ਫਤਿਹ ਓ ਨੁਸਰਤਿ ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਇਸ ਦਾ ਭਾਵ ਹੈ ਕਿ ਖਾਲਸੇ ਦੀ ਰਹਿਤ ਲੰਗਰ ਦੀ ਅਮੁਕਤਾ, ਤਲਵਾਰ ਦੀ ਸਰਬਉੱਚਤਾ ਮੁਹਾਰਤ ਹੀ ਜੰਗ ਵਿਚ ਫਤਿਹ, ਅਤੇ ਅਕਾਲ ਤਖ਼ਤ ਸਾਹਿਬ ਵਿਚ ਦ੍ਰਿੜ ਵਿਸ਼ਵਾਸ ਗੁਰੂ ਗੋਬਿੰਦ ਸਿੰਘ ਤੇ ਗੁਰੂ ਨਾਨਕ ਦੇਵ ਜੀ ਦੀ ਅਪਾਰ ਬਖਸ਼ਿਸ਼ ਕਾਰਨ ਹੀ ਹੈ। ਸਿੱਕੇ ਦੇ ਦੂਜੇ ਪਾਸੇ ਦੀ ਜੋ ਇਬਾਰਤ ਸੀ, ਉਸ ਦਾ ਭਾਵ ਹੈ ਕਿ ਖਾਲਸੇ ਨੇ ਸੰਮਤ 1822 ਬਿਕਰਮੀ (1765) ਵਿਚ ਲਾਹੌਰ ਰਾਜਧਾਨੀ ਤੋਂ ਆਪਣਾ ਸਿੱਕਾ ਜਾਰੀ ਕੀਤਾ।

ਇਸ ਤੋਂ ਇਲਾਵਾ ਦੂਜਾ ਗੁਰਮਤਾ ਇਹ ਪਾਸ ਕੀਤਾ ਗਿਆ ਕਿ ਧਾੜਵੀਆਂ ਵਲੋਂ ਅਪਵਿੱਤਰ ਕੀਤੇ ਸ੍ਰੀ ਦਰਬਾਰ ਸਾਹਿਬ, ਇਸ ਦੇ ਪਵਿੱਤਰ ਸਰੋਵਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਕੀਤੀ ਜਾਵੇ। ਸਮੁੱਚੀ ਕਾਰ ਸੇਵਾ ਲਈ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਭਾਈ ਜੈ ਸਿੰਘ ਕਨਈਆ, ਭਾਈ ਤਾਰਾ ਸਿੰਘ ਘੇਬਾ ਅਤੇ ਬਾਬਾ ਚੜ੍ਹਤ ਸਿੰਘ ਸ਼ੁਕਰਚੱਕੀਆ ਦੀ ਕਮੇਟੀ ਬਣਾਈ ਗਈ।

ਪਹਿਲੀ ਵਿਸਾਖ 1859 ਵਿਸਾਖੀ ਵਾਲੇ ਦਿਨ ਲਾਹੌਰ ਕਿਲੇ ਵਿਚ ਕੌਮੀ ਨਾਇਕ ਬਾਬਾ ਸਾਹਿਬ ਸਿੰਘ ਜੀ ਦੀ ਜੋ ਕਿ ਗੁਰੂ ਨਾਨਕ ਸਾਹਿਬ ਜੀ ਅੰਸ਼ ਵੰਸ਼ ਵਿਚੋਂ ਸਨ, ਨੇ ਸਮੁੱਚੀਆਂ ਸਿੱਖ ਮਿਸਲਾਂ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਸੁਲ੍ਹਾ ਕਰਵਾ ਕੇ ਉਸ ਨੂੰ ਖ਼ਾਲਸਾ ਰਾਜ ਦਾ ਮੁਖੀ ਬਣਾਇਆ। ਇਸੇ ਦਿਨ ਖ਼ਾਲਸਾ ਰਾਜ ਦਾ ਨਾਨਕਸ਼ਾਹੀ ਸਿੱਕਾ ਵੀ ਜਾਰੀ ਕੀਤਾ ਗਿਆ। ਸੰਨ 1843 ਈ. ਨੂੰ ਵਿਸਾਖੀ ਵਾਲੇ ਦਿਨ ਬਾਬਾ ਰਾਮ ਸਿੰਘ ਨਾਮਧਾਰੀ ਨੇ ਅੰਮ੍ਰਿਤਸਰ ਵਿਖੇ ਸਿੱਖ ਕਾਨਫਰੰਸ ਸੱਦੀ, ਜਿਸ ਵਿਚ ਅੰਗਰੇਜ਼ਾਂ ਵਿਰੁੱਧ ਨਾ ਮਿਲਵਰਤਨ ਦੀ ਜਮਹੂਰੀ ਲਹਿਰ ਬਾਰੇ ਸੰਘਰਸ਼ ਸ਼ੁਰੂ ਕੀਤਾ ਗਿਆ। ਸੰਨ 1947 ਈ. ਵਿਚ ਵਿਸਾਖੀ ਦੇ ਦਿਨ ਹੀ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ 280 ਜਥੇਦਾਰਾਂ ਦੇ ਇਕ ਇਕੱਠ ਨੇ ਅਕਾਲ ਤਖਤ ਸਾਹਿਬ 'ਤੇ ਇਕੱਠੇ ਹੋ ਕੇ ਗੁਰਧਾਮਾਂ ਦੀ ਰਾਖੀ ਲਈ ਹਥਿਆਰਬੰਦ ਪ੍ਰਬੰਧ ਕਰਨ ਤੇ ਜਾਨ ਤਕ ਵਾਰਨ ਵਾਸਤੇ ਮਤਾ ਕੀਤਾ। 13 ਅਪ੍ਰੈਲ 1978 ਦੀ ਵਿਸਾਖੀ ਸਿੱਖ ਕੌਮ ਲਈ ਦੁਖਾਂਤਕ ਦਿਨ ਲੈ ਕੇ ਆਈ। ਇਸ ਦਿਨ ਨਕਲੀ ਨਿਰੰਕਾਰੀਆਂ ਨੇ ਸ਼ਾਂਤਮਈ 13 ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਕੇ ਸ਼ਹੀਦ ਕਰ ਦਿੱਤਾ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਿਸਾਖੀ ਅਤੇ ਵਿਸਾਖ ਦੌਰਾਨ ਵਾਪਰੀਆਂ ਘਟਨਾਵਾਂ ਸਿੱਖ ਇਤਿਹਾਸ ਲਈ ਵਿਸ਼ੇਸ਼ ਮਹੱਤਵ ਦੀਆਂ ਲਖਾਇਕ ਹਨ ਜਿਨ੍ਹਾਂ ਨੇ ਲਹਿਰ ਨੂੰ ਪ੍ਰਚੰਡ ਕਰਨ ਵਿਚ ਅਹਿਮ ਯੋਗਦਾਨ ਨਹੀਂ ਪਾਇਆ, ਸਗੋਂ ਸਿੱਖੀ ਦੀ ਵੱਖਰੀ ਪਛਾਣ ਨਿਸ਼ਚਿਤ ਕਰਨ ਲਈ ਵੀ ਅਹਿਮ ਯੋਗਦਾਨ ਪਾਇਆ ਹੈ। ਘਟਨਾਵਾਂ ਸਿੱਖ ਕੌਮ ਨੂੰ ਆਪਣੀ ਨਿਆਰੀ ਹੋਂਦ ਦਾ ਅਹਿਸਾਸ ਹਮੇਸ਼ਾ ਕਰਾਉਂਦੀਆਂ ਰਹਿਣਗੀਆਂ।

# ਵਿਸਾਖੀ ਦਾ ਇਤਿਹਾਸਕ ਸਰੂਪ ਕਿਉਂ ਵਿਗੜ ਰਿਹਾ ?

**ਡਾ. ਤੇਜਵੰਤ ਮਾਨ**

ਵਿਸਾਖੀ ਦਾ ਸਬੰਧ ਪੰਜਾਬੀ ਵਿੱਚ ਖੇਤੀ ਅਤੇ ਆਰਥਿਕਤਾ ਦੇ ਆਧਾਰ ਉੱਤੇ ਹਾੜ੍ਹੀ ਦੀ ਫਸਲ ਦੀ ਕਟਾਈ ਨਾਲ ਹੈ। 'ਜੱਟਾ ਆ ਗਈ ਮੇਖ, ਕੱਚੀ ਪੱਕੀ ਨਾ ਦੇਖ' ਦੀ ਲੋਕ ਉਕਤੀ ਅਨੁਸਾਰ ਕਣਕਾਂ ਦੀ ਵਢਾਈ ਦਾ ਢੋਲ ਵਜ ਜਾਂਦਾ ਹੈ। ਪੰਜਾਬ ਦੇ ਕਿਰਸਾਨ ਦੀ ਕੋਠੀ ਦਾਣੇ ਆ ਜਾਣ ਦੀ ਵੱਡੀ ਆਸ ਬੱਝਦੀ ਹੈ ਅਤੇ ਉਹ ਮੀਂਹ ਕਣੀ ਤੋਂ ਪਹਿਲਾਂ-ਪਹਿਲਾਂ ਦਾਣਾ-ਫੱਕਾ ਸੰਭਾਲਣ ਦੇ ਕਾਰਜ ਵਿੱਚ ਜੁਟ ਜਾਂਦਾ ਹੈ। ਭਰਪੂਰ ਫਸਲ ਦੇ ਆਉਣ ਦੀ ਆਸ ਉਸ ਵਿੱਚ ਹੱਸਣ-ਖੇਡਣ ਦਾ ਚਾਅ ਪੈਦਾ ਕਰਦੀ ਹੈ। ਆਪਣੇ ਮਨ ਦੇ ਚਾਉ ਨੂੰ ਪੂਰਾ ਕਰਨ ਲਈ ਅਤੇ ਮਹਾਤਮੀ ਸਰੂਪ ਵਿੱਚ ਆਪਣੇ ਇਸ਼ਟ ਗੁਰੂ ਦੇ ਸ਼ੁਕਰਾਨੇ ਲਈ ਉਹ ਮੇਲੇ ਜਾਂਦਾ ਹੈ। ਸੂਰਜ ਦੇ ਹਿਸਾਬ ਨਾਲ ਵੈਸਾਖ ਦਾ ਪਹਿਲਾ ਦਿਨ ਵਿਸਾਖੀ ਦਾ ਦਿਨ ਮੰਨਿਆ ਜਾਂਦਾ ਹੈ। ਵੈਸਾਖ ਦੀ ਸੰਗਰਾਂਦ ਨੂੰ ਮੇਖੀ ਵੀ ਕਿਹਾ ਜਾਂਦਾ ਹੈ।

ਸਮੂਹਕ ਖੁਸ਼ੀਆਂ ਮਨਾਉਣ ਦੇ ਇਸ ਸਾਮਾਜਿਕ ਵਿਵਹਾਰ ਨਾਲ ਹੌਲੀ-ਹੌਲੀ ਇਤਿਹਾਸਕ ਘਟਨਾਵਾਂ ਵੀ ਜੁੜਦੀਆਂ ਗਈਆਂ। ਵਿਸਾਖੀ ਦਾ ਇਹ ਮੇਲਾ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਵਜੋਂ ਨਾਨਕਿਆਣਾ ਸਾਹਿਬ ਵਿਖੇ ਭਰਨ ਲੱਗਾ। ਭਾਵੇਂ ਹੁਣ ਨਾਨਕਿਆਣੇ ਦੀ ਇਤਿਹਾਸਕ ਧਰਤੀ ਪਾਕਿਸਤਾਨ ਦਾ ਹਿੱਸਾ ਹੈ ਪਰ ਸਮੁੱਚੇ ਸੰਸਾਰ ਵਿੱਚੋਂ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਅਤੇ ਗੁਰਮਤਿ ਦੇ ਅਨੁਆਈ ਹਰ ਸਾਲ ਵੈਸਾਖ ਦੇ ਪਹਿਲੇ ਦਿਨ ਨੂੰ ਨਾਨਕਿਆਣਾ ਵਿਖੇ ਸੰਗਤ ਰੂਪ ਵਿੱਚ ਇਕੱਠੇ ਹੁੰਦੇ ਹਨ ਅਤੇ ਸਰੋਵਰ ਵਿੱਚ ਇਸ਼ਨਾਨ ਕਰਕੇ ਗੁਰੂ ਦਾ ਸ਼ੁਕਰਾਨਾ ਕਰਦੇ ਹਨ।

ਜਦੋਂ 1559 ਈ: ਵਿੱਚ ਗੁਰੂ ਅਮਰਦਾਸ ਜੀ ਨੇ 84 ਪਾਉੜੀਆਂ ਵਾਲੀ ਬਾਉਲੀ ਗੋਇੰਦਵਾਲ ਵਿਖੇ ਬਣਵਾਈ ਤਾਂ ਭੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਵਿਸਾਖੀ ਵਾਲੇ ਦਿਨ ਵੱਡਾ ਭਾਰੀ ਇਕੱਠ ਗੋਇੰਦਵਾਲ ਸਾਹਿਬ ਸੱਦਿਆ। ਕਿਹਾ ਜਾਂਦਾ ਹੈ ਕਿ 1571ਈ: ਦੀ ਵਿਸਾਖੀ ਦੇ ਮੌਕੇ ਅਕਬਰ ਬਾਦਸ਼ਾਹ ਨੇ ਖ਼ੁਦ ਆਪ ਗੋਇੰਦਵਾਲ ਇਸ ਪੁਰਬ 'ਤੇ ਹਾਜ਼ਰ ਹੋ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਮੁਗਲ ਬਾਦਸ਼ਾਹਤ ਦੀਆਂ ਰਾਜਸੀ ਪਾਬੰਦੀਆਂ ਕਾਰਨ ਇਹ ਵਿਸਾਖੀ ਦਾ ਮੇਲਾ ਸਥਾਨਕ ਅਨੁਸ਼ਠਾਨ ਵਿੱਚ ਤਬਦੀਲ ਹੋ ਗਿਆ। ਇਸ ਦਾ ਮਹਾਤਮ ਵੀ ਸਥਾਨਕ ਸਰੋਵਰਾਂ, ਨਦੀਆਂ ਦੇ ਨੇੜਲੇ ਧਾਰਮਿਕ ਸਥਾਨਾਂ ਨਾਲ ਜੁੜ ਗਿਆ। ਹਰ ਵਿਸਾਖੀ ਦੀ ਸੰਗਰਾਂਦ ਵਾਲੇ ਦਿਨ ਸਥਾਨਕ ਵਿਸਾਖੀ ਦੇ ਮੇਲੇ ਲੱਗਣੇ ਸ਼ੁਰੂ ਹੋ ਗਏ। 'ਵੈਸਾਖਿ ਧੀਰਨਿ ਕਿਉ ਵਾਢੀਆ' ਦੇ ਗੁਰ ਵਾਕ ਅਨੁਸਾਰ ਪੰਜਾਬ ਦੇ ਕਿਰਸਾਨ ਦੀਆਂ ਖੁਸ਼ੀਆਂ ਲਈ 'ਵੈਸਾਖ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ' ਦਾ ਮਹਾਤਮੀ ਸਰੂਪ ਪੰਜਾਬੀ ਲੋਕ-ਮਾਨਸਿਕਤਾ ਦਾ ਭਾਗ ਬਣ ਗਿਆ। ਰਾਜਸੀ ਉਥਲ-ਪੁਥਲ ਅਤੇ ਸਮੇਂ ਦੇ ਸਾਮਾਜਿਕ ਵੇਗ ਨੇ ਉਸ ਸਮੇਂ ਦੀ ਮਸੰਦ ਪਰੰਪਰਾ ਵਿੱਚ ਕਈ ਤਰ੍ਹਾਂ ਦੀਆਂ ਗਿਰਾਵਟਾਂ ਲੈ ਆਂਦੀਆਂ। ਸਿੱਟਾ ਇਹ ਕਿ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਸਾਹਿਬ ਵਿਖੇ ਕਿਲ੍ਹਾ ਕੇਸਗੜ੍ਹ ਵਾਲੀ ਥਾਂ ਇਕ ਵੱਡਾ ਭਾਰੀ ਇਕੱਠ 29 ਮਾਰਚ 1699 ਈ: ਨੂੰ ਵਿਸਾਖੀ ਵਾਲੇ ਦਿਨ ਕੀਤਾ। ਮਸੰਦ ਅਤੇ ਖਾਲਸ ਦੀ ਪਹਿਚਾਣ ਲਈ 'ਪੰਜ ਪਿਆਰਿਆਂ' ਦੀ ਪੰਚਾਇਤ ਦਾ ਸੰਕਲਪ ਸਥਾਪਤ ਕੀਤਾ। ਇਸ ਤਰ੍ਹਾਂ ਖਾਲਸਾ ਸਾਜਣਾ' ਦਾ ਕਰਾਂਤੀਕਾਰੀ ਕਾਰਜ ਵਿਸਾਖੀ ਵਾਲੇ ਦਿਨ ਸਾਧਿਆ।

ਬਾਕੀ ਸਫ਼ਾ 36 'ਤੇ

# ਵਿਸਾਖੀ ਦਾ ਮੇਲਾ



**ਪ੍ਰੋ. ਸ਼ੇਰ ਸਿੰਘ ਕੰਵਲ**

ਸਿੱਧਾਂ ਜੋਗੀਆਂ ਦੇ ਸਮੇਂ ਵਿਚ ਪੰਜਾਬ ਸਮੇਤ ਭਾਰਤ ਭਰ ਵਿਚ ਜੋਗੀ ਪੀਰ ਜਾਂ ਗੁੱਗੇ ਪੀਰ ਦੇ ਮੇਲੇ ਥਾਈਂ ਥਾਈਂ ਲਗਦੇ ਸਨ। ਵਿਸਾਖੀ ਦਾ ਮੇਲਾ ਅੱਜ ਪੰਜਾਬ ਤੇ ਦੁਨੀਆ ਜਿੱਥੇ ਕਿਤੇ ਵੀ ਪੰਜਾਬੀ ਜਾਂ ਸਿੱਖ ਵਸਦੇ ਹਨ, ਸ਼ਾਇਦ ਹੋਰਨਾਂ ਸਭ ਮੇਲਿਆਂ ਨਾਲੋਂ ਵੱਧ ਥਾਵਾਂ 'ਤੇ ਅਤੇ ਵਧੇਰੇ ਉਤਸ਼ਾਹ ਤੇ ਉਮਾਹ ਨਾਲ ਮਨਾਇਆ ਜਾਂਦਾ ਹੈ। ਮੁੱਢੋਂ ਨਿਰਸੰਦੇਹ ਵਿਸਾਖੀ ਇਕ ਮੌਸਮੀ ਤਿਓਹਾਰ ਹੈ। ਪੁਰਾਤਨ ਸਮੇਂ ਤੋਂ ਜਦੋਂ ਕਣਕ ਦੀ ਫਸਲ ਪੱਕਦੀ ਅਤੇ ਇਸ ਨੂੰ ਦਾਤੀ ਪੈਣ ਦਾ ਭਾਵ ਇਹ ਦਿਨ ਆਉਂਦਾ ਤਾਂ ਇਸ ਤਿਓਹਾਰ ਨੂੰ ਪਿੰਡੀਂ ਗਰਾਈਂ ਮੇਲਿਆਂ ਦੇ ਰੂਪ ਵਿਚ ਮਨਾਇਆ ਜਾਂਦਾ ਸੀ। ਉਦੋਂ ਇਨਾਂ ਮੇਲਿਆਂ 'ਤੇ ਨਿਰਸੰਦੇਹ ਸੱਭਿਆਚਾਰਕ ਪ੍ਰਭਾਵ ਹੀ ਹਾਵੀ ਹੁੰਦਾ ਸੀ ਅਤੇ ਮੇਲਾ ਆਉਂਦੇ ਹੀ ਹਰ ਕੋਈ ਮੇਲੇ 'ਤੇ ਜਾਣਾ ਚਾਹੁੰਦਾ ਸੀ। ਕੋਈ ਵੀ ਕਿਸੇ ਤੋਂ ਪਿੱਛੇ ਨਹੀਂ ਸੀ ਰਹਿਣਾ ਚਾਹੁੰਦਾ।

'ਆਪ ਗਏ ਵਿਸਾਖੀ। ਮੈਂ ਬਵਾਂ ਜਵਾਂ ਦੀ ਰਾਖੀ? ਤੇ ਜਦ ਗੁਰੂ ਕਾਲ ਵਿਚ ਥਾਂ ਥਾਂ ਵਿਸਾਖੀ ਦੇ ਮੇਲੇ ਲੱਗਣ ਲੱਗ ਪਏ ਤਾਂ ਸਿੱਖਾਂ ਕਹਾਣ ਘੜ ਲਿਆ; ਵਿਸਾਖੀ ਘਰ ਘਰ, ਦੀਵਾਲੀ ਅੰਮ੍ਰਿਤਸਰ।

ਪੰਜਾਬੀਆਂ ਲਈ ਵਿਸਾਖੀ ਕਣਕ ਦੀ ਵਾਢੀ ਦਾ ਤਿਓਹਾਰ ਤਾਂ ਹੈ ਹੀ ਪਰ ਸੰਨ 1699 ਦੀ ਵਿਸਾਖੀ ਦਾ ਦਿਨ ਸਿੱਖਾਂ ਲਈ ਸਿਰਾਂ ਦੀ ਵਾਢੀ ਦਾ ਦਿਨ ਹੋ ਨਿਬੜਿਆ ਜਦ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੇਸਗੜ ਦੇ ਸਥਾਨ 'ਤੇ ਕਲਗੀਧਰ ਪਿਤਾ ਨੇ ਆਪਣੀ ਕਿਰਪਾਨ ਵਿਚੋਂ ਖ਼ਾਲਸੇ ਨੂੰ ਪ੍ਰਗਟ ਕੀਤਾ ਸੀ। ਪੰਜਾਬ ਅਤੇ ਵਿਸ਼ਵ ਵਿਚ ਵਸਦੇ ਪੰਜਾਬੀਆਂ ਅਥਵਾ ਸਿੱਖਾਂ ਦੇ ਇਸ ਸਬੰਧ ਵਿਚ ਥਾਂ ਥਾਂ ਮੇਲਿਆਂ ਨੂੰ ਲਗਾਉਣ ਅਤੇ ਇਸ ਤਿਓਹਾਰ ਨੂੰ ਮਨਾਉਣ ਦਾ ਮੂਲ ਕਾਰਨ ਅੱਜ ਏਹੀ ਹੈ।

ਉਂਵ ਸਿੱਖ-ਧਰਮ ਨਾਲ ਵਿਸਾਖੀ ਦਾ ਚਿਰੋਕਣੇ ਸਮੇਂ ਤੋਂ ਹੀ ਘਣਾ ਸਬੰਧ ਹੈ। ਭਾਵੇਂ ਵਿਸਾਖੀ ਦਾ ਪਹਿਲਾ ਤਿਓਹਾਰ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਕਹਿਣ ਤੇ ਡੱਲਾ ਨਿਵਾਸੀ ਭਾਈ ਪਾਰੋ ਨੇ ਗੋਇੰਦਵਾਲ ਸਾਹਿਬ ਵਿਖੇ ਮਨਾਉਣਾ ਸ਼ੁਰੂ ਕੀਤਾ ਪਰ ਇਤਿਹਾਸ ਦੱਸਦਾ ਹੈ ਕਿ ਇਸ ਤੋਂ ਪਹਿਲੋਂ ਪਹਿਲੇ ਪਾਤਸ਼ਾਹ ਬਾਬਾ ਨਾਨਕ ਜੀ ਨੇ ਵਿਸਾਖੀ ਦੇ ਮੇਲੇ 'ਤੇ ਹੀ ਹਰਿਦੁਆਰ ਵਿਖੇ ਕਰਤਾਰਪੁਰ ਵੱਲ ਪਾਣੀ ਸੁੱਟ ਕੇ ਪੰਡਤਾਂ ਦਾ ਭਰਮ ਜਾਲ ਤੋੜਿਆ ਸੀ ਅਤੇ ਇਸੇ ਦਿਨ ਹੀ ਆਪ ਜੀ ਨੇ ਧਰਤ ਲੋਕਾਈ ਨੂੰ ਸੋਧਣ ਲਈ ਉਦਾਸੀਆਂ ਦੀ ਸ਼ੁਰੂਆਤ ਕੀਤੀ ਸੀ। ਸੰਨ 1665 'ਚ ਮੱਖਣ ਸ਼ਾਹ ਲੁਬਾਣਾ ਜੀ ਨੇ ਬਾਬਾ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਸਬੰਧੀ 'ਗੁਰੂ ਲਾਧੋ ਰੇ' ਦਾ ਪੱਲਾ ਇਸੇ ਦਿਨ ਫੇਰਿਆ ਸੀ। ਵਿਸਾਖੀ ਦੇ ਦਿਨ ਹੀ ਸੰਨ 1675 ਦਸਮ ਪਿਤਾ ਜੀ ਗੁਰਗੱਦੀ ਸੰਭਾਲਦੇ ਹਨ ਅਤੇ ਵਿਸਾਖੀ ਦੇ ਇਸੇ ਦਿਨ ਹੀ ਆਪ ਜੀ ਦਾ ਆਨੰਦ ਕਾਰਜ ਮਾਤਾ ਸੁੰਦਰੀ ਜੀ ਨਾਲ ਹੋਇਆ। ਇਸੇ ਦਿਨ ਹੀ ਸੰਨ 1714 ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣਾ-ਸਢੌਰਾ ਜਿੱਤ ਕੇ ਅੰਮ੍ਰਿਤਸਰ ਸਾਹਿਬ ਵਿਖੇ ਸ਼ਾਹੀ ਦਰਬਾਰ ਸਜਾਇਆ ਸੀ। ਸੰਨ 1721 ਨੂੰ ਤੱਤ ਖਾਲਸੇ ਤੇ ਬੰਦਈ ਖ਼ਾਲਸੇ ਦਾ ਝਗੜਾ ਵੀ ਵਿਸਾਖੀ ਨੂੰ ਹੀ ਖਤਮ ਹੋਇਆ ਸੀ। ਸੰਨ 1733 ਵਿਚ ਸ. ਕਪੂਰ ਸਿੰਘ ਫੈਜ਼ਲਪੁਰੀਏ ਨੂੰ ਨਵਾਬੀ ਵੀ ਇਸੇ ਦਿਨ ਮਿਲੀ ਸੀ। ਸੰਨ 1743 ਵਿਚ ਦੀਵਾਨ ਜਸਪਤ ਰਾਇ ਦਾ ਕਤਲ ਤੇ ਕਾਹਨੂੰਵਾਣੇ ਛੰਭ ਦਾ ਘੱਲੂਘਾਰਾ ਵਿਸਾਖੀ ਦੇ ਦਿਨ ਹੀ ਹੋਇਆ ਸੀ। ਸੰਨ 1800 ਦੀ ਵਿਸਾਖੀ ਦੇ ਦਿਨ ਹੀ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਆਪ ਨੂੰ ਮਹਾਰਾਜਾ ਐਲਾਨਿਆ ਸੀ। ਸੰਨ 1869 ਵਿਚ ਬਾਬਾ ਰਾਮ ਸਿੰਘ ਨੇ ਅੰਗਰੇਜ਼ਾਂ ਖਿਲਾਫ ਨਾ ਮਿਲਵਰਤਨ ਲਹਿਰ ਵਿਸਾਖੀ ਦੇ ਦਿਨ ਹੀ ਸ਼ੁਰੂ ਕੀਤੀ ਸੀ। ਸੰਨ 1919 ਵਿਚ ਜਨਰਲ ਡਾਇਰ ਨੇ ਜਲਿਆਂਵਾਲੇ ਬਾਗ ਵਿਚ ਨਿਹੱਥੇ ਪੰਜਾਬੀਆਂ ਦੇ ਜਲਸੇ 'ਤੇ ਗੋਲੀਆਂ ਅੰਨੇਵਾਹ ਇਸੇ ਦਿਨ ਵਰਾਈਆਂ ਸਨ ਤੇ ਸੰਨ 1978 ਦੀ ਵਿਸਾਖੀ ਦੇ ਦਿਨ ਹੀ ਅੰਮ੍ਰਿਤਸਰ ਵਿਖੇ ਨਿਰੰਕਾਰੀ ਸਾਕੇ ਵਿਚ ਸ. ਫੌਜਾ ਸਿੰਘ ਤੇ ਉਨਾਂ ਦੇ ਸਾਥੀ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ। ਇਸ ਤਰਾਂ ਹੋਰ ਵੀ ਅਨੇਕ ਸਿੱਖ ਇਤਿਹਾਸ ਨਾਲ ਸਬੰਧਤ ਘਟਨਾਵਾਂ ਹਨ ਜੋ ਵਿਸਾਖੀ ਦੇ ਦਿਨ ਵਾਪਰੀਆਂ ਪਰ ਇਕ ਗੱਲ ਪ੍ਰਤੱਖ ਹੈ ਕਿ ਪੰਥ ਅਤੇ ਪੰਜਾਬ ਦੇ ਪ੍ਰਸੰਗ ਵਿਚ ਵਿਸਾਖੀ ਦੇ ਦਿਨ 'ਤੇ ਘਟੀਆਂ ਘਟਨਾਵਾਂ ਦੀ ਲੜੀ ਵਿਚ 'ਮੇਰੁ' ਅਥਵਾ ਮਾਲਾ ਦਾ ਸ਼ਿਰੋਮਣੀ ਮਣਕਾ ਸੰਨ 1699 ਦੀ ਵਿਸਾਖੀ ਹੀ ਹੈ ਜਿਸ ਦਿਨ ਕੇਸਗੜ ਦੇ ਸਥਾਨ 'ਤੇ ਦਰਵੇਸ਼ ਪਾਤਸ਼ਾਹ ਦਸਮ ਪਿਤਾ ਨੇ ਸਭ ਜਾਤਾਂ ਵਰਣਾਂ ਦੀਆਂ ਦੀਵਾਰਾਂ ਨੂੰ ਤੋੜ ਕੇ ਪੰਚ ਪ੍ਰਣਾਲੀ ਅਤੇ ਪੰਚ ਪ੍ਰਧਾਨੀ ਖ਼ਾਲਸੇ ਦੀ ਸਿਰਜਣਾ ਕੀਤੀ ਸੀ। ਯਾਦ ਰਹੇ ਕਿ ਇਸ ਵਿਸਾਖੀ ਦੇ ਦੀਵਾਨ ਵਿਚ ਜਦ ਗੁਰਾਂ ਨੇ ਸੀਸ ਮੰਗੇ ਤਾਂ ਉਨਾਂ ਸਾਹਮਣੇ ਭਾਵੇਂ ਲਾਹੌਰ ਦਾ ਦਇਆ ਰਾਮ ਖੱਤਰੀ ਆਇਆ, ਭਾਵੇਂ ਧਰਮ ਦਾਸ ਦਿੱਲੀ ਦਾ ਜੱਟ, ਭਾਵੇਂ ਸਾਹਿਬ ਚੰਦ ਬਿਦਰ ਦਾ ਨਾਈ ਅਤੇ ਭਾਵੇਂ ਮੁਹਕਮ ਚੰਦ ਦੁਆਰਕਾ ਦਾ ਛੀਂਬਾ ਜਾਂ ਹਿੰਮਤ ਰਾਇ ਜਗਨਨਾਥ ਪੁਰੀ ਦਾ ਝੀਵਰ, ਸਤਿਗੁਰਾਂ ਨੇ ਬਿਨਾ ਉਨਾਂ ਦਾ ਜਾਤ ਗੋਤ ਤੇ ਖਿੱਤਾ ਕਿੱਤਾ ਵੇਖੇ, ਉਨਾਂ ਨੂੰ ਇਕੋ ਬਾਟੇ 'ਚੋਂ ਅੰਮ੍ਰਿਤ ਛਕਾਇਆ ਤੇ ਫਿਰ ਬੇਨਤੀ ਕਰਕੇ ਆਪ ਉਨਾਂ ਤੋਂ ਅੰਮ੍ਰਿਤ ਛਕਿਆ। ਯਾਦ ਰਹੇ ਕਿ ਸੰਸਾਰ 'ਤੇ ਸਿੱਖ ਕੌਮ ਹੀ ਇਕੋ ਕੌਮ ਹੈ ਜਿਸ ਨੂੰ ਆਪਣੇ ਜਨਮ ਦੀ ਸਹੀ ਮਿਤੀ ਦਾ ਪਤਾ ਹੈ ਤੇ ਜਿਸ ਦੇ ਰਹਿਬਰ ਅਥਵਾ ਗੁਰੂ ਨੇ ਆਪਣੇ ਆਪ ਨੂੰ ਹੀ ਉਸ ਦਾ ਚੇਲਾ ਅਥਵਾ ਚੇਰਾ ਕਿਹਾ ਹੈ।

ਅੱਜ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੇ ਸਿੱਖ, ਜਿਸ ਧਰਤੀ 'ਤੇ ਸਾਹਿਬਾਂ ਇਸ ਇਤਿਹਾਸਕ ਘਟਨਾ ਘਟਾਈ ਸੀ, ਉਸ ਦੇ ਸੰਦੇਸ਼ ਤੋਂ ਦੂਰ ਹੋ ਰਹੇ ਹਨ ਪਰ ਇਸ ਪ੍ਰਸੰਗ ਵਿਚ ਪ੍ਰਵਾਸੀ ਸਿੱਖਾਂ ਦੀ ਸਥਿਤੀ ਉਨਾਂ ਤੋਂ ਕਿਤੇ ਸੰਤੋਸ਼ ਜਨਕ ਦਿਸਦੀ ਹੈ। ਇਸ ਦੇ ਪ੍ਰਮਾਣ ਵਜੋਂ ਇਸ ਦਿਹਾੜੇ ਜਿਸ ਤਰਾਂ ਦੇ ਨਗਰ ਕੀਰਤਨ ਲੰਡਨ (ਇੰਗਲੈਂਡ), ਯੂਬਾਸਿਟੀ ਅਤੇ ਨਿਊਯਾਰਕ (ਅਮਰੀਕਾ) ਅਤੇ ਟਰਾਂਟੋ (ਕੈਨੇਡਾ) ਜਾਂ ਹੋਰ ਵੀ ਕਈ ਮੁਲਕਾਂ ਵਿਚ ਨਿਕਲਦੇ ਹਨ ਤੇ ਜਿਸ ਉਤਸ਼ਾਹ ਨਾਲ ਸਿੱਖ ਇਨਾਂ ਵਿਚ ਚਾਅ ਨਾਲ ਸ਼ਾਮਲ ਹੁੰਦੇ ਹਨ, ਇਸ ਵਿਚੋਂ ਉਨਾਂ ਦਾ ਸਿੱਖੀ ਪ੍ਰਤੀ ਪਿਆਰ-ਸਤਿਕਾਰ ਪ੍ਰਤੱਖ ਝਲਕਦਾ ਹੈ। ਸਿੱਖਾਂ ਦੀ ਅਜੋਕੀ ਵਿਦੇਸ਼ ਵਿਚ ਗਈ ਜਾਂ ਜਨਮੀ ਪੀੜੀ ਨੇ ਜਿਸ ਕਦਰ ਖ਼ਾਲਸੇ ਦੇ ਕੇਸਰੀ ਨਿਸ਼ਾਨਾਂ ਨੂੰ ਆਪਣੇ ਹੱਥਾਂ ਵਿਚ ਸੰਭਾਲਿਆ ਹੈ, ਇਹ ਵਿਸ਼ਵ ਦੀ ਦੁਮੇਲ 'ਤੇ ਸਿੱਖੀ ਦੇ ਚੜਦੇ ਸੂਰਜ ਦਾ ਪ੍ਰਸੰਸਾਜਨਕ ਸੰਕੇਤ ਹੈ। ਦਿਨ ਆਵੇਗਾ ਜਦੋਂ ਨਵੀਂ ਪੀੜੀ ਦੇ ਅੱਜ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਪੜਦੇ ਬੱਚਿਆਂ 'ਚੋਂ ਕੁਝ ਸਿੱਖੀ ਦੀ ਅਸਲ ਵਿਚਾਰਧਾਰਾ ਦੀ ਮਸ਼ਾਲ ਲੈ ਕੇ ਸਿੱਖੀ ਦੇ ਪਾਸਾਰ ਅਥਵਾ ਉਜਿਆਲੇ ਭਵਿੱਖ ਵੱਲ ਵਧਣਗੇ। ਇੰਝ ਹੀ ਆਪਣੇ ਸੱਭਿਆਚਾਰ 'ਚੋਂ ਆ ਕੇ ਓਦਰੇ ਪੰਜਾਬੀਆਂ ਦੇ ਨਵੀਂ ਪੀੜੀ ਦੇ ਬੱਚੇ ਭੰਗੜੇ-ਗਿੱਧੇ ਨੂੰ ਅਪਣਾਅ ਕੇ ਆਪਣੇ ਸੱਭਿਆਚਾਰ ਵੱਲ ਮੁੜ ਰਹੇ ਹਨ ਪਰ ਇਸ ਦੇ ਮੁਕਾਬਲੇ ਪੰਜਾਬ ਅਥਵਾ ਦੇਸ਼ ਵਿਚਲੇ ਗਵੱਈਆਂ, ਗੀਤਕਾਰਾਂ ਅਤੇ ਨੱਚਣ ਵਾਲਿਆਂ/ਵਾਲੀਆਂ ਦਾ ਰੁਝਾਨ ਨੀਵਾਣ ਵੱਲ ਜਾ ਰਿਹਾ ਹੈ।

ਨਿਰਸੰਦੇਹ ਵਿਸਾਖੀ ਦਾ ਮੂਲ ਸਥਾਨ ਸ੍ਰੀ ਆਨੰਦਪੁਰ ਸਾਹਿਬ ਹੀ ਹੈ। ਇਹ ਖ਼ਾਲਸੇ ਦਾ ਜਨਮ ਅਸਥਾਨ ਹੈ ਪਰ ਆਪਣੀ ਥੋੜੀ ਆਰਜਾ ਵਿਚ ਮਹਾਨ ਕਾਰਜਾਂ ਨੂੰ ਨੇਪਰੇ ਚਾੜਦੇ ਸਤਿਗੁਰਾਂ ਨੇ ਜ਼ਿੰਦਗੀ ਦੇ ਮਘਦੇ ਸੰਘਰਸ਼ ਵਿਚ ਆਪਣਾ ਕਮਰ ਕੱਸਾ ਖੋਲ ਜਿੱਥੇ ਕੁਝ ਦਮ ਮਾਰਿਆ ਅਥਵਾ ਆਰਾਮ-ਵਿਸ਼ਰਾਮ ਕੀਤਾ, ਉਹ ਅਸਥਾਨ ਅੱਜ ਪੰਜਾਬ ਅਤੇ ਸਿੱਖ ਇਤਿਹਾਸ ਵਿਚ ਸ੍ਰੀ ਦਮਦਮਾ ਸਾਹਿਬ ਕਰਕੇ ਪ੍ਰਸਿੱਧ ਹੈ। ਇਹ ਇਲਾਕਾ ਸ਼ਮਸਦੀਨ ਅਲਤਮਸ਼ ਦੇ ਜ਼ਮਾਨੇ ਗੁੱਜਰਾਂ ਦਾ ਹੁੰਦਾ ਸੀ। ਇਨਾਂ ਦੇ ਮੁਖੀਏ ਨੇ ਮੁਸਲਮਾਨ ਹੋ ਕੇ ਇਸ ਇਲਾਕੇ ਦੀ ਚੌਧਰ ਹਾਸਲ ਕੀਤੀ ਸੀ ਪਰ ਉਸ ਦੇ ਔਤ ਹੋਣ ਕਾਰਨ ਇਹ ਇਲਾਕਾ ਉਸ ਦੀ ਲੜਕੀ 'ਸ਼ਾਹਬੋ' ਦੇ ਹਿੱਸੇ ਆਇਆ ਤੇ ਮਗਰੋਂ ਸ਼ਾਹਬੋ ਜਾਂ 'ਸਾਬੋ ਕੀ ਤਲਵੰਡੀ' ਕਹਿਆ ਜਾਣ ਲੱਗਾ। ਦਸਮ ਪਾਤਸ਼ਾਹ ਦੇ ਸਮੇਂ ਇਸ ਤਲਵੰਡੀ ਨੇੜੇ ਅਠਤਾਲੀ ਪਿੰਡਾਂ ਦੇ ਮਾਲਕ ਚੌਧਰੀ ਸਲੇਮ ਦਾ ਪੁੱਤਰ ਡੱਲਾ ਇਸ ਇਲਾਕੇ ਦਾ ਮਾਲਕ ਸੀ। ਜਦ ਦਸਮ ਪਾਤਸ਼ਾਹ ਔਕੜਾਂ ਝਾਗਦੇ ਹੋਏ ਇਸ ਇਲਾਕੇ ਵਿਚ ਆਏ ਤਾਂ ਇਸ ਨੇ ਬੜੀ ਸ਼ਰਧਾ ਅਤੇ ਪ੍ਰੇਮ ਸਹਿਤ ਸਤਿਗੁਰਾਂ ਨੂੰ ਆਪਣੇ ਪਿੰਡ ਠਹਿਰਾਇਆ। ਮਗਰੋਂ ਇਹੀ ਡੱਲਾ ਦਸਮ ਪਿਤਾ ਤੋਂ ਅੰਮ੍ਰਿਤ ਛਕ ਕੇ ਭਾਈ ਡੱਲਾ ਸਿੰਘ ਬਣ ਕੇ ਸਿੱਖ ਜਗਤ ਵਿਚ ਪ੍ਰਸਿੱਧ ਹੋਇਆ। ਇਸ ਅਸਥਾਨ 'ਤੇ ਨਿਵਾਸ ਰੱਖਦਿਆਂ ਸਤਿਗੁਰਾਂ ਨੇ ਆਪਣੇ ਕਲਪੇ ਕਈ ਮਹਾਨ ਕਰਤਵਾਂ ਦੀ ਪੂਰਤੀ ਕੀਤੀ। ਇਥੋਂ ਹੀ ਆਪ ਜੀ ਨੇ ਸਿੱਖ ਸੰਗਤਾਂ ਦੇ ਨਾਓਂ ਹੁਕਮਨਾਮੇ ਜਾਰੀ ਕੀਤੇ ਜਿਸ ਕਰਕੇ ਇਸ ਜਗਾ ਦਾ ਨਾਮ 'ਤਖਤ ਸ੍ਰੀ ਦਮਦਮਾ ਸਾਹਿਬ' ਪਿਆ। ਇੱਥੇ ਗੁਰੂ ਸਾਹਿਬ ਨੌਂ ਮਹੀਨੇ ਨੌਂ ਦਿਨ ਠਹਿਰੇ ਸਨ। ਇਹ ਨਗਰ ਬਠਿੰਡਾ-ਰਾਮਾ ਸੜਕ 'ਤੇ ਬਠਿੰਡਾ ਤੋਂ ਤੀਹ ਕੁ ਕਿਲੋਮੀਟਰ ਤੇ ਸਥਿਤ ਹੈ। ਇਥੇ ਹੀ ਦਸਮ ਪਾਤਸ਼ਾਹ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਸੰਮਿਲਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪੂਰਨ ਕੀਤੀ ਸੀ ਅਤੇ ਇਸ ਕਾਰਜ ਉਪਰੰਤ ਬਚਦੀਆਂ ਕਲਮਾਂ ਤੇ ਸਿਆਹੀ ਸਰੋਵਰ ਪ੍ਰਵਾਹ ਕਰਕੇ ਇਸ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰ ਦਿੱਤਾ ਸੀ। ਇਥੇ ਹੀ ਦਸਮ ਪਿਤਾ ਨੇ ਚੌਧਰੀ ਡੱਲੇ ਦੇ ਸੂਰਮਿਆਂ ਦੀ ਬੰਦੂਕ ਨਾਲ ਪਰਖ ਕੀਤੀ ਸੀ। ਇਥੇ ਗੁਰੂ ਸਾਹਿਬ ਦੀਆਂ ਕਈ ਨਿਸ਼ਾਨੀਆਂ ਸਾਂਭੀਆਂ ਪਈਆਂ ਹਨ, ਜਿਨਾਂ ਵਿਚ ਇਕ ਛੋਟੇ ਅਕਾਰ ਦੀ ਬੀੜ, ਸਤਿਗੁਰੂ ਦੀ ਇਕ ਵੱਡੀ ਅਤੇ ਛੋਟੀ ਦਸਤਾਰ, ਵੱਡਾ ਤੇ ਛੋਟਾ ਚੋਲਾ, ਇਕ ਤੇਗ ਤੇ ਸ੍ਰੀ ਸਾਹਿਬ, ਸਤਿਗੁਰ ਦੇ ਬਾਜ ਦੀ ਡੋਰ ਤੇ ਆਪ ਜੀ ਦਾ ਰੇਬ ਪਜਾਮਾ ਤੇ ਇਕ ਰੇਬ ਪਜਾਮਾ ਮਾਤਾ ਸਾਹਿਬ ਕੌਰ ਜੀ ਦਾ ਸ਼ਾਮਿਲ ਹਨ। ਇਥੇ ਗੁਰੂ ਸਾਹਿਬ ਜੀ ਨੇ ਸਵਾ ਲੱਖ ਦੇ ਕਰੀਬ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਸੀ। ਉਪਰੋਕਤ ਕਾਰਨਾਂ ਅਤੇ ਇਸ ਅਸਥਾਨ ਦੀ ਭੂਗੋਲਿਕ ਸਥਿਤੀ ਕਾਰਨ ਪੰਜਾ ਵਿਚ ਵਿਸਾਖੀ ਦਾ ਪ੍ਰਮੁੱਖ ਸਥਾਨ ਸ੍ਰੀ ਦਮਦਮਾ ਸਾਹਿਬ ਹੀ ਹੈ। ਉਂਵ ਭਾਵੇਂ ਸ੍ਰੀ ਆਨੰਦਪੁਰ, ਤਖਤੂਪੁਰਾ ਅਤੇ ਹੋਰ ਅਨੇਕ ਹੀ ਸਥਾਨਾਂ 'ਤੇ ਪੰਜਾਬ ਵਿਚ ਵਿਸਾਖੀ ਪੁਰਬ ਮੇਲੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਜਿਥੇ ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਵਲੋਂ ਸ਼ਰਧਾਲੂ ਸਿੱਖਾਂ ਦਾ ਜੱਥਾ ਇਸ ਵਿਚ ਸ਼ਾਮਲ ਹੋਣ ਲਈ ਸੁਖਾਵੇਂ ਹਾਲਾਤਾਂ ਵਿਚ ਹਰ ਸਾਲ ਪਹੁੰਚਦਾ ਹੈ।

ਦਸਮ ਪਿਤਾ ਜੀ ਦੇ ਦਮਦਮਾ ਸਾਹਿਬ ਦੀ ਵਿਸਾਖੀ ਪੰਜਾਬ ਦਾ ਇਕ ਪ੍ਰਮੁੱਖ ਮੇਲਾ ਹੈ, ਜਿੱਥੇ ਦੇਸ਼ ਵਿਦੇਸ਼ 'ਚੋਂ ਸਿੱਖ ਸ਼ਰਧਾਲੂ ਬੜੇ ਚਾਅ ਉਮਾਹ ਨਾਲ ਪਹੁੰਚਦੇ ਹਨ। ਇੱਥੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਤੋਂ ਬਿਨਾਂ ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਮਾਤਾ ਸਾਹਿਬ ਕੌਰ, ਗੁਰਦੁਆਰਾ ਜੰਡਸਰ ਅਤੇ ਗੁਰਦੁਆਰਾ ਮਹੱਲਸਰ ਆਦਿਕ ਇਤਿਹਾਸਕ ਸਥਾਨ ਹਨ। ਸਾਹਿਬਾਂ ਨੇ ਇਸ ਅਸਥਾਨ ਦੀ ਸੇਵਾ ਬਾਬਾ ਦੀਪ ਸਿੰਘ ਜੀ ਨੂੰ ਸੌਂਪੀ ਸੀ, ਜੋ ਇਸ ਤਖਤ ਦੇ ਪਹਿਲੇ ਜਥੇਦਾਰ ਬਣੇ।

ਸਤਿਗੁਰਾਂ-ਵਰੋਸਾਏ ਇਸ ਪਵਿੱਤਰ ਸਕਾਨ 'ਤੇ ਲਗਦਾ ਪੰਜਾਬ ਦਾ ਇਹ ਮੇਲਾ ਵੀ ਇਕ ਦਰਸ਼ਣੀ ਮੇਲਾ ਹੈ, ਜੋ ਵੇਖਿਆਂ ਹੀ ਬਣਦਾ ਹੈ। ਸਿੱਖ ਸੰਗਤਾਂ ਪੈਦਲ ਅਤੇ ਵੱਖ ਵੱਖ ਕਿਸਮ ਦੇ ਵਾਹਨਾਂ ਤੇ ਸਵਾਰ ਹੋ ਪਹੁੰਚ ਮੇਲੇ ਵਿਚ ਅਕਹਿ-ਅਲੌਕਿਕ ਰੌਣਕਾਂ ਲਾ ਦਿੰਦੀਆਂ ਹਨ। ਸ਼ਰਧਾ-ਵਿਭੋਰ ਸਿੱਖ ਗੁਰੂ ਮਹਿਮਾ ਵਿਚ ਮਗਨ ਹੋਏ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਤੇ ਬਾਹਰ ਮੇਲੇ ਵਿਚ ਮਸਤ ਮੇਲੀ ਵੀ। ਜਿਵੇਂ ਇਹ ਮੇਲਾ ਧਰਮ ਅਤੇ ਸੱਭਿਆਚਾਰ ਦਾ ਕੋਈ ਸੁੰਦਰ ਸੰਗਤ ਹੋਵੇ ਪਰ ਹਿਹ ਸੰਗਤ ਆਮ ਕਰਕੇ ਮਗਰੋਂ ਇਕ ਤ੍ਰਿਵੈਣੀ ਦਾ ਰੂਪ ਧਾਰਨ ਕਰ ਜਾਂਦਾ ਹੈ ਜਦੋਂ ਕਈ ਸਿਆਸੀ ਪਾਰਟੀਆਂ ਇਸ ਤੇ ਸਿਆਸਤ ਦੇ ਤੰਬੂ-ਸ਼ਮਿਆਨੇ ਆਣ ਤਾਣਦੀਆਂ ਹਨ। ਉਂਵ ਇਸ ਪਵਿੱਤਰ ਅਸਥਾਨ 'ਤੇ ਵਿਸਾਖੀ ਦੇ ਇਸ ਸ਼ੁਭ ਅਵਸਰ ਤੇ ਇੱਥੇ ਸ੍ਰੀ ਅਖੰਡ ਪਾਠ ਹੋਣ ਉਪਰੰਤ ਧਾਰਮਿਕ ਦੀਵਾਨ ਸਜਦੇ ਹਨ। ਅੰਮ੍ਰਿਤ-ਸੰਚਾਰ ਹੁੰਦੇ ਹਨ। ਉੱਘੇ ਰਾਗੀ-ਢਾਡੀ ਗੁਰੂ ਜਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਹਨ। ਸ਼ਾਨਦਾਰ ਨਗਰ ਕੀਰਤਨ ਵਿਚ ਸ਼ਬਦੀ-ਜੱਥੇ ਸ਼ਬਦ ਪੜਦੇ ਅਤੇ ਸਿੰਘ ਖ਼ਾਲਸਾਈ ਖੇਡਾਂ ਦੇ ਕਰਤਬ ਦਿਖਾਉਂਦੇ ਹਨ।

ਵਿਸਾਖੀ ਦੇ ਇਸ ਦਿਨ ਦਿਹਾਰ ਨੂੰ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਿੱਖਾਂ-ਅਥਵਾ ਪੰਜਾਬੀ ਧਾਰਮਿਕ ਅਤੇ ਸੱਭਿਆਚਾਰਕ ਪੱਖੋਂ ਬੜੇ ਹੀ ਚਾਅ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਵਿਸਾਖੀ ਦੇ ਇਸ ਨਜ਼ਾਰੇ ਨੂੰ ਬੰਨਣ ਦਾ ਇਕ ਨਿਮਾਣਾ ਜਿਹਾ ਯਤਨ ਮੈਂ ਇਕ ਕਵਿਤਾ ਦੁਆਰਾ ਇੰਝ ਕੀਤਾ ਹੈ :-

ਵਿਸਾਖੀ  
ਅੱਜ ਵਈ ਵਿਸਾਖੀ ਐ।  
ਹਾਂ! ਅੱਜ ਜੀ ਵਿਸਾਖੀ ਐ।  
ਸੋਹਣੇ ਸੋਹਣੇ ਸੋਹਣ ਸਿੰਘਾਂ,  
ਸੋਹਣੇ ਸੋਹਣੇ ਮੁੱਖ ਵਿਚੋਂ  
ਕਿੰਨੀ ਸੋਹਣੀ ਆਖੀ ਐ॥  
ਅੱਜ ਵਈ ਵਿਸਾਖੀ ਐ?  
ਹਾਂ! ਅੱਜ ਜੀ ਵਿਸਾਖੀ ਐ।  
ਚੋਬਰਾਂ ਨੇ ਲੀੜਾ ਲੱਤਾ,  
ਰੂਹ ਨਾ' ਬਣਾਇਆ ਹੋਇਆ।  
ਖਿੱਚੀਆਂ ਨੇ ਟੌਹਰਾਂ,  
ਬੜੀ ਰੀਝ ਨਾਲ ਪਾਇਆ ਹੋਇਆ।  
ਗਹਿਣੇ-ਗੱਟੇ ਸੋਹਣੀਆਂ ਨੇ,  
ਅੰਗੋ ਅੰਗ ਪਾਏ ਨੇ।  
ਮਨ ਮੋਹਣੇ ਮੋਹਣੀਆਂ ਨੇ,  
ਫੰਧ ਕੀ ਬੰਧਾਏ ਨੇ।  
ਮੇਲੇ ਦੀ ਤਿਆਰੀ 'ਚ,  
ਸਰੂਰ ਜਿਹਾ ਛਾਇਆ ਏ।  
ਨਵਾਂ ਸੂਟ ਤਾਏ ਨੇ,  
ਸੁਆ ਕੇ ਤਾਜ਼ਾ ਪਾਇਆ ਏ।  
ਬਾਬਾ ਜੀ ਨੇ ਭਾਵੇਂ ਹੁਣ,  
ਮੇਲੇ ਨਹੀਓਂ ਜਾਵਣਾ।  
ਏਨਾ ਗਿਆ-ਗੁਜ਼ਰਿਆ ਨਹੀਂ,  
ਦਿਨ ਨਹੀਂ ਮਨਾਵਣਾ।  
ਆਖਿਆ ਪੁੱਤਾਂ ਨੂੰ ਸਾਊ  
ਮੇਲੇ ਤੁਸੀਂ ਜਾ ਆਓ  
ਵੇਖ ਆਵੋਂ ਮੇਲਾ  
ਤੇ ਜੁਆਕਾਂ ਨੂੰ ਵਿਖਾ ਆਓ।  
ਡੰਗਰਾਂ ਨੂੰ ਜਾਣੋਂ ਪਹਿਲਾਂ,  
ਪੱਠਾ ਦੱਥਾ ਪਾ ਜਾਇਓ।  
ਬੰਨ ਕੇ ਤੇ ਨਿੰਮ ਥੱਲੇ,  
ਪਾਣੀ ਵੀ ਵਖਾ ਜਾਇਓ।  
ਵਹੁਟੀਆਂ ਨੂੰ ਕਿਹਾ,  
ਵੰਡ ਮੱਝਾਂ ਨੂੰ ਰਲਾ ਜਿਓ।  
ਮੇਰੇ ਲਈ ਛੰਨਾ ਭਾਈ,  
ਖੀਰ ਦਾ ਬਣਾ ਜਿਓ।  
ਐਹਨੂੰ ਚੰਗੂ ਬੰਨ ਜਾਇਓ,  
ਮੁੰਡਾ ਨਾ ਤੁੜਾਵੇ ਕਿਤੇ,  
ਬੂਰੀ ਨਾਲ ਬੈਠੀ ਜਿਹੜੀ,  
ਭੈਂਗੀ ਜਿਹੀ ਲਾਖੀ ਐ।  
ਮੈਂ ਤਾਂ ਏਹੀ ਆਖਣਾ ਸੀ,  
ਮੇਲਾ ਗੇਲਾ ਵੇਖ ਆਵੋ।  
ਰਤਨੇ ਨੇ ਦੱਸਿਆ ਸੀ,  
ਅੱਜ ਵਈ ਵਿਸਾਖੀ ਐ!!  
ਆਹੋ ਵਈ ਵਿਸਾਖੀ ਐ!!

ਜਾਗਰ ਨੇ ਨਾਰਾ ਮੀਣਾ,  
ਪੁੱਜ ਕੇ ਸ਼ਿੰਗਾਰੇ ਨੇ।  
ਪਾਈਆਂ ਘੁੰਗਰਾਲਾਂ,  
ਸਿੰਗ ਚੋਪੜੇ ਸ਼ਿੰਗਾਰੇ ਨੇ।  
ਝੱਗੀਆਂ ਦੇ ਉੱਤੇ ਸ਼ੀਸ਼ੇ,  
ਕਿੰਨੇ ਸੋਹਣੇ ਲਗਦੇ...।  
ਲੋਗੜੀ ਦੇ ਝੁੱਲ ਕਿਵੇਂ,  
ਝਾਲਰਾਂ ਨਾ' ਸੱਜਦੇ।  
ਗੱਡੀਆਂ ਦੀ ਦੌੜ ਹੋਣੀ,  
ਮੇਲਾ ਮਸਾਂ ਆਇਆ ਏ।  
ਜਾਗਰ ਦਾ ਚਿੱਤ,  
ਬਿਨ ਪੀਤੇ ਨਸ਼ਿਆਇਆ ਏ।  
ਨਾਰੇ ਮੀਣੇ ਉੱਡਣਾ ਹੈ,  
ਤੀਰ ਜਿਉਂ ਕਮਾਨ 'ਚੋਂ।  
ਪਟਕਾ ਤੇ ਝੰਡੀ ਅੱਜ,  
ਲੈਣੇ ਨੇ ਮੈਦਾਨ 'ਚੋਂ।  
ਘਿਓ ਨਾਲਾਂ ਦਿੱਤੀਆਂ,  
ਤੇ ਚਾਰੀਆਂ ਨਹਾਰੀਆਂ,  
ਨਾਰੇ ਮੀਣੇ ਦੋਣੀਆਂ ਨੇ,

ਸਿਰ ਆਈਆਂ ਵਾਰੀਆਂ।
ਜਾਗਰ ਨੂੰ ਏਹੋ ਪੁੱਤ,
ਜਾਨ ਤੋਂ ਪਿਆਰੇ ਨੇ।
ਮੇਲੇ ਵਾਲੀ ਝੀਲ,
ਬਣ ਸ਼ੂਕਦੇ ਸ਼ਿਕਾਰੇ ਨੇ।
ਸ਼ੌਕੀਆਂ ਵੀ ਵੇਖ ਵੇਖ,
ਲੁੱਟਦੇ ਨਜ਼ਾਰੇ ਨੇ।
ਜਿੱਤਣਾ ਹੀ ਜਿੱਤਣਾ,
ਇਹ ਅੱਗੇ ਕਿਤੇ ਹਾਰੇ ਨੇ ?
ਸੇਰ ਲਹੂ ਵਧ ਜਾਣਾ,
ਗਜ਼ ਚੌੜੀ ਹਿੱਕ ਹੋਣੀ,
ਜਾਗਰ ਦੇ ਬਾਰੇ ਜਿਹੜੀ,
ਗੱਲ ਲੋਕਾਂ ਭਾਖੀ ਐ।
ਚਾਅ ਕਿੰਨਾ ਮੇਲੇ ਵਾਲਾ,
ਪਿੰਡ 'ਚੋਂ ਮੁੰਡੀਰ ਭੱਜੀ।
ਰਾਹ 'ਚ ਕਿਵੇਂ ਕੂਕੀ ਜਾਵੇ,
ਅੱਜ ਵਈ ਵਿਸਾਖੀ ਐ!!
ਓ ਅੱਜ ਵਈ ਵਿਸਾਖੀ ਐ!!!
ਗੱਤਕੇ ਦੇ ਪੈਂਤਰੇ ਤੇ,
ਛਾਲਾਂ ਘੋਲ ਹੋਣੇ ਨੇ।
ਬੋਰੀ ਕੌਡੀ ਦੌੜਾਂ,
ਹੋਰ ਸੈਅ ਕਲੋਲ ਹੋਣੇ ਨੇ।
ਮੋਢੇ ਨਾਲ, ਮੋਢਾ ਮੇਲੇ,
ਸੱਜਣਾਂ ਨਾ' ਵੱਜਣਾ।
ਵੇਖ ਵੇਖ ਸੱਜਣਾਂ ਨੂੰ
ਅੱਖੀਆਂ ਨਾ ਰੱਜਣਾ।
ਭੀੜ 'ਚ ਅਹੁ ਹੱਥਾਂ 'ਚੋਂ,
ਰੁਮਾਲੇ ਵੱਟੇ ਗਏ ਨੇ,
ਕਦੋਂ ਦੇ ਸੀ ਬਚਦੇ ਜੋ,
ਮੇਲੇ ਪੱਟੇ ਗਏ ਨੇ।
ਚਾਹ ਕੇ ਕਿਸੇ ਤੱਤੀਆਂ,
ਜਲੇਬੀਆਂ ਕਢਾਈਆਂ ਨੇ,
ਪੂਰ ਹੀ ਪਕੌੜਿਆਂ ਦਾ,
ਮਾਂਜਤਾ ਦੋਹ ਬਾਈਆਂ ਨੇ।
ਉੱਡ ਪਏ ਚੰਡੋਲਾਂ ਉੱਤੇ,
ਚੁੰਨੀਆਂ ਗਰਾਰੇ ਨੇ।
ਆਸ਼ਕ ਵੀ ਹੇਠਾਂ ਖੜੇ,
ਕਰਦੇ ਇਸ਼ਾਰੇ ਨੇ।
ਮੇਲੇ ਉੱਤੇ ਸ਼ਰੇਆਮ,
ਦੇਸੀ ਦਾਰੂ ਬੁੱਕਦੀ।
ਪੁਲਿਸ ਤੋਂ ਬਿਫ਼ਰੀ,
ਜਵਾਨੀ ਕਿੱਥੇ ਝੁੱਕਦੀ।
ਫਿਰਦੀਆਂ ਟੋਲੀਆਂ ਨੇ,
ਬੱਕਰੇ ਬੁਲਾਉਂਦੀਆਂ।
ਨੈਣਾਂ ਵਾਲੇ ਹੱਥਾਂ ਵਾਲੇ,
ਪੇਚੇ ਕਿਵੇਂ ਪਾਉਂਦੀਆਂ।
ਅੰਞਾਣਿਆਂ ਵੀ ਡੰਝ ਲਾਹੀ,
ਜੇਬਾਂ ਜਦੋਂ ਹੋਈਆਂ ਖਾਲੀ।
ਚਿੱਤ ਲਾਉਣ ਟਿੱਬੇ ਛੋਹੀ,
ਕੋਟਲਾ-ਛਪਾਕੀ ਐ।
ਮੁੜ ਆਇਆ ਬਚਪਨਾ,
ਜੁਆਨੀ ਹਾਏ ਚੇਤੇ ਆਈ।
ਜਦੋਂ ਪਤਾ ਲੱਗਿਆ ਕਿ,
ਅੱਜ ਜੀ ਵਿਸਾਖੀ ਐ!!
ਹਾਂ ਵਈ ਵਿਸਾਖੀ ਐ!!!



ਵਿੱਛੜ ਗਿਆ ਮੇਲਾ,
ਲੋਕੀਂ ਘਰਾਂ ਨੂੰ ਨੇ ਆਂਵਦੇ।
ਥੱਕੇ ਥੱਕੇ ਪੈਰਾਂ ਸੰਗ,
ਵਾਟ ਨੇ ਮੁਕਾਂਵਦੇ।
ਖੁਸ਼ੀ ਖੁਸ਼ੀ ਰਾਹ 'ਚ,
ਖੁੱਲੇ ਬੋਤਲਾਂ ਦੇ ਡੱਟ ਨੇ।
ਜੁੱਟ ਬਣੇ ਦੋ,
ਇਕ ਦੂਜੇ ਤੋਂ ਨਾ ਘੱਟ ਨੇ।
ਵਿਹੰਦਿਆਂ ਹੀ ਵਿਹੰਦਿਆਂ,
ਕੀ ਵਾਰਦਾਤ ਹੋਈ ਏ।
ਚੀਕਾਂ ਲਲਕਾਰਿਆਂ ਨੇ,
ਚੱਕੀ ਕੋਈ ਝੋਈ ਏ।
ਡਾਂਗ ਤੇ ਗੰਡਾਸੀ ਸੰਦੀ,
ਖੁੱਲੀ ਖੇਡ ਚੱਲੀ ਏ,
ਕਣਕਾਂ ਨੇ ਦਹਿਲੀਆਂ,
ਤੇ ਦੜੀ ਹਰ ਬੱਲੀ ਏ।
ਲਹੂ ਦੀਆਂ ਰੇਤਾਂ ਵਿਚ,
ਵੱਗੀਆਂ ਤਤੀਰੀਆਂ।
ਚੱਟੀਆਂ ਸ਼ਰਾਬ ਸਭ,
ਸ਼ੀਰੀਆਂ ਸਕੀਰੀਆਂ।
ਰੋਂਵਦੇ ਸੁਹਾਗ ਭੈਣਾ,
ਰੋਂਦੇ ਪਏ ਵੀਰ ਨੇ,
ਮਾਪੇ ਅਤੇ ਬੱਚੇ,
ਮੂਲ ਧਰਦੇ ਨਾ ਧੀਰ ਨੇ।
ਸਰਵਾ ਤੇ ਛਾ ਗਏ,
ਹਨੇਰੇ ਲੱਖ ਸੋਗ ਦੇ।
ਥੰਮਦੇ ਨਾ ਨੀਰ ਵੇਖੋ,
ਕਿੱਲੇ ਬੱਧੀ ਜੋਗ ਦੇ।
ਗੱਲ ਵਧਗੀ ਬਤੈਤ,
ਪਰੇ ਲੱਗੀ ਜਾਂ ਪਚੈਤ।
ਫੇਰ ਬੁੱਧ ਸਿਹੁੰ ਨਿਹੰਗ ਨੇ,
ਸੁਣਾਈ ਆਣ ਸਾਖੀ ਐ।
ਅਸੀਂ ਖ਼ਾਲਸਾ ਜੀ! ਰੋਕੇ,
ਅਸੀਂ ਕਿੰਨੀ ਵਾਰੀ ਟੋਕੇ,
ਤੁਸੀਂ ਮੋੜੇ ਕਦੇ ਮੁੜੇ ?
ਥੋਡੀ ਆਹਾ ਈ ਵਿਸਾਖੀ ਐ ?
ਹਲਾ ਵਈ! ਵਿਸਾਖੀ ਐ ?
ਭੁੱਲੇ ਹੋਏ ਖ਼ਾਲਸਾ ਜੀ,
ਪਿੱਛਾ ਈ ਭੁਲਾਇਆ ਹੈ।
ਅਸਲੀ ਤਿਹਾਰ ਦਾ ਤਾਂ,
ਚੇਤਾ ਹੀ ਨਾ ਆਇਆ ਹੈ।
ਯਾਦ ਥੋਨੂੰ ? ਪਿਤਾ ਜਦੋਂ
ਸੱਦੇ ਭਿਜਵਾਏ ਸੀ।
ਪ੍ਰੇਮ ਨਾਲ ਪਿਆਰੇ,
ਦੂਰ ਦੂਰ ਤੋਂ ਬੁਲਾਏ ਸੀ।
ਕੱਢ ਕਿਰਪਾਨ ਫੇਰ
ਇੰਵੇਂ ਸੀ ਵੰਗਾਰਿਆ-
'ਆਵੋ ਜੀਹਨੇ ਸੀਸ ਦੇਣਾ'
ਰੋਹ ਨਾ' ਪੁਕਾਰਿਆ।
ਨਾਈ ਛੀਂਬਾ ਝਿਊਰ
ਫੇਰ ਜੋ ਵੀ ਸਾਹਵੇਂ ਆ ਗਿਆ।
ਖੱਤਰੀ ਜਾਂ ਜੱਟ
ਸੀਸ ਦੇ ਕੇ ਸਿੱਖੀ ਪਾ ਗਿਆ।
ਅੰਮ੍ਰਿਤ ਇੱਕੋ ਬਾਟੇ ਵਿਚੋਂ,
ਸਭ ਨੂੰ ਛਕਾਇਆ ਸੀ।
ਗੁਰੂ ਕੀਤਾ ਪੰਥ ਨੂੰ,
ਤੇ ਚੇਲਾ ਅਖਵਾਇਆ ਸੀ।
ਸੰਦੇਸ਼ ਓਸ ਪਿਤਾ ਦਾ,
ਤੂੰ ਭੁੱਲ ਗਿਐਂ ਖ਼ਾਲਸਾ,
ਗੈਰ ਪੈਰੀਂ, ਤਦੇ ਹੀ ਤਾਂ
ਰੁਲ਼ ਰਿਹੈ ਖ਼ਾਲਸਾ।
ਕੌਮ ਨੂੰ ਹੈ ਲੱਗ ਗਈ,
ਚੌਧਰ ਸਿਉਂਕ ਉਏ।
ਸ਼ਾਨ ਰਹਿਜੇ ਪੰਥ ਦੀ,
ਕੋਈ ਸੋਚ ਲਾ ਵਿਊਂਤ ਉਏ।
ਭੁੱਲ ਪ੍ਰੇਮ ਦੀ ਨਾ ਤਾਨ,
ਨਾ ਓਏ ਛੱਡ ਕਿਰਪਾਨ।
ਕਰੇ ਜ਼ੁਲਮ ਦਾ ਜੁ ਨਾਸ।
ਮਜ਼ਲੂਮ ਵਾਲੀ ਰਾਖੀ ਐ।
ਆਹਾ ਸੀ ਸੁਨੇਹਾ ਦੇਣਾ।
ਗੁੱਝਾ ਪ੍ਰਤੱਖ ਜਾਣ।
ਰੰਗਲਾ ਤਿਉਹਾਰ ਕਿੰਨਾ
ਨੂਰੀ ਅਤੇ ਖਾਕੀ ਐ।
ਅੱਜ ਓਹ ਵਿਸਾਖੀ ਹੈ।
ਹਾਂ ਅੱਜ ਜੀ ਵਿਸਾਖੀ ਐ!!


ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

*"If you wish to play the Game of Love, place your head in your palm and walk on My Path."*
**- Guru Nanak Dev Ji**

# BAISAKHI 2019 CELEBRATION
## KEERTAN DARBAR & NAGAR KEERTAN



**Sunday, April 14, 2019 • 7:00 am - 6:00 pm**
**Los Angeles Convention Center**
1201 S. FIGUEROA STREET, LOS ANGELES, CA 90015

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

## AMRIT VELA PROGRAM
### GURU RAM DAS ASHRAM
1620 Preuss Rd., Los Angeles, CA 90035

3:30 am Japji Sahib
3:50 am Asa di Var
6:30 am Grand Motorcade Procession of Siri Guru Granth Sahib Ji to Convention Center

## KEERTAN DARBAR PROGRAM
Convention Center, Concourse Hall

7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests

***Children's Activities Room • Baisakhi Bazaar***
***Langar served all day***

3:00 pm Grand Procession of Siri Guru Granth Sahib Ji to the Guru's Nagar Keertan Float

## NAGAR KEERTAN PROGRAM
Gilbert Lindsey Plaza and Downtown Los Angeles
***Gatka Demonstrations, Delicious snacks served after the parade***
3:00 pm - 6:00 pm

PLEASE ATTEND WITH YOUR FAMILY AND FRIENDS! ALL ARE WELCOME

## AMRIT SANCHAR
**Saturday, April 13, 2019**
**at Guru Ram Das Ashram**

**Please call: (310) 201-0954**
*For more Baisakhi Celebration information, visit*
www.gururamdasashram.org

47975



# ਪਾਠਕਾਂ ਦਾ ਨਜ਼ਰੀਆ

## ਸਿਆਸਤਦਾਨਾਂ ਦੇ ਵਾਅਦਿਆਂ ਅਤੇ ਲਾਰਿਆਂ ਦਾ ਜਾਲ

'ਰਾਜ ਨਹੀਂ ਸੇਵਾ' ਦੇ ਨਾਂ 'ਤੇ ਸੱਤਾ ਦੀ ਕੁਰਸੀ ਪ੍ਰਾਪਤ ਕਰਨ ਲਈ ਅਤੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ ਲਈ ਸਿਆਸਤਦਾਨ ਵਾਅਦਿਆਂ ਅਤੇ ਲਾਰਿਆਂ ਦਾ ਜਾਲ ਸੁੱਟ ਕੇ ਇੱਕ ਚੁਸਤ ਸ਼ਿਕਾਰੀ ਦੀ ਤਰ੍ਹਾਂ ਵੋਟਰ ਨੂੰ ਆਪਣੇ ਜਾਲ ਵਿੱਚ ਫਸਾ ਕੇ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨ ਉਪਰੰਤ ਰਾਜ ਸਤਾ ਦਾ ਆਨੰਦ ਮਾਣਦਾ ਹੈ। ਅਕਸਰ ਬਾਅਦ ਵਿੱਚ ਵੋਟਰ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰਦਾ ਹੈ।

ਵਰਤਮਾਨ ਸਿਆਸਤ ਵਿੱਚ ਅਜਿਹੇ 'ਖਾਸ ਬੰਦਿਆਂ' ਦੀ ਗਿਣਤੀ ਬਹੁਤ ਵਧ ਗਈ ਹੈ ਅਤੇ ਹੁਣ ਉਹ ਚੋਲਾ ਬਦਲ ਕੇ ਰਾਜ ਸੱਤਾ ਭੋਗਣ ਵਾਲੀ ਪਾਰਟੀ ਵਿੱਚ ਘੁਸਪੈਠ ਕਰਨ ਲਈ ਪਰ ਤੋਲ ਰਹੇ ਹਨ। ਅਜਿਹੇ ਜ਼ਮੀਰ-ਵਿਹੂਣੇ ਵਿਅਕਤੀ ਸਮਾਜ, ਪ੍ਰਾਂਤ ਅਤੇ ਦੇਸ਼ ਲਈ ਧੱਬਾ ਹੀ ਹੁੰਦੇ ਹਨ।

*-ਮੋਹਨ ਸ਼ਰਮਾ*

## ਸਾਨੂੰ ਆਪਣੇ ਲੋਕਤੰਤਰ ਨੂੰ ਆਕਾਰ ਦੇਣਾ ਚਾਹੀਦਾ ਹੈ

ਇਸ ਦੇਸ਼ ਦੀ ਬਦਲਵੀਂ ਰਾਜਨੀਤੀ ਕੀ ਹੋਣੀ ਚਾਹੀਦੀ ਹੈ। ਇਹ ਬਦਲਵੀਂ ਰਾਜਨੀਤੀ ਸਿਰਫ ਉਤਪੀੜਨ ਦੇ ਵਿਰੁੱਧ ਲੜਾਈ ਨਹੀਂ ਹੈ, ਸਗੋਂ ਆਜ਼ਾਦੀ ਅਤੇ ਬਰਾਬਰੀ ਦੀ ਲੜਾਈ ਹੈ। ਇਹ ਸਿਰਫ ਭਾਜਪਾ-ਆਰ.ਐਸ.ਐਸ. ਦੇ ਹਿੰਦੂਤਵਵਾਦ ਦੇ ਵਿਰੁੱਧ ਨਹੀਂ ਹੈ, ਸਗੋਂ ਡਾ: ਅੰਬੇਡਕਰ ਦੇ ਸਮਾਜਿਕ ਸਮਾਵੇਸ਼ ਦੇ ਲਈ ਵੀ ਹੈ। ਇਹ ਸਿਰਫ ਇਕ ਭੀੜਤੰਤਰ ਦੇ ਵਿਰੁੱਧ ਨਹੀਂ ਹੈ, ਸਗੋਂ ਅਸਲ ਵਿਚ ਸਹਿਭਾਗੀ ਲੋਕਤੰਤਰ ਲਈ ਹੈ। ਇਹ ਮੇਰੀ ਲੜਾਈ ਨਹੀਂ ਹੈ, ਇਹ ਸਾਡੀ ਹੈ।

ਕਿਸੇ ਵੀ ਬਦਲਾਅ ਨੂੰ ਲਿਆਉਣ ਲਈ ਪਹਿਲਾ ਕਦਮ ਰਾਜਨੀਤੀ ਨੂੰ ਅਮੀਰਾਂ ਦੀ ਜੇਬ 'ਚੋਂ ਕੱਢਣਾ ਹੈ ਅਤੇ ਇਸ ਨੂੰ ਔਸਤ ਕਰਦਾਤਿਆਂ ਦੇ ਹੱਥਾਂ ਵਿਚ ਵਾਪਸ ਲਿਆਉਣਾ ਹੈ। ਇਹ ਕਰਦਾਤਾਵਾਂ ਦਾ ਅਤੇ ਉਨ੍ਹਾਂ ਦੀ ਸਰਕਾਰ ਦਾ ਧਨ ਹੈ ਪਰ ਉਨ੍ਹਾਂ ਦੇ ਮੁੱਦੇ ਸਾਡੀ ਬਹਿਸ ਤੋਂ ਪੂਰੀ ਤਰ੍ਹਾਂ ਗਾਇਬ ਹਨ। ਕਿਉਂ ? ਕਿਉਂਕਿ ਇਹ ਕਰਦਾਤਾਵਾਂ ਲਈ ਸਰਕਾਰ ਨਹੀਂ ਹੈ, ਇਹ ਅਮੀਰਾਂ ਲਈ ਚੱਲਣ ਵਾਲੀ ਇਕ ਸਿਆਸੀ ਮਸ਼ੀਨ ਹੈ। ਇਹ ਅਜਿਹੀ ਪ੍ਰਣਾਲੀ ਹੈ ਜਿਸ ਨੂੰ ਬਦਲਿਆ ਜਾਣਾ ਚਾਹੀਦਾ ਹੈ।

ਸਾਡਾ ਦੂਜਾ ਕਦਮ ਮੁੱਦਾ-ਆਧਾਰਿਤ ਬਦਲਵੀਂ ਰਾਜਨੀਤੀ ਸਥਾਪਿਤ ਕਰਨਾ ਹੈ। ਸਾਨੂੰ ਜਨਤਕ ਸਿੱਖਿਆ, ਜਨਤਕ ਸਿਹਤ ਅਤੇ ਜਨਤਕ ਬੁਨਿਆਦੀ ਢਾਂਚੇ ਦੀ ਸਥਿਤੀ ਦੀ ਗੱਲ ਕਰਨੀ ਚਾਹੀਦੀ ਹੈ। ਸਾਨੂੰ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਲਈ ਬੋਲਣਾ ਚਾਹੀਦਾ ਹੈ, ਨਾ ਸਿਰਫ ਘੱਟ-ਗਿਣਤੀਆਂ ਲਈ, ਸਗੋਂ ਟਰਾਂਸਜੈਂਡਰ ਲੋਕਾਂ ਅਤੇ ਐਲ.ਜੀ.ਬੀ.ਟੀ.ਕਿਊ ਵਰਗ ਲਈ ਵੀ। ਸਾਨੂੰ ਪਿਤਾ-ਪੁਰਖੀ ਸੱਤਾ ਦੇ ਵਿਰੁੱਧ ਅਤੇ ਅਸਹਿਮਤੀ ਦੇ ਅਧਿਕਾਰ ਲਈ ਬੋਲਣਾ ਚਾਹੀਦਾ ਹੈ। ਸਾਨੂੰ ਵਾਤਾਵਰਨ ਦੀ ਸਥਿਰਤਾ ਤੋਂ ਲੈ ਕੇ ਡਿਜੀਟਲ ਕ੍ਰਾਂਤੀ ਅਤੇ ਨਿੱਜਤਾ ਦੇ ਅਧਿਕਾਰ ਤੱਕ ਅਤੇ ਅੱਜ ਸਾਡੇ ਸਾਹਮਣੇ ਆਉਣ ਵਾਲੀਆਂ ਨਵੀਆਂ ਚੁਣੌਤੀਆਂ ਦੀ ਗੱਲ ਕਰਨੀ ਚਾਹੀਦੀ ਹੈ। ਸਭ ਤੋਂ ਮਹੱਤਵਪੂਰਨ ਇਹ ਹੈ ਕਿ ਸਾਨੂੰ ਇਸ ਬਦਲਵੀਂ ਰਾਜਨੀਤੀ ਲਈ ਮਤਦਾਨ ਕਰਨਾ ਚਾਹੀਦਾ ਹੈ।

ਅਖ਼ੀਰ ਵਿਚ, ਇਹ ਕਿ ਇਸ ਬਦਲਵੀਂ ਰਾਜਨੀਤੀ ਦੇ ਮਾਧਿਅਮ ਰਾਹੀਂ ਸਾਨੂੰ ਆਪਣੇ ਲੋਕਤੰਤਰ ਨੂੰ ਆਕਾਰ ਦੇਣਾ ਚਾਹੀਦਾ ਹੈ-ਪ੍ਰਕਿਰਿਆਤਮਕ ਤੋਂ ਭਾਗੀਦਾਰੀ ਤੱਕ। ਇਸ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਅਤੇ ਸੱਤਾ ਨਾਲ ਸੱਚ ਬੋਲਣਾ ਚਾਹੀਦਾ ਹੈ। ਇਸ ਦੇਸ਼ ਦੇ ਹਰੇਕ ਨਾਗਰਿਕ ਨੂੰ ਬੋਲਣ, ਸੰਗਠਿਤ ਹੋਣ ਅਤੇ ਚੋਣ ਲੜਨ ਦੇ ਅਧਿਕਾਰ ਲਈ ਸਹੀ ਹਿੱਸੇਦਾਰੀ ਲਈ ਖੜ੍ਹੇ ਹੋਣਾ ਚਾਹੀਦਾ ਹੈ। ਸਿਰਫ ਇਸ ਢਾਂਚੇ ਨਾਲ ਹੀ ਅਸੀਂ ਇਕ ਅਜਿਹੇ ਲੋਕਤੰਤਰ ਦਾ ਨਿਰਮਾਣ ਕਰ ਸਕਦੇ ਹਾਂ ਜੋ ਸਮੇਂ ਦੀ ਕਸੌਟੀ 'ਤੇ ਖਰਾ ਹੋਵੇ, ਇਕ ਲੋਕਤੰਤਰ ਜੋ ਭਵਿੱਖ ਦੇ ਭਾਰਤ ਨੂੰ ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਮਦਦ ਕਰੇ ਜੋ ਅਤੀਤ ਤੋਂ ਪ੍ਰਭਾਵਹੀਣ ਰਹਿੰਦੇ ਰਹੇ ਹਨ।

*-ਕਨ੍ਹੱਈਆ ਕੁਮਾਰ*

## ਮੈਂ ਤੁਹਾਡਾ ਕੰਵਰ ਨੌਨਿਹਾਲ ਬੋਲਦਾਂ...

ਜਦੋਂ ਮੈਂ ਆਪਣੇ ਪਿਤਾ ਦੀ ਚਿਖਾ ਨੂੰ ਲਾਂਬੂ ਲਗਾ ਰਿਹਾ ਸੀ ਤਾਂ ਲੋਕਾਂ ਦੇ ਬੁੱਲਾਂ ਉਪਰ ਇਹ ਸ਼ਬਦ ਲੁਕਣਮੀਚੀ ਖੇਡ ਰਹੇ ਸਨ ਕਿ ਡੋਗਰੇ ਕਹਿ ਰਹੇ ਹਨ ਕਿ ਕੰਵਰ ਨੇ ਹੀ ਆਪਣੇ ਪਿਤਾ ਖੜਕ ਸਿੰਘ ਨੂੰ ਜ਼ਹਿਰ ਦੇ ਕੇ ਖਤਮ ਕੀਤਾ ਹੈ..... ਦਾਦੇ ਸ਼ੇਰੇ ਪੰਜਾਬ ਦੀ ਗੋਦ ਵਿੱਚ ਸਿੱਖੀ ਰਾਜਨੀਤੀ ਦੀ ਸ਼ਤਰੰਜ ਦੇ ਮੋਹਰੇ ਕਿਵੇਂ ਚਾਲ ਚਲਦੇ ਆ, ਸਮਝ ਆ ਰਹੀ ਸੀ ...... ਚਿਖਾ ਨੂੰ ਅੱਗ ਤਾਂ ਲਗਾ ਹੀ ਰਿਹਾ ਸੀ, ਮੇਰੇ ਸੀਨੇ ਵਿੱਚ ਵੀ ਇਕ ਅੱਗ ਦਾ ਭਾਂਬੜ ਮੱਚ ਰਿਹਾ ਸੀ.... ਚਿਖਾ ਨੂੰ ਅੱਗ ਲਗਾ ਕੇ ਮੱਚਦੇ ਭਾਂਬੜ ਵੇਖਦਿਆਂ ਮੇਰੀਆਂ ਅੱਖਾਂ ਦੇ ਹੰਝੂ ਅੰਗਿਆਰ ਬਣਦੇ ਜਾ ਰਹੇ ਸਨ ਤੇ ਬਲਦੀਆਂ ਲਾਟਾਂ ਨਾਲ ਪ੍ਰਣ ਕਰ ਰਿਹਾ ਸੀ ਕਿ ਹੁਣ..... ਹੁਣ....ਜੇ ਕੌਮ ਨੇ ਸਾਥ ਦਿੱਤਾ ਤਾਂ ਡੋਗਰਿਆਂ ਨੂੰ ਸ਼ੇਰੇ ਪੰਜਾਬ ਦੀ ਹਿੱਕ 'ਤੇ ਨੱਚਣ ਨਹੀਂ ਦੇਣਾ।

ਇਕ ਦਮ ਧਿਆਨ ਸਿਹੁੰ ਦੇ ਭਤੀਜੇ ਊਧਮ ਸਿਹੁੰ ਨੇ ਮੈਨੂੰ ਆ ਹਲੂਣਿਆ; ਕੰਵਰ ਜੀ... ਜੋ ਹੋਣਾ ਸੀ ਹੋ ਗਿਆ... ਅਜੇ ਬਹੁਤ ਕੁਝ ਹੋਣਾ... ਚਲੋ ਵਾਪਸ ਕਿਲ੍ਹੇ ਵਿੱਚ ਚੱਲੀਏ।

ਉਸ ਦੇ ਸ਼ਬਦ ਮੈਨੂੰ ਕਈ ਕੁਝ ਸਮਝਾ ਗਏ ਅਤੇ ਮੈਨੂੰ ਉਹਦੇ ਸ਼ਬਦਾਂ ਵਿੱਚ ਸ਼ੇਰੇ ਪੰਜਾਬ ਦਾ ਖਤਮ ਹੋ ਰਿਹਾ ਵਜੂਦ ਨਜ਼ਰ ਆਇਆ... ਮੈਂ ਵੀ ਹੁਣ ਇਸ ਸ਼ਤਰੰਜ਼ ਨੂੰ ਸਮਝ ਗਿਆ ਅਤੇ ਉਸ ਦਾ ਹੱਥ ਫੜ ਕੇ ਤੁਰ ਪਿਆ... ਉਹ ਹੱਥ ਛੁਡਾ ਰਿਹਾ ਸੀ ਤੇ ਮੈਂ ਪਕੜ ਢਿੱਲੀ ਨਾ ਕੀਤੀ ਪਰ ਉਸ ਦੇ ਹੱਥ ਛਡਾਉਣ ਤੋਂ ਇਹ ਪਤਾ ਲੱਗ ਰਿਹਾ ਸੀ ਕਿ ਅਜੇ ਬਹੁਤ ਕੁਝ ਹੋਣਾ.... ਮੈਂ ਹੱਥ ਵੀ ਇਸੇ ਕਰਕੇ ਹੋਰ ਘੁੱਟਿਆ ਕਿ ਹੋਰ ਕੁਝ ਕਰਨ ਤੋਂ ਜੇ ਅੱਜ ਦਾ ਵਕਤ ਮਿਲ ਗਿਆ ਤਾਂ ਕੱਲ੍ਹ ਤੱਕ ਮੈਂ ਬਹੁਤ ਕੁਝ ਕਰ ਸਕਾਂਗਾ.... ਜਦੋਂ ਮੈਂ ਗੁਲਾਬ ਸਿੰਹੁ ਅਤੇ ਧਿਆਨ ਸਿੰਹੁ ਵੱਲ ਨਿਗ੍ਹਾ ਮਾਰੀ ਤਾਂ ਪਤਾ ਨਹੀਂ ਕਿਉਂ ਉਹਨਾਂ ਦੇ ਹਾਵ ਭਾਵ ਬਦਲੇ ਹੋਏ ਸਨ... ਮੈਂ ਊਧਮ ਸਿੰਹੁ ਦਾ ਹੱਥ ਫੜੀ ਜਦੋਂ ਕਿਲ੍ਹੇ ਦੀ ਡਿਉਢੀ ਹੇਠਾਂ ਪਹੁੰਚਿਆ ਤਾਂ ਇਕਦਮ ਧਮਾਕੇ ਦੀ ਆਵਾਜ਼ ਨਾਲ ਡਿਉਢੀ ਦਾ ਛੱਜਾ ਸਾਡੇ ਉਪਰ ਆ ਡਿੱਗਾ .... ਊਧਮ ਸਿੰਹੁ ਤਾਂ ਮੌਕੇ ਉਪਰ ਹੀ ਚਲ ਵੱਸਿਆ ਅਤੇ ਮੇਰੇ ਸਿਰ ਵਿੱਚ ਕਾਫੀ ਸੱਟ ਲੱਗੀ.... ਪਰ ਹੁਣ ਮੈਨੂੰ ਸਮਝ ਆ ਗਈ ਸੀ ਕਿ ਅੱਜ ਕੀ ਹੋਣਾ ਸੀ।

ਮੈਂ ਜਖ਼ਮੀ ਅਤੇ ਬੇਵਸ ਸੀ.... ਮੈਨੂੰ ਧਿਆਨ ਸਿੰਹੁ ਹੋਰੀਂ ਪਾਲਕੀ ਵਿੱਚ ਪਾ ਕੇ ਕਿਲ੍ਹੇ ਦੇ ਅੰਦਰ ਲੈ ਗਏ... ਮੈਂ ਜ਼ਖ਼ਮੀ ਪਿਆ ਪਾਣੀ ਦੇ ਘੁੱਟ ਨੂੰ ਤਰਸ ਰਿਹਾ ਸੀ ਪਰ ਡੋਗਰੇ ਮੇਰੇ ਸਿਰ ਵਿੱਚ ਪੱਥਰ ਮਾਰ ਰਹੇ ਸੀ... ਖ਼ੂਨ ਦੀਆਂ ਧਾਰਾਂ ਨਾਲ ਮੇਰਾ ਚਿਹਰਾ ਲਾਲ ਸੀ....ਬਸ ਦਰਦ ਹੀ ਦਰਦ.... ਮੇਰੀਆਂ ਅੱਖਾਂ ਦੀ ਰੋਸ਼ਨੀ ਮੱਧਮ ਪੈਂਦੀ ਜਾ ਰਹੀ ਸੀ... ਦਮ ਰੁਕਦਾ ਜਾ ਰਿਹਾ ਸੀ... ਇਕਦਮ ਮਹਿਸੂਸ ਹੋਇਆ ਕਿ ਮੇਰਾ ਸਿਰ ਗੁਰੂ ਦੇ ਸ਼ੁਕਰਾਨੇ ਵਿਚ ਝੁਕ ਗਿਆ...ਇਕ ਖ਼੍ਵਾਬ ਵਿਚ ਗੁਆਚ ਗਿਆ ਕਿ ਹੇ ਪਾਤਸ਼ਾਹ! ਫਿਰ ਕੀ ਹੋਇਆ ਕਿ ਮੇਰੇ ਤਨ ਦਾ ਵਿਨਾਸ਼ ਕਿਲ੍ਹੇ ਦੀ ਡਿਉਢੀ ਡਿੱਗਣ ਨਾਲ ਹੋਇਆ ਪਰ ਜਿੰਨਾ ਕੁ ਵਕਤ ਮਿਲਿਆ ਮੈਂ ਤੇਰੇ ਦਰ ਦੇ ਸਾਹਮਣੇ ਤਾਂ ਦਰਸ਼ਣੀ ਡਿਉਢੀ ਉਸਾਰ ਦਿੱਤੀ... ਮੇਰੇ ਆਖਰੀ ਪ੍ਰਾਣ ਨਿਕਲ ਰਹੇ ਸਨ ਪਰ ਮੈਂ ਸੁਰਖ਼ਰੂ ਜਿਹਾ ਮਹਿਸੂਸ ਕਰ ਰਿਹਾ ਹਾਂ ਕਿ ਗੁਰੂ ਦਰ ਉਪਰ ਬਣੀ ਡਿਉਢੀ ਨੂੰ ਦੇਖ ਮੇਰੀ ਕੌਮ ਦੇ ਵਾਰਿਸਾਂ ਦੇ ਮਨ ਵਿੱਚ ਡੋਗਰਿਆਂ ਵਲੋਂ ਮੇਰੇ ਤਨ ਉਪਰ ਸੁੱਟੀ ਡਿਉਢੀ ਵੀ ਯਾਦ ਆਵੇਗੀ....

ਪਰ ਅੱਜ ਮੇਰੀ ਰੂਹ ਕੁਰਲਾ ਉਠੀ ਕਿ ਡੋਗਰਿਆਂ ਨੇ ਉਹ ਡਿਉਢੀ ਵੀ ਢਾਹ ਸੁੱਟੀ ਜਿਸ ਨੂੰ ਸੋਚ ਮੇਰੀ ਰੂਹ ਨੂੰ ਸਕੂਨ ਮਿਲਿਆ ਸੀ...ਧਿਆਨ ਸਿੰਹੁ ਨੇ ਮੇਰੇ ਜਿਸਮ 'ਤੇ ਡਿਉਢੀ ਸੁੱਟੀ ਸੀ, ਅੱਜ ਉਸ ਦੇ ਵਾਰਿਸਾਂ ਨੇ ਮੇਰੀ ਆਤਮਾ ਉਪਰ ਡਿਉਢੀ ਸੁੱਟੀ ਹੈ।

ਸ਼ੇਰੇ ਪੰਜਾਬ ਦੇ ਸ਼ੇਰ ਵਾਰਿਸੋ ਸੋਚਿਓ......

*-ਡਾ. ਸੁਖਪ੍ਰੀਤ ਸਿੰਘ ਉਦੋਕੇ*

## ਮੋਦੀ ਬਨਾਮ ਨਕਲਾਂ

ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੋਕ ਇਹ ਆਸ ਨਹੀਂ ਕਰਦੇ ਕਿ ਉਹ ਵਿਰੋਧੀਆਂ ਦੀਆਂ ਨਕਲਾਂ ਲਾ-ਲਾ ਦਿਖਾਵੇ, ਤਾੜੀਆਂ ਮਾਰ-ਮਾਰ ਗੱਲ ਕਰੇ, ਮਿਹਣੋ-ਮਿਹਣੀ ਹੋਵੇ, ਲੋਕ ਸੰਜੀਦਗੀ ਚਾਹੁੰਦੇ ਹਨ। ਮੁੱਦਿਆਂ ਦਾ ਹੱਲ ਚਾਹੁੰਦੇ ਹਨ। ਇਹ ਵੇਲਾ ਨਕਲਾਂ ਲਾਉਣ ਅਤੇ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਦਾ ਨਹੀਂ। ਕੋਈ ਵੀ ਸਿਆਸੀ ਧਿਰ ਹੋਵੇ, ਜਿੰਨਾ ਚਿਰ ਲੋਕਾਂ ਦੇ ਮਸਲਿਆਂ ਪ੍ਰਤੀ ਗੰਭੀਰ ਨਹੀਂ, ਉਨਾ ਚਿਰ ਦੇਸ਼ ਦਾ ਕੁਝ ਨਹੀਂ ਹੋ ਸਕਦਾ। ਤੁਹਾਡੀਆਂ ਨਿੱਜੀ ਕਿੜਾਂ ਨਿੱਜੀ ਹਨ, ਦੇਸ਼ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ। ਭੰਡ ਬਣਨ ਦੀ ਥਾਂ ਜੇ ਨੇਤਾ ਲੋਕ ਸੰਜੀਦਾ ਹੋਣ, ਲੋਕ ਹਿੱਤਾਂ ਦੀਆਂ ਗੱਲਾਂ ਕਰਨ, ਬੇਰੁਜ਼ਗਾਰੀ, ਕਿਸਾਨੀ ਖੁਦਕੁਸ਼ੀਆਂ, ਭੁੱਖਮਰੀ, ਔਰਤਾਂ ਅਤੇ ਬੱਚਿਆਂ ਆਦਿ ਬਾਰੇ ਬੋਲਣ ਤੇ ਹੱਲ ਕੱਢਣ ਤਾਂ ਲੋਕ ਇਨਾਂ 'ਤੇ ਵੱਧ ਯਕੀਨ ਕਰਨ ਲੱਗਣਗੇ ਅਤੇ ਆਪਣਾ ਅਸਲੀ ਲੀਡਰ ਮੰਨਣਗੇ।

*-ਐਡਵੋਕੇਟ ਗੁਰਮੀਤ ਸ਼ੁਗਲੀ*

## ਸਰਕਾਰ ਲੋਕਾਂ ਤੋਂ ਖ਼ੌਫ਼ਜ਼ਦਾ ਕਿਉਂ ਨਹੀਂ ਹੈ ?

ਮੈਨੂੰ ਤਾਂ ਇੱਕ ਸਵਾਲ ਬਹੁਤ ਤੰਗ ਕਰਦਾ ਹੈ ਕਿ ਵਰਤਮਾਨ ਸਮਿਆਂ ਵਿੱਚ ਸਾਨੂੰ ਸਾਡੇ ਨੇੜੇ-ਤੇੜੇ ਵੱਖ ਵੱਖ ਮੌਕਿਆਂ ਜਿਵੇਂ ਦੰਗਿਆਂ, ਯੁੱਧਾਂ ਅਤੇ ਧੱਕੇਸ਼ਾਹੀਆਂ ਸਮੇਂ ਪੈਦਾ ਹੋਣ ਵਾਲੀਆਂ ਕੂਕਾਂ ਤੇ ਚੀਕਾਂ ਸੁਣਨੀਆਂ ਬੰਦ ਕਿਉਂ ਹੋ ਗਈਆਂ ਹਨ ? ਇਸ ਦਾ ਜਵਾਬ ਬਿਨਾਂ ਸ਼ੱਕ, ਇਤਿਹਾਸਕ ਪ੍ਰਸੰਗ ਤੇ ਉਸ ਦੀ ਸਮਝ ਵਿੱਚ ਹੈ ਲੇਕਿਨ ਅਸੀਂ ਘਟਨਾਵਾਂ ਨੂੰ ਇਤਿਹਾਸ ਨਾਲੋਂ ਤੋੜ ਕੇ ਸਮਝਣਾ ਚਾਹੁੰਦੇ ਹਾਂ। ਇਹੀ ਕਾਰਨ ਹੈ ਕਿ ਸਾਡੇ ਨੇੜਲੇ ਸਮਿਆਂ ਵਿੱਚ ਵਾਪਰੀਆਂ ਇੱਕੋ ਜਿਹੀਆਂ ਘਟਨਾਵਾਂ ਤੋਂ ਬਾਅਦ ਅਸੀਂ ਇੱਕੋ ਜਿਹੇ ਪ੍ਰਤੀਕਰਮ ਦਿੱਤੇ ਪਰ ਆਉਣ ਵਾਲੇ ਸਮਿਆਂ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ ਲਈ ਕੋਈ ਸਾਰਥਕ ਕਦਮ ਨਹੀਂ ਚੁੱਕੇ। ਇੱਥੇ ਕਦਮਾਂ ਦੀ ਗੱਲ ਛੱਡੋ, ਅਸੀਂ ਸਾਰਥਕ ਅਤੇ ਬਣਦੇ ਸਵਾਲ ਵੀ ਨਹੀਂ ਕੀਤੇ; ਜਿਵੇਂ ਦਾਮਨੀ ਕੇਸ, ਆਰੂਸ਼ੀ ਕਾਂਡ ਤੇ ਲੁਧਿਆਣਾ ਬਲਾਤਕਾਰ ਕਾਂਡ ਤੋਂ ਬਾਅਦ ਵੀ ਕਿਸੇ ਨੇ ਨਹੀਂ ਪੁੱਛਿਆ ਕਿ ਅਜੇ ਤੱਕ ਔਰਤ-ਸੁਰੱਖਿਆ ਲਈ ਕੋਈ ਠੋਸ ਕਦਮ ਕਿਉਂ ਨਹੀਂ ਚੁੱਕੇ ਗਏ ?

ਇਹ ਕਿਸੇ ਹੋਰ ਦਾ ਮਸਲਾ ਨਹੀਂ ਹੈ। ਇਹ ਸਾਡਾ ਸਾਰਿਆਂ ਦਾ ਮਸਲਾ ਹੈ। ਮੇਰਾ, ਤੁਹਾਡਾ ਅਤੇ ਸਮਾਜ ਦੀਆਂ ਤਮਾਮ ਔਰਤਾਂ ਦਾ ਮਸਲਾ ਹੈ। ਇੰਨਾ ਹੀ ਨਹੀਂ, ਅੱਜ ਪੰਜਾਬ ਵਿੱਚ ਵੱਡੀ ਗਿਣਤੀ ਸਰਕਾਰੀ ਨੌਕਰੀਆਂ ਦੀ ਭਰਤੀ ਠੇਕੇ ਉੱਪਰ ਕੀਤੀ ਜਾਂਦੀ ਹੈ। ਕਿਸੇ ਨੇ ਸਰਕਾਰ ਨੂੰ ਸਵਾਲ ਨਹੀਂ ਕੀਤਾ ਕਿ ਠੇਕੇ ਉੱਪਰ ਭਰਤੀ ਦਾ ਸਿਸਟਮ ਪੰਜਾਬ ਦੇ ਭਵਿੱਖ ਨੂੰ ਕਿੱਧਰ ਲੈ ਕੇ ਜਾਵੇਗਾ ? ਕਿਸੇ ਨੇ ਸਵਾਲ ਨਹੀਂ ਕੀਤਾ ਕਿ ਇਹ ਸਿਸਟਮ ਆਰਥਿਕ ਖੇਤਰ ਦੇ ਨਾਲ ਨਾਲ ਸਿੱਖਿਆ, ਸਿਹਤ, ਗਿਆਨ-ਵਿਗਿਆਨ ਅਤੇ ਤਕਨਾਲੋਜੀ ਵਿੱਚ ਪੰਜਾਬ ਦੀ ਗੁਣਵੱਤਾ ਉੱਪਰ ਕਿਹੋ ਜਿਹੇ ਦੂਰਵਰਤੀ ਪ੍ਰਭਾਵ ਪਾਏਗਾ। ਇਸੇ ਤਰ੍ਹਾਂ ਪੰਜਾਬ ਦੇ ਜਨਤਕ ਖੇਤਰਾਂ ਦਾ ਵੱਡੀ ਗਿਣਤੀ ਵਿੱਚ ਨਿੱਜੀਕਰਨ ਕੀਤਾ ਗਿਆ ਲੇਕਿਨ ਕਿਸੇ ਨੇ ਸਵਾਲ ਨਹੀਂ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਬਾਰੇ ਜਦ ਐਲਾਨ ਹੋਇਆ ਕਿ ਯੂਨੀਵਰਸਿਟੀ ਘਾਟੇ ਵਿੱਚ ਚੱਲ ਰਹੀ ਹੈ ਤਾਂ ਕਿਸੇ ਨੇ ਨਹੀਂ ਕਿਹਾ ਕਿ ਯੂਨੀਵਰਸਿਟੀਆਂ ਮੁਨਾਫ਼ੇ ਦਾ ਸਾਧਨ ਕਦੋਂ ਸਨ ? ਪੰਜਾਬ ਦਾ ਪ੍ਰਾਇਮਰੀ ਵਿੱਦਿਅਕ ਢਾਂਚਾ ਬੇਤੁਕੇ ਪ੍ਰਯੋਗਾਂ ਕਰਕੇ ਤਬਾਹ ਹੋ ਗਿਆ, ਸੈਕੰਡਰੀ ਸਕੂਲਾਂ ਦਾ ਪ੍ਰਬੰਧ ਤਬਾਹੀ ਵੱਲ ਵਧ ਰਿਹਾ ਹੈ, ਲੇਕਿਨ ਕਿਸੇ ਨੇ ਸਰਕਾਰਾਂ ਦੇ 'ਗਲ-ਗੂਠਾ' ਨਹੀਂ ਦਿੱਤਾ।

ਕਾਨੂੰਨ ਅਤੇ ਨਿਆਂ ਵਿਵਸਥਾ ਦੇ ਨਾਮ ਉੱਪਰ ਲੋਕਾਂ ਨਾਲ ਮਜ਼ਾਕ ਕੀਤਾ ਜਾਂਦਾ ਹੈ ਕਿਉਂਕਿ ਕਾਨੂੰਨ ਅਮੀਰਾਂ ਲਈ ਅਤੇ ਨਿਆਂ ਗ਼ਰੀਬਾਂ ਲਈ ਨਾ ਦੇ ਬਰਾਬਰ ਹੈ; ਲੇਕਿਨ ਕੋਈ ਸਵਾਲ ਨਹੀਂ ਕਰਦਾ। ਸਭ ਤੋਂ ਵੱਡੇ ਚੋਰ, ਭ੍ਰਿਸ਼ਟਾਚਾਰੀ, ਗੁੰਡੇ, ਬਦਮਾਸ਼, ਕਾਤਲ ਅਤੇ ਬਲਾਤਕਾਰੀ ਭਾਰਤੀ ਰਾਜਨੀਤੀ ਦੇ ਸਿਕੰਦਰ ਬਣ ਜਾਂਦੇ ਹਨ ਅਤੇ ਲੋਕ ਆਰਾਮ ਨਾਲ ਕ੍ਰਿਕਟ ਦਾ 'ਵਨ ਡੇਅ ਮੈਚ' ਦੇਖ ਕੇ ਸੌਂ ਜਾਂਦੇ ਹਨ। ਇੱਥੇ ਕਦੇ ਅਧਿਆਪਕਾਂ 'ਤੇ ਲਾਠੀਚਾਰਜ ਹੁੰਦਾ ਹੈ, ਕਦੇ ਕਿਸਾਨਾਂ ਨੂੰ ਧਰਨਿਆਂ ਉੱਪਰ ਰੋਲਿਆ ਜਾਂਦਾ ਹੈ, ਕਦੇ ਆਂਗਣਵਾੜੀ ਵਰਕਰਾਂ ਨਾਲ ਪੁਲੀਸ ਧੱਕਾ ਕਰਦੀ ਹੈ, ਕਦੇ ਨਰਸਾਂ ਪੱਕੀ ਨੌਕਰੀ ਲਈ ਸਰਕਾਰੀ ਹਸਪਤਾਲ ਦੀ ਛੱਤ ਤੋਂ ਛਾਲ ਮਾਰ ਦਿੰਦੀਆਂ ਹਨ ਤੇ ਲੋਕਾਂ ਦੇ ਕੰਨ ਉੱਪਰ ਜੂੰ ਨਹੀਂ ਸਰਕਦੀ। ਸਾਡੇ ਆਲੇ-ਦੁਆਲੇ ਦੋ ਦਿਨ ਦੀ ਬੱਚੀ ਤੋਂ ਲੈ ਕੇ ਸੌ ਸਾਲ ਦੀ ਬੁੱਢੀ ਤੱਕ ਨਾਲ ਜਬਰ ਜਨਾਹ ਹੋ ਰਿਹਾ ਹੈ, ਭੁੱਖੇ-ਨੰਗੇ ਤੋਂ ਲੈ ਕੇ ਕਰੋੜਪਤੀਆਂ ਤੱਕ ਲੁੱਟ-ਖੋਹ ਦੀਆਂ ਵਾਰਦਾਤਾਂ ਹੋ ਰਹੀਆਂ ਹਨ, ਸਾਧਾਰਨ ਬੰਦੇ ਤੋਂ ਲੈ ਕੇ ਸਮਾਜਿਕ ਕਾਰਕੁਨ, ਵਿਦਵਾਨ ਤੱਕ ਨੂੰ ਕਤਲ ਕਰ ਦਿੱਤਾ ਜਾਂਦਾ ਹੈ, ਕੱਫ਼ਣ ਤੋਂ ਲੈ ਕੇ ਜਹਾਜ਼ਾਂ ਤੱਕ ਘਪਲੇ ਰਿਕਾਰਡ ਹੋ ਜਾਂਦੇ ਹਨ, ਇੱਕ ਤੋਂ ਵੱਧ ਵਾਰ ਸਿਆਸੀ ਪਾਰਟੀਆਂ ਦੇ ਇਸ਼ਾਰਿਆਂ ਉੱਪਰ ਸੈਂਕੜੇ-ਹਜ਼ਾਰਾਂ ਲੋਕਾਂ ਦੀ ਜਾਨ ਚਲੀ ਜਾਂਦੀ ਹੈ, ਕਈ ਖਿੱਤਿਆਂ ਵਿੱਚ ਲੋਕ ਦਹਾਕਿਆਂ ਤੋਂ ਆਪਣੀ ਲੜਾਈ ਲੜਦੇ ਹੋਏ ਮਰ ਰਹੇ ਹਨ ਲੇਕਿਨ ਸਾਨੂੰ ਕੋਈ ਫ਼ਰਕ ਨਹੀਂ ਪੈਂਦਾ। ਆਖ਼ਿਰ ਕਿਉਂ ?

ਸਾਡੇ ਆਲੇ-ਦੁਆਲੇ ਦੀ ਧਰਤੀ ਲਹੂ-ਲੁਹਾਣ ਹੈ ਪਰ ਸਾਡੀ ਨਿੱਜੀ ਜ਼ਿੰਦਗੀ ਉੱਪਰ ਇਸ ਦਾ ਕੋਈ ਅਸਰ ਨਹੀਂ ਹੈ। ਸਾਡੀਆਂ ਆਵਾਜ਼ਾਂ ਚੀਕਾਂ ਵਿੱਚ ਕਦ ਬਦਲ ਗਈਆਂ ? ਅਸੀਂ ਆਪਣੇ ਬੋਲਾਂ ਦੀ ਇੱਜ਼ਤ ਅਤੇ ਅਸਰ ਕਦ ਗਵਾ ਲਏ ? ਅੱਜ ਸੰਘਰਸ਼ ਕਰਦੀਆਂ ਧਿਰਾਂ ਤੋਂ ਸਰਕਾਰ ਖ਼ੌਫ਼ਜ਼ਦਾ ਕਿਉਂ ਨਹੀਂ ਹੈ ? ਸਰਕਾਰ ਲੋਕਾਂ ਤੋਂ ਖ਼ੌਫ਼ਜ਼ਦਾ ਕਿਉਂ ਨਹੀਂ ਹੈ ? ਕੀ ਅੱਜ ਸਰਕਾਰਾਂ ਇੰਨੀਆਂ ਤਾਕਤਵਰ ਹੋ ਗਈਆਂ ਕਿ ਉਨ੍ਹਾਂ ਨੂੰ ਪੰਜਾਬ ਦੀ ਜਵਾਨੀ ਦਾ ਡਰ ਨਹੀਂ ਰਿਹਾ ਜਾਂ ਪੰਜਾਬ ਦੀ ਜਵਾਨੀ ਹੀ ਸਰਕਾਰਾਂ ਨੂੰ ਡਰਾਉਣ ਦੇ ਸਮਰੱਥ ਨਹੀਂ ਰਹੀ ? ਸਾਡੇ ਵਿਦਵਾਨ ਅਤੇ ਜੁਝਾਰੂ ਆਗੂ ਕਿੱਥੇ ਹਨ ? ਪੰਜਾਬੀਆਂ/ਭਾਰਤੀਆਂ ਨੇ ਇੱਕ ਸਮੇਂ ਤੋਂ ਬਾਅਦ ਇਤਿਹਾਸਕ ਘਟਨਾਵਾਂ ਵਿੱਚੋਂ ਪੈਦਾ ਹੋਏ ਸਵਾਲਾਂ ਨੂੰ ਮੁਖ਼ਾਤਿਬ ਹੋਣਾ ਛੱਡ ਦਿੱਤਾ ਹੋਇਆ ਹੈ। ਅਸੀਂ ਇਤਿਹਾਸਕ ਪ੍ਰਸੰਗ ਵਿੱਚ ਆਪਣੀਆਂ ਸਮੱਸਿਆਵਾਂ ਨੂੰ ਸਮਝਣ ਤੋਂ ਹਮੇਸ਼ਾ ਟਾਲਾ ਵੱਟਿਆ ਹੈ।

*-ਸਰਬਜੀਤ ਕੌਰ*
ਖੋਜਾਰਥੀ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਖ਼ਾਲਸਾ

### ਸ਼ੇਰ ਸਿੰਘ ਕੰਵਲ

(001-602-482-2276)



ਆਫ਼ਤ ਸੰਦੜੇ ਜਦੋਂ ਪਹਾੜ ਟੁੱਟੇ
ਫੜ ਲਈ ਸਿੱਖਾਂ ਨੇ ਬਾਂਹ ਕਸ਼ਮੀਰੀਆਂ ਦੀ।
ਦੁਖੀ ਬਸ਼ਰ ਲਈ ਖ਼ਾਲਸੇ ਬਹੁੜਨਾ ਹੈ
ਦਿੱਤੀ ਦਸਮੇ ਨੇ ਦਾਤ ਦਸਤਗੀਰੀਆਂ ਦੀ।
ਦੀਨ ਦੁਖੀ ਲਈ ਸੀਸ ਸਿੱਖ ਵਾਰ ਦਿੰਦੇ
ਇਸ ਚੋਂ ਝਾਕਦੀ ਝਲਕ ਅਮੀਰੀਆਂ ਦੀ।
ਜੁੱਤੀ-ਨੋਕ ਤੋਂ ਵਾਰੇ ਨਵਾਬੀਆਂ ਇਹ
ਝਾਕ ਰੱਖਦਾ ਨਾ ਘਰੇ ਵਜ਼ੀਰੀਆਂ ਦੀ।
ਸਿੱਖ ਸਦਾ ਸਰਬੱਤ ਦਾ ਭਲਾ ਮੰਗਣ
ਜਿੰਦਾਂ ਹੱਸ ਕੇ ਸੱਚ ਲਈ ਵਾਰਦੇ ਹਨ।
ਸਾਰੀ ਜਾਤ ਮਨੁੱਖ ਦੀ ਇਕ ਸਮਝਣ
ਫਿਰਕੂ ਸੋਚ ਨੂੰ ਸਦਾ ਨਕਾਰਦੇ ਹਨ।

*ਕਵਿਤਾ*

## ਸਮਾਂ ਬੋਲਣ ਦਾ ਹੈ

**-ਕਵਿੰਦਰ ਚਾਂਦ**

ਸਮਾਂ ਬੋਲਣ ਦਾ ਹੈ,
ਕਵੀਉ, ਕਲਮਕਾਰੋ, ਸੰਵੇਦਨਸ਼ੀਲ ਲੋਕੋ,
ਫਿਲਮਸਾਜ਼ੋ, ਐ ਅਦਾਕਾਰੋ!
ਸ਼ਬਦ ਖ਼ਾਮੋਸ਼ ਨੇ, ਪਹਿਰੇ 'ਚ ਨੇ,
ਕਲਮਾਂ ਦੀ ਕਿਉਂਕਰ ਜੀਭ ਠਾਕੀ ਹੈ,
ਐ ਫਨਕਾਰੋ,
ਸਮਾਂ ਬੋਲਣ ਦਾ ਹੈ,
ਬੋਲੋ!
ਬੜੀ ਦੁਬਿਧਾ 'ਚ ਨੇ ਲੋਕੀਂ,
ਤੁਹਾਡੇ ਵੱਲ ਤੱਕਦੇ ਨੇ!
ਨਹੀਂ ਤਾਂ,
ਜੋ ਦਿਖਾਇਆ ਜਾ ਰਿਹੈ,
ਉਹ ਸੱਚ ਸਮਝਣਗੇ,
ਉਹਨਾਂ ਨੂੰ ਜੋ ਸੁਣਾਇਆ ਜਾ ਰਿਹੈ,
ਪਰਵਾਨ ਹੋਵੇਗਾ,
ਸਮਾਂ ਬੋਲਣ ਦਾ ਹੈ,
ਬੋਲੋ!

ਜੇ ਹੁਣ ਬੋਲੇ ਨਹੀਂ ਤਾਂ ਫਿਰ ਕਿਸੇ ਬੋਲਣ ਨਹੀਂ ਦੇਣਾ,
ਤੇ ਉਸ ਤੋਂ ਬਾਅਦ ਫਿਰ ਬੋਲਣ ਲਈ
ਕੁਝ ਵੀ ਨਹੀਂ ਰਹਿਣਾ!

ਜ਼ੁਬਾਨਾਂ ਵਾਲਿਉ ਗੁੰਗਿਓ,
ਤੁਸਾਂ ਜੇ ਅੱਜ ਵੀ ਇਹ ਧੁੰਦਕਾਰਾ ਸਾਫ਼ ਨਹੀਂ ਕਰਨਾ,
ਤਾਂ ਫਿਰ ਇਤਿਹਾਸ ਨੇ ਸਾਨੂੰ ਤੁਹਾਨੂੰ ਮਾਫ਼ ਨਹੀਂ ਕਰਨਾ!
ਸਮਾਂ ਬੋਲਣ ਦਾ ਹੈ,
ਬੋਲੋ!

# ਖਾਲਸਾ ਪੰਥ ਦੀ ਮਾਤਾ-ਮਾਤਾ ਸਾਹਿਬ ਕੌਰ

**ਪਰਮਿੰਦਰ ਪਾਲ ਸਿੰਘ ਖਾਲਸਾ**



ਸਿੱਖ ਇਤਿਹਾਸ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਨਾਲ ਸਾਹਿਬ ਦੇਵਾਂ ਦੇ 'ਅਨੰਦ' ਦੀ ਰਸਮ ਭਾਈ ਗੁਰਬਖ਼ਸ਼ ਸਿੰਘ ਨੇ ਨਿਭਾਈ ਸੀ। ਵਿਆਹ ਤੋਂ ਬਾਅਦ ਮਾਤਾ ਸਾਹਿਬ ਦੇਈ ਅੰਮ੍ਰਿਤ ਛਕ ਕੇ ਸਾਹਿਬ ਕੌਰ ਬਣ ਗਏ। ਆਨੰਦਪੁਰ 'ਚ ਕਿਤੇ ਕਿਤੇ ਹੋਲੇ ਦੇ ਰੰਗ ਸਨ, ਕਿਤੇ ਗੁਰਪੁਰਬਾਂ ਦੇ ਦਰਬਾਰ ਸਨ ਤੇ ਕਿਤੇ ਅੰਮ੍ਰਿਤ-ਅਭਿਲਾਖੀਆਂ ਦੀਆਂ ਲੰਮੀਆਂ ਕਤਾਰਾਂ ਸਨ। ਆਨੰਦਪੁਰ ਦੇ ਇਹ ਰੰਗ ਸਾਹਿਬ ਕੌਰ ਨੇ ਵੀ ਮਾਣੇ ਤੇ ਇਤਿਹਾਸ ਨੇ ਵੀ। ਸਾਹਿਬ ਕੌਰ ਹੱਥ ਬੰਨ੍ਹੀ ਖਲੋਤੀ ਸੀ ਤੇ ਸਾਹਿਬ ਦੇ ਦਰਬਾਰ ਅੱਗੇ ਝੋਲੀ ਅੱਡ ਰਹੀ ਸੀ। ਸਾਹਿਬ ਕਹਿਣ ਲੱਗੇ, ਕੀ ਗੱਲ ਸਾਹਿਬ ਅੱਜ ਗੁਰੂ ਦਰਬਾਰ 'ਚ ਕੀ ਫਰਿਆਦ ਲੈ ਕੇ ਆਏ ਹੋ। ਸਾਹਿਬ ਕੌਰ ਨੇ ਸਾਹਿਬ ਅੱਗੇ ਇਕ ਪੁੱਤਰ ਦੀ ਯਾਚਨਾ ਦੀ ਫਰਿਆਦ ਕੀਤੀ। ਸਾਹਿਬ ਕਹਿਣ ਲੱਗੇ ਤੁਹਾਨੂੰ ਤੇ ਸਾਡੇ ਕੀਤੇ ਸੰਕਲਪ ਦਾ ਪਤਾ, ਸਾਹਿਬ ਕੌਰ ਨੇ ਕਿਹਾ ਕਿ ਔਰਤ ਪੁੱਤਰ ਯਾਚਨਾ ਤੋਂ ਬਗੈਰ ਕਿਵੇਂ ਰਹਿ ਸਕਦੀ ਹੈ। ਗੁਰੂ ਸਾਹਿਬ ਨੇ ਪਹਿਲਾਂ ਖਾਲਸੇ ਵੱਲ ਨਿਗਾਹ ਮਾਰੀ ਤੇ ਫਿਰ ਸਾਹਿਬ ਕੌਰ ਵੱਲ। ਪ੍ਰਸੰਨਤਾ ਲਹਿਜ਼ੇ ਵਿਚ ਦਸ਼ਮੇਸ਼ ਨੇ ਅਟੱਲ ਵਾਕ ਕਹੇ, "ਸਾਹਿਬ ਕੌਰ ਤੂੰ ਪੁੱਤਰ ਦੀ ਮੰਗ ਕੀਤੀ ਹੈ ਤਾਂ ਅਸੀਂ ਖਾਲਸਾ ਪੁੱਤਰ ਤੇਰੀ ਝੋਲੀ 'ਚ ਪਾਉਂਦੇ ਹਾਂ। ਜਦ ਤਕ ਦੁਨੀਆਂ 'ਤੇ ਖਾਲਸਾ ਰਹੇਗਾ, ਤੇਰਾ ਨਾਂ ਵੀ ਰਹੇਗਾ। ਤੂੰ ਖਾਲਸੇ ਦੀ ਮਾਤਾ ਹੋਵੇਂਗੀ।" ਗੁਰੂ ਸਾਹਿਬ ਦੇ ਇਹ ਵਾਕ ਕਹਿਣ ਦੀ ਦੇਰ ਸੀ ਕਿ ਇਤਿਹਾਸ ਨੇ ਮਾਤਾ ਸਾਹਿਬ ਕੌਰ ਦਾ ਨਵਾਂ ਰੂਪ ਦੇਖਿਆ। ਇਹ ਰੂਪ ਖਾਲਸੇ ਦੀ ਮਾਤਾ ਦਾ ਸੀ। ਸਮੇਂ ਦਾ ਗੇੜ ਬੜੀ ਤੇਜ਼ੀ ਨਾਲ ਘੁੰਮਿਆ। ਆਨੰਦਪੁਰ ਦੁਆਲੇ ਸ਼ਾਹੀ ਫੌਜਾਂ ਦਾ ਘੇਰਾ, ਫਿਰ ਆਨੰਦਪੁਰ 'ਚੋਂ ਗੁਰੂ ਸਮੇਤ ਸਿੱਖ-ਸੰਗਤਾਂ ਜੋਧਿਆਂ ਦਾ ਨਿਕਲਣਾ, ਆਨੰਦਪੁਰ ਵਾਸੀਆਂ ਦਾ ਤਿੰਨ ਹਿੱਸਿਆਂ 'ਚ ਵੰਡਿਆ ਜਾਣਾ ਤੇ ਫਿਰ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰ ਕੌਰ ਦਾ ਧੰਨਾ ਸਿੰਘ ਨਾਂ ਦੇ ਇਕ ਸਿੱਖ ਨਾਲ ਪਹਿਲਾਂ ਰੋਪੜ ਤੇ ਫਿਰ ਰੋਪੜ ਤੋਂ ਦਿੱਲੀ ਵਿਖੇ ਪਹੁੰਚਣਾ। ਇਤਿਹਾਸ 'ਚੋਂ ਇਹ ਘਟਨਾਵਾਂ ਏਨੀ ਤੇਜ਼ੀ ਨਾਲ ਗੁਜ਼ਰੀਆਂ ਕਿ ਪੂਰਾ ਦ੍ਰਿਸ਼ ਹੀ ਬਦਲ ਗਿਆ ਸੀ। ਗੁਰੂ ਕਿਤੇ ਸਨ, ਸਿੱਖ ਕਿਤੇ ਸਨ ਤੇ ਪਰਿਵਾਰ ਅੱਗੋਂ-ਦੋ ਤਿੰਨ ਥਾਈਂ ਵੰਡਿਆ ਗਿਆ ਸੀ। ਸਾਹਿਬ ਕੌਰ ਗੁਰੂ ਜੀ ਦੇ ਦਰਸ਼ਨਾਂ ਤੋਂ ਵਾਂਝੇ ਹੋ ਚੁੱਕੇ ਸਨ। ਵਿਛੜਨ ਤੋਂ ਬਾਅਦ ਹਾਲਾਤ ਅਜਿਹੇ ਸਨ ਕਿ ਪਤਾ ਨਹੀਂ ਸੀ ਲੱਗ ਰਿਹਾ ਕਿ ਪਰਿਵਾਰ ਕਿੱਥੇ ਹੈ, ਸਿਰ ਦੇ ਸਾਈਂ ਪਤੀ ਕਿੱਥੇ ਹਨ ਤੇ ਮੁੜ ਕੇ ਮੇਲ ਹੋਵੇਗਾ ਵੀ ਕਿ ਨਹੀਂ ਜਾਂ ਕਦੋਂ ਹੋਵੇਗਾ। ਬਿਖੜੇ ਤੇ ਕਠਿਨ ਹਾਲਾਤ ਨਾਲ ਜੂਝਦੇ ਗੁਰੂ ਜੀ ਬਠਿੰਡੇ ਦਮਦਮਾ ਸਾਹਿਬ ਪਹੁੰਚੇ ਤੇ ਮਾਤਾਵਾਂ ਨੂੰ ਜਦ ਪਤਾ ਲੱਗਿਆ ਤਾਂ ਉਹ ਵੀ ਸਿੱਖਾਂ-ਸੇਵਕਾਂ ਸਮੇਤ ਬਠਿੰਡੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਈਆਂ ਪਰ ਗੁਰੂ ਦੇ ਨਾਲ ਉਨ੍ਹਾਂ ਦੇ ਪਿਆਰੇ ਤੇ ਸਾਹਿਬਜ਼ਾਦੇ ਕਿਤੇ ਬੈਠੇ ਨਜ਼ਰ ਨਹੀਂ ਆ ਰਹੇ ਸਨ। ਮਾਤਾਵਾਂ ਨੇ ਜਦ ਗੁਰੂ ਸਾਹਿਬ ਦੇ ਮੂੰਹੋਂ ਸਾਹਿਬਜ਼ਾਦਿਆਂ ਦੀ ਕੁਰਬਾਨੀ ਤੇ ਬਦਲਦੇ ਹਾਲਾਤ ਦੀ ਵਾਰਤਾ ਸੁਣੀ ਤਾਂ ਡੂੰਘੇ ਸ਼ੋਕ ਵਿਚ ਚਲੀਆਂ ਗਈਆਂ। ਸਾਹਿਬ ਨੇ ਧਰਵਾਸ ਦਿੱਤਾ ਤੇ ਖਾਲਸੇ ਵੱਲ ਇਸ਼ਾਰਾ ਕਰ ਕੇ ਕਿਹਾ-

ਇਨ ਪੁਤ੍ਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰਿ
ਚਾਰ ਮੂਏ ਤੋ ਕਿਆ ਮੂਏ
ਜੀਵਤ ਕਈ ਹਜ਼ਾਰ॥

ਦੱਖਣ ਦੀ ਯਾਤਰਾ ਵਿਚ ਮਾਤਾ ਸਾਹਿਬ ਕੌਰ ਵੀ ਗੁਰੂ ਜੀ ਦੇ ਨਾਲ ਸਨ। ਗੁਰੂ ਜੀ ਦੇ ਆਦੇਸ਼ ਅਨੁਸਾਰ ਜਦ ਮਾਤਾ ਸਾਹਿਬ ਕੌਰ ਕੁਝ ਸਮਾਂ ਦੱਖਣ ਵਿਚ ਰਹਿ ਕੇ ਦਿੱਲੀ ਪਰਤੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੀ ਨਿਸ਼ਾਨੀ ਵਜੋਂ ਪੰਜ ਸ਼ਸਤਰ ਦਿੱਤੇ। ਇਕ ਮੁਹਰ ਦਾ ਜ਼ਿਕਰ ਵੀ ਇਤਿਹਾਸ ਨੇ ਕੀਤਾ ਹੈ ਜਿਨ੍ਹਾਂ ਦੀ ਵਰਤੋਂ ਮਾਤਾ ਜੀ ਸਮੇਂ-ਸਮੇਂ ਪੰਥ ਦੇ ਨਾਂ ਜਾਰੀ ਹੁਕਮਨਾਮਿਆਂ ਵਿਚ ਕਰਦੇ ਰਹੇ। ਮਾਤਾ ਸਾਹਿਬ ਕੌਰ ਵਾਪਸ ਦਿੱਲੀ ਮਾਤਾ ਸੁੰਦਰੀ ਪਾਸ ਆ ਗਏ ਤੇ ਪਿੱਛੇ ਇਤਿਹਾਸ ਵਿਚ ਉਹ ਸਮਾਂ ਆਇਆ ਜਦੋਂ ਦਸ਼ਮੇਸ਼ 'ਗੁਰੂ ਗ੍ਰੰਥ ਸਾਹਿਬ' ਨੂੰ ਗੁਰਗੱਦੀ ਪ੍ਰਦਾਨ ਕਰ ਤੇ ਖਾਲਸੇ ਨੂੰ ਸ਼ਬਦ ਗੁਰੂ ਦੇ ਲੜ ਲਾ ਸਚਖੰਡ ਪਿਆਨਾ ਕਰ ਗਏ। ਮਾਤਾ ਸਾਹਿਬ ਕੌਰ ਨੂੰ ਜਦੋਂ ਇਸ ਖਬਰ ਦਾ ਪਤਾ ਦਿੱਲੀ ਲੱਗਾ ਤਾਂ ਆਪਣੇ ਸਾਈਂ ਦੇ ਪਿਆਰ ਤੇ ਯਾਦ ਵਿਚ ਗੁਜ਼ਾਰੇ ਵਕਤ ਨੂੰ ਕਿਵੇਂ ਹੰਢਾਇਆ, ਇਤਿਹਾਸ ਇਸ ਅਵਸਥਾ ਦੀ ਮਾਨਸਿਕ ਤਰਜਮਾਨੀ ਨਹੀਂ ਕਰ ਸਕਦਾ। ਸਾਹਿਬ ਕੌਰ ਦਸ਼ਮੇਸ਼ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਤਕਰੀਬਨ 36 ਸਾਲ ਸਰੀਰਕ ਚੋਲੇ 'ਚ ਰਹੇ। ਇਹ ਸਾਰਾ ਸਮਾਂ ਆਪ ਜੀ ਨੇ ਮਾਤਾ ਸੁੰਦਰੀ ਜੀ ਨਾਲ ਪੰਥਕ ਕਾਰ-ਵਿਹਾਰਾਂ ਵਿਚ ਬਿਤਾਇਆ।

## ਹੁਣ ਦਾੜ੍ਹੀ ਨਹੀਂ ਰੰਗਣਗੇ ਮਨਜਿੰਦਰ ਸਿੰਘ ਸਿਰਸਾ

### ਪੰਜ ਪਿਆਰਿਆਂ ਸਨਮੁੱਖ ਮੰਗੀ ਮਾਫ਼ੀ

ਅੰਮ੍ਰਿਤਸਰ/ਏਟੀ ਨਿਊਜ਼ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਬੀਜੇਪੀ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇੜਲੇ ਭਵਿੱਖ ਵਿੱਚ ਚਿੱਟੀ ਦਾੜ੍ਹੀ ਵਾਲੇ ਨਜ਼ਰ ਆ ਸਕਦੇ ਹਨ। ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ ਕਿ ਹੁਣ ਤੱਕ ਜਿਹੜੇ ਸਿਰਸਾ ਆਪਣੀ ਦਾੜ੍ਹੀ ਰੰਗਦੇ ਆਏ ਹਨ, ਉਨ੍ਹਾਂ ਨੇ ਇਸ ਤੋਂ ਤੌਬਾ ਕਰ ਲਈ ਹੈ। ਦੱਸ ਦਈਏ ਕਿ ਬੀਤੇ ਦਿਨੀਂ ਇਸ ਸਬੰਧ ਵਿੱਚ ਸਿਰਸਾ ਦੇ ਖ਼ਿਲਾਫ ਇੱਕ ਲਿਖਤੀ ਸ਼ਿਕਾਇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੀ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਮਨਜਿੰਦਰ ਸਿੰਘ ਸਿਰਸਾ ਵੱਲੋਂ ਗੁਰਸਿੱਖ ਮਰਿਆਦਾ ਦੇ ਉਲਟ ਦਾੜ੍ਹੀ ਰੰਗੀ ਜਾ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸਿਰਸਾ ਨੂੰ ਲਿਖਤੀ ਸਪੱਸ਼ਟੀਕਰਨ ਦੇਣ ਦੇ ਹੁਕਮ ਦਿੱਤੇ ਸਨ। ਪਤਾ ਲੱਗਾ ਹੈ ਕਿ ਆਪਣੇ ਇਸ ਸਪੱਸ਼ਟੀਕਰਨ ਵਿੱਚ ਸਿਰਸਾ ਨੇ ਦਾੜ੍ਹੀ ਰੰਗਣ ਦੀ ਸ਼ਿਕਾਇਤ ਵਿੱਚ ਉਨ੍ਹਾਂ 'ਤੇ ਲਾਏ ਗਏ ਇਲਜ਼ਾਮਾਂ ਨੂੰ ਕਬੂਲ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਤੋਂ ਗੁਰੂ ਮਰਿਆਦਾ ਦੀ ਉਲੰਘਣਾ ਹੋਈ ਹੈ ਤੇ ਉਨ੍ਹਾਂ ਨੇ ਆਪਣੀ ਗਲਤੀ ਕਬੂਲ ਕਰਦਿਆਂ ਦਿੱਲੀ ਵਿਖੇ ਪੰਜ ਪਿਆਰਿਆਂ ਅੱਗੇ ਪੇਸ਼ ਹੋ ਕੇ ਇਹ ਭੁੱਲ ਬਖ਼ਸ਼ਾ ਲਈ ਹੈ। ਸਿਰਸਾ ਅਨੁਸਾਰ ਪੰਜ ਪਿਆਰਿਆਂ ਵੱਲੋਂ ਇਸ ਮੌਕੇ ਜਿਹੜੀ ਧਾਰਮਿਕ ਸਜ਼ਾ ਦਿੱਤੀ ਗਈ ਸੀ ਉਨ੍ਹਾਂ ਨੇ ਉਹ ਧਾਰਮਿਕ ਸਜ਼ਾ ਪੂਰੀ ਕਰ ਲਈ ਹੈ। ਹੁਣ ਉਹ ਪੰਥ ਨੂੰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਹ ਭਰੋਸਾ ਦਿੰਦੇ ਹਨ ਕਿ ਉਹ ਭਵਿੱਖ ਵਿੱਚ ਕਦੇ ਵੀ ਦਾੜ੍ਹੀ ਨਹੀਂ ਰੰਗਣਗੇ। ਸਿਰਸਾ ਦੇ ਇਸ ਸਪੱਸ਼ਟੀਕਰਨ ਤੋਂ ਬਾਅਦ ਹੁਣ ਚਰਚਾ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ ਬਹੁਤ ਜਲਦ ਇਸ ਮਾਮਲੇ ਵਿੱਚ ਦੋਸ਼ ਮੁਕਤ ਕਰ ਦਿੱਤਾ ਜਾਵੇਗਾ।

# ਡਾ: ਅੰਬੇਡਕਰ ਦਾ ਜੀਵਨ ਕੁਰਬਾਨੀਆਂ, ਸੰਘਰਸ਼ ਅਤੇ ਗਿਆਨ

**ਅਮਰਜੀਤ ਬੱਧਨ ਟੋਰਾਂਟੋ**

'ਮਨੁੱਖ ਨੂੰ ਜਿਉਂਦੇ ਰਹਿਣ ਲਈ ਸਿਰਫ਼ ਰੋਟੀ ਹੀ ਨਹੀਂ ਚਾਹੀਦੀ, ਸਗੋਂ ਉਸ ਦੇ ਕੋਲ ਦਿਮਾਗ਼ ਹੈ, ਜਿਸ ਨੂੰ ਵਿਚਾਰਾਂ ਦੇ ਭੋਜਨ ਦੀ ਲੋੜ ਹੈ।'

ਉਪਰੋਕਤ ਸ਼ਬਦ ਭਾਰਤ ਰਤਨ ਡਾ: ਬੀ. ਆਰ. ਅੰਬੇਡਕਰ ਦੇ ਹਨ, ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਇਕ ਮਹਾਨ ਚਿੰਤਕ ਵਜੋਂ ਵੀ ਸਤਿਕਾਰਿਆ ਜਾਂਦਾ ਹੈ। ਉਹ ਖੁੱਲ੍ਹੇ ਵਿਚਾਰਾਂ ਵਾਲੇ, ਧੁਰ ਅੰਦਰ ਤੱਕ ਲੋਕਤੰਤਰ ਪੱਖੀ ਸੋਚ ਅਤੇ ਅਮਲਾਂ ਵਾਲੇ ਅਜਿਹੇ ਇਨਸਾਨ ਸਨ, ਜਿਨ੍ਹਾਂ ਨੇ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਹੱਲਾਸ਼ੇਰੀ ਦਿੱਤੀ। ਉਹ ਵਿਹਾਰਕ ਤੇ ਸਮਾਜਿਕ ਨਿਆਂ ਵਿਚ ਵਿਸ਼ਵਾਸ ਰੱਖਦੇ ਸਨ।

14 ਅਪ੍ਰੈਲ, 1891 ਨੂੰ ਮਹਾਰਾਸ਼ਟਰ ਦੇ ਪਿੰਡ ਅੰਬਾਡਵੇ ਵਿਖੇ ਅੰਬੇਡਕਰ ਦਾ ਜਨਮ ਹੋਇਆ, ਜਿਨ੍ਹਾਂ ਦੇ ਸੰਘਰਸ਼ ਤੇ ਜੱਦੋ-ਜਹਿਦ ਨਾਲ ਦਲਿਤਾਂ ਅਤੇ ਪਿਛੜੇ ਵਰਗਾਂ ਦੇ ਜੀਵਨ ਵਿਚ ਵੱਡੀ ਤਬਦੀਲੀ ਆਈ। ਡਾ: ਅੰਬੇਡਕਰ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ 'ਬ੍ਰਿਟਿਸ਼ ਇੰਡੀਅਨ ਆਰਮੀ' 'ਚ ਨੌਕਰੀ ਕਰਦੇ ਸਨ ਤੇ ਮਾਤਾ ਭੀਮਾ ਬਾਈ ਬੜੀ ਨੇਕ ਤੇ ਸਮਝਦਾਰ ਇਸਤਰੀ ਸੀ।

17 ਸਾਲਾਂ ਦੀ ਉਮਰ 'ਚ ਉਨ੍ਹਾਂ ਦਾ ਵਿਆਹ ਰਮਾ ਬਾਈ ਨਾਲ ਹੋ ਗਿਆ, ਉਦੋਂ ਰਮਾ ਬਾਈ ਦੀ ਉਮਰ ਸਿਰਫ਼ 9 ਸਾਲ ਸੀ। ਘਰ ਦੀ ਕਮਜ਼ੋਰ ਆਰਥਿਕ ਹਾਲਤ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੁੰਬਈ ਦੇ ਐਲਫਿੰਸਟਨ ਕਾਲਜ ਤੋਂ ਬੀ. ਏ. ਪਾਸ ਕਰ ਲਈ। ਬੜੌਦਾ ਰਿਆਸਤ ਦੇ ਮਹਾਰਾਜਾ ਨੇ 1913 'ਚ ਕੁਝ ਲੜਕਿਆਂ ਨੂੰ ਉੱਚ ਵਿੱਦਿਆ ਹਾਸਲ ਕਰਨ ਲਈ ਅਮਰੀਕਾ ਭੇਜਿਆ, ਜਿਨ੍ਹਾਂ 'ਚ ਭੀਮ ਰਾਓ ਅੰਬੇਡਕਰ ਵੀ ਸਨ। 1915 'ਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੇ ਐਮ. ਏ. ਦੀ ਡਿਗਰੀ ਪ੍ਰਾਪਤ ਕਰ ਲਈ। ਅਮਰੀਕਾ ਦੇ ਆਜ਼ਾਦ, ਖ਼ੁਸ਼ਹਾਲ ਤੇ ਖੁੱਲ੍ਹੇ ਭਰੇ ਵਾਤਾਵਰਨ ਨੂੰ ਵੇਖ ਕੇ ਅੰਬੇਡਕਰ ਦਾ ਦਿਲ ਤੰਗੀਆਂ-ਤੁਰਸ਼ੀਆਂ ਸਹਿੰਦੇ, ਗੁਲਾਮੀਆਂ ਹੰਢਾਉਂਦੇ ਅਛੂਤ ਭਰਾਵਾਂ ਲਈ ਤੜਪ ਉੱਠਿਆ। ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੂੰ ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਮਿਲੀ। ਇਸ ਤਰ੍ਹਾਂ ਉਹ ਭੀਮ ਰਾਓ ਤੋਂ ਡਾ: ਭੀਮ ਰਾਓ ਅੰਬੇਡਕਰ ਬਣ ਗਏ। ਇੰਨੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਵੀ ਡਾ: ਅੰਬੇਡਕਰ ਦੀ ਜਗਿਆਸੂ ਬਿਰਤੀ ਤ੍ਰਿਪਤ ਨਹੀਂ ਹੋਈ ਸੀ, ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਪੈਸਾ ਇਕੱਠਾ ਕਰਕੇ ਲੰਦਨ ਜਾ ਕੇ ਕਾਨੂੰਨ ਤੇ ਅਰਥ-ਸ਼ਾਸਤਰ ਦੀ ਵਿਚਕਾਰ ਛੱਡੀ ਪੜ੍ਹਾਈ ਮੁਕੰਮਲ ਕੀਤੀ ਜਾਵੇ। ਇਸ ਲਈ ਉਨ੍ਹਾਂ ਨੇ ਮੁੰਬਈ ਦੇ ਇਕ ਕਾਲਜ ਅੰਦਰ ਪ੍ਰੋਫ਼ੈਸਰੀ ਕਬੂਲ ਕੀਤੀ। 1919 'ਚ ਆਪ ਨੇ ਮੂਕ-ਨਾਇਕ ਨਾਂਅ ਦਾ ਪੰਦਰਾ ਰੋਜ਼ਾ ਅਖ਼ਬਾਰ ਸ਼ੁਰੂ ਕੀਤਾ। 1920 'ਚ ਉਹ ਅਗਲੇਰੀ ਪੜ੍ਹਾਈ ਲਈ ਲੰਡਨ ਚਲੇ ਗਏ ਪਰ ਉੱਥੇ ਜਾ ਕੇ ਵੀ ਆਪਣੇ ਜ਼ਿੰਦਗੀ ਦੇ ਮਿਸ਼ਨ ਨੂੰ ਨਹੀਂ ਭੁੱਲੇ। 1923 'ਚ ਆਪ ਲੰਡਨ ਤੋਂ ਬੈਰਿਸਟਰ ਤੇ ਡਾਕਟਰ ਆਫ਼ ਫਿਲਾਸਫ਼ੀ ਬਣ ਕੇ ਪਰਤੇ।

ਸਾਲ 1930 ਦਾ ਵਰ੍ਹਾ ਭਾਰਤੀ ਇਤਿਹਾਸ 'ਚ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਇਸ ਸਾਲ ਲੰਡਨ 'ਚ ਗੋਲਮੇਜ਼ ਕਾਨਫਰੰਸ ਹੋਈ। ਡਾ: ਅੰਬੇਡਕਰ ਨੇ ਇਸ 'ਚ ਸ਼ਾਮਿਲ ਹੋ ਕੇ ਅਛੂਤਾਂ ਦੇ ਕਈ ਨੁਕਤੇ ਉਭਾਰੇ। ਇੱਥੇ ਹੀ ਮਹਾਤਮਾ ਗਾਂਧੀ ਨਾਲ ਆਪ ਦੇ ਵਿਚਾਰਧਾਰਾਈ ਵਿਰੋਧ ਪੈਦਾ ਹੋ ਗਏ। ਡਾ: ਅੰਬੇਡਕਰ ਹੱਕ-ਸੱਚ ਤੇ ਇਨਸਾਫ ਲਈ ਲੜਨ ਵਾਲੇ ਇਕ ਨਿਧੜਕ ਤੇ ਨਿਡਰ ਲੀਡਰ ਸਨ। ਉਨ੍ਹਾਂ ਸਪੱਸ਼ਟ ਸ਼ਬਦਾਂ 'ਚ ਗਾਂਧੀ ਜੀ ਨੂੰ ਇਹ ਕਹਿ ਦਿੱਤਾ ਕਿ ਕਾਂਗਰਸ ਨੇ ਅਛੂਤਾਂ ਦੇ ਮਸਲੇ ਨੂੰ ਮਾਨਤਾ ਦੇਣ ਦੇ ਸਿਵਾਏ ਕੁਝ ਨਹੀਂ ਕੀਤਾ।

ਬਾਬਾ ਸਾਹਿਬ ਦਾ ਪਰਿਵਾਰਕ ਜੀਵਨ ਹਮੇਸ਼ਾ ਹੀ ਦੁਖਦਾਈ ਰਿਹਾ। ਬਚਪਨ ਵਿਚ ਆਪ ਨੇ ਅੰਤ ਦੀ ਗਰੀਬੀ ਭੋਗੀ। ਸ਼ਾਦੀ ਤੋਂ ਬਾਅਦ ਆਪ ਦੇ ਚਾਰ ਬੱਚੇ ਚਲਾਣਾ ਕਰ ਗਏ। 27 ਮਈ, 1935 ਨੂੰ ਉਨ੍ਹਾਂ 'ਤੇ ਜਿਵੇਂ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ। ਇਸ ਦਿਨ ਆਪ ਦੀ ਧਰਮਪਤਨੀ ਇਸ ਦੁਨੀਆ ਨੂੰ ਅਲਵਿਦਾ ਕਹਿ ਸਦਾ ਲਈ ਆਪ ਨੂੰ ਵਿਛੋੜਾ ਦੇ ਗਈ। ਸੰਨ 1956 'ਚ ਡਾ: ਅੰਬੇਡਕਰ ਸਾਹਿਬ ਨੇ ਬੀ.ਬੀ.ਸੀ. ਤੋਂ ਪ੍ਰਸਾਰਿਤ ਕੀਤੇ ਇਕ ਭਾਸ਼ਣ 'ਚ ਕਿਹਾ ਕਿ ਉਹ ਬੁੱਧ ਧਰਮ ਨੂੰ ਇਸ ਲਈ ਮੰਨਦੇ ਹਨ, ਕਿਉਂਕਿ ਇਸ 'ਚ ਸਮਤਾ, ਸਮਾਨਤਾ ਅਤੇ ਭਾਈਚਾਰੇ ਦੇ ਤਿੰਨੇ ਅਸੂਲ ਇਕ ਥਾਂ ਮਿਲਦੇ ਹਨ। ਬੁੱਧ ਧਰਮ ਵਹਿਮ-ਪ੍ਰਸਤੀ ਦੀ ਥਾਂ ਸੂਝ ਦੀ ਸਿੱਖਿਆ ਦਿੰਦਾ ਹੈ। ਇਹ ਵਿਚਾਰ ਤੇ ਬਰਾਬਰੀ ਸਿਖਾਉਂਦਾ ਹੈ। ਉਨ੍ਹਾਂ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਗ੍ਰਹਿਣ ਕੀਤਾ।

ਡਾ: ਅੰਬੇਡਕਰ ਗਿਆਨ ਨੂੰ ਇਕ ਸ਼ਕਤੀ ਵਜੋਂ ਲੈਂਦੇ ਸਨ। ਉਹ ਕਿਹਾ ਕਰਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਓਨਾ ਚਿਰ ਆਪਣੀ ਸੁਤੰਤਰਤਾ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਜਿੰਨਾ ਚਿਰ ਉਹ ਗਿਆਨ ਦੇ ਖ਼ੇਤਰ 'ਚ ਡੂੰਘਾ ਨਹੀਂ ਉਤਰਦੇ। ਉਹ ਚਾਹੁੰਦੇ ਸਨ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ। ਉਨ੍ਹਾਂ ਦੇ ਦਿੱਤੇ ਪਹਿਲੇ ਆਦੇਸ਼ 'ਸਿੱਖਿਅਤ ਬਣੋ' ਦੇ ਅਨੁਸਾਰ ਕੁਝ ਲੋਕਾਂ ਨੇ ਵਿੱਦਿਆ ਪ੍ਰਾਪਤੀ ਨੂੰ ਆਪਣੀ ਨਿੱਜੀ ਸਫ਼ਲਤਾ ਦਾ ਸਾਧਨ ਬਣਾ ਕੇ ਆਪਣੇ ਪਰਿਵਾਰ ਤੱਕ ਹੀ ਸੀਮਤ ਕਰ ਲਿਆ। ਦੂਜਾ ਆਦੇਸ਼ 'ਸੰਘਰਸ਼ ਕਰੋ' ਨੂੰ ਸਿਰਫ ਸਿਆਸੀ ਲੀਡਰਾਂ ਦਾ ਕੰਮ ਸਮਝ ਕੇ ਉਸ ਨੂੰ ਅਣਗੌਲਿਆ ਕਰ ਦਿੱਤਾ। ਤੀਜੇ ਆਦੇਸ਼ 'ਸੰਗਠਿਤ ਹੋਵੋ' ਦੇ ਅਨੁਸਾਰ ਉਸ ਬਾਰੇ ਸਮਾਜ ਦਾ ਰਵੱਈਆ ਹੀ ਉਲਟ ਦਿਸ਼ਾ ਵੱਲ ਹੋ ਗਿਆ ਲੱਗਦਾ ਹੈ।

ਜਦੋਂ ਤਿੰਨ ਅਗਸਤ ਨੂੰ ਬਣੇ ਪਹਿਲੇ ਕੇਂਦਰੀ ਮੰਡਲ 'ਚ ਆਪ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ ਤਾਂ ਅੰਬੇਡਕਰ ਸਾਹਿਬ ਨੇ ਔਰਤਾਂ ਦੀ ਉੱਨਤੀ ਤੇ ਮੁਕਤੀ ਵਾਸਤੇ ਪੂਰੀ ਵਾਹ ਲਾਈ ਤੇ ਔਰਤਾਂ ਦੇ ਰੁਤਬੇ ਨੂੰ ਵਧਾਉਣ ਲਈ ਸੰਵਿਧਾਨ ਸਭਾ ਵਿਚ ਹਿੰਦੂ ਕੋਡ ਬਿੱਲ ਪੇਸ਼ ਕੀਤਾ। ਹਿੰਦੂ ਕੋਡ ਬਿੱਲ ਸਬੰਧੀ ਜਦੋਂ ਮੰਤਰੀ ਮੰਡਲ 'ਚ ਵਿਰੋਧ ਹੋਇਆ ਤਾਂ ਆਪ ਨੇ ਮੰਤਰੀ ਮੰਡਲ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਮਗਰੋਂ 26 ਜਨਵਰੀ, 1950 ਨੂੰ ਆਪ ਦੁਆਰਾ ਨਿਰਮਿਤ 395 ਧਾਰਾਵਾਂ ਤੇ 9 ਅਨੁਸੂਚੀਆਂ ਵਾਲਾ ਸੰਵਿਧਾਨ ਲਾਗੂ ਕਰ ਦਿੱਤਾ ਗਿਆ।

ਜਾਤ-ਪਾਤ ਦਾ ਬੀਜ ਨਾਸ਼ ਪੁਸਤਕ ਵਿਚ ਜਾਤੀ ਪ੍ਰਥਾ ਦੇ ਖ਼ਾਤਮੇ ਦੀ ਲੋੜ ਬਾਰੇ ਅਤੇ ਇਕ ਚੰਗਾ ਸਮਾਜ ਉਸਾਰਨ ਦੀ ਲੋੜ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾ: ਭੀਮ ਰਾਓ ਅੰਬੇਡਕਰ ਨੇ ਭਾਰਤੀ ਸਮਾਜ ਦੇ ਵੰਡ-ਪਾਊ ਵਿਚਾਰਾਂ ਤੇ ਜਾਤੀ ਪ੍ਰਥਾ ਤੇ ਆਧਾਰਿਤ ਸਮਾਜ ਨੂੰ ਬਦਲ ਕੇ ਜਾਤੀ ਰਹਿਤ ਸਮਾਜ ਉਸਾਰਨ ਦੀ ਦਿਸ਼ਾ ਵੱਲ ਯਤਨਸ਼ੀਲ ਹੋਣ ਲਈ ਪ੍ਰੇਰਿਆ ਅਤੇ ਕਿਹਾ ਕਿ ਇਹ ਮਨੁੱਖਤਾ ਦੇ ਭਲੇ ਲਈ ਬਿਹਤਰ ਹੋਵੇਗਾ। ਉਨ੍ਹਾਂ ਆਜ਼ਾਦੀ, ਸਮਾਨਤਾ ਅਤੇ ਭਰਾਤਰੀ ਭਾਵਨਾ ਤੇ ਆਧਾਰਿਤ ਸਮਾਜ ਵਾਲੇ ਵਿਚਾਰ ਨੂੰ ਮਾਨਤਾ ਦਿੱਤੀ। ਡਾ: ਅੰਬੇਡਕਰ ਲਿਖਦੇ ਹਨ, 'ਲੋਕਤੰਤਰ ਕੇਵਲ ਸਰਕਾਰ ਦਾ ਰੂਪ ਹੀ ਨਹੀਂ, ਇਹ ਮੁੱਢਲੇ ਤੌਰ 'ਤੇ ਇਕੱਠੇ ਹੋ ਕੇ ਰਹਿਣ ਅਤੇ ਆਪਸੀ ਮਿਲਵਰਤਨ ਦੇ ਤਜਰਬੇ ਦਾ ਸਲੀਕਾ ਹੈ। ਅਸਲ ਵਿਚ ਇਹ ਆਪਣੇ ਸਾਥੀ ਨਾਗਰਿਕਾਂ ਪ੍ਰਤੀ ਸਤਿਕਾਰ ਅਤੇ ਮਾਣ ਵਾਲਾ ਵਤੀਰਾ ਹੈ।' ਡਾ: ਅੰਬੇਡਕਰ ਲਿਖਦੇ ਹਨ ਕਿ ਜਾਤੀ ਪ੍ਰਥਾ ਨੂੰ ਖ਼ਤਮ ਕੀਤੇ ਬਿਨਾਂ ਭਾਰਤ ਇਕ ਸਮਾਜਿਕ ਸੰਗਠਨ ਵਜੋਂ ਨਹੀਂ ਉੱਭਰ ਸਕਦਾ। ਵੱਖ-ਵੱਖ ਜਾਤੀਆਂ ਵਿਚ ਆਪਸੀ ਮਿਲਵਰਤਨ ਦੀ ਭਾਵਨਾ ਪੈਦਾ ਨਹੀਂ ਹੁੰਦਾ ਅਤੇ ਇਕ-ਦੂਜੇ ਲਈ ਸਤਿਕਾਰ ਨਹੀਂ ਉਪਜਦਾ, ਉਹ ਇਕ-ਦੂਜੇ ਦੇ ਵਿਰੋਧ ਵਿਚ ਖੜ੍ਹੀਆਂ ਰਹਿੰਦੀਆਂ ਹਨ। ਇਨ੍ਹਾਂ ਦੀ ਹੋਂਦ ਕਰਕੇ ਭਾਰਤ ਇਕ ਕੌਮ ਵਜੋਂ ਨਹੀਂ ਉੱਭਰ ਸਕਿਆ। ਜਾਤੀ ਪ੍ਰਥਾ ਜਾਂ ਚਤੁਰਵਾਦ ਦਾ ਵਿਚਾਰ ਮਨੁੱਖ ਦੀ ਬਿਹਤਰੀ ਕਰਨ ਦੀ ਬਜਾਏ ਮਨੁੱਖਤਾ ਦੇ ਭਲੇ ਦੇ ਵਿਚਾਰ ਲਈ ਅੜਿੱਕਾ ਬਣਿਆ ਰਿਹਾ। ਜਾਤੀ ਭਾਵਨਾ ਮਨੁੱਖਤਾ ਦੀ ਸਹਿਹੋਂਦ ਵਾਲੀ ਭਾਵਨਾ ਦੇ ਵਿਰੋਧ ਵਿਚ ਰਹੀ ਹੈ। ਜਾਤੀ ਰਹਿਤ ਸਮਾਜ ਹੋਣ 'ਤੇ ਹੀ ਇਸ ਨੂੰ ਆਪਣੀ ਰੱਖਿਆ ਲਈ ਤਾਕਤ ਮਿਲੇਗੀ। ਤਦ ਹੀ ਇਹ ਇਕ 'ਕੌਮ' ਬਣ ਸਕੇਗਾ। ਇਸ ਲਈ ਜ਼ਰੂਰੀ ਹੈ ਕਿ ਸਮਾਜ ਨੂੰ ਵਿਗਿਆਨਕ ਸੋਚ ਅਤੇ ਵਿਵੇਕ ਦੇ ਮਾਰਗ 'ਤੇ ਪਾਇਆ ਜਾਵੇ। ਲੋਕਤੰਤਰੀ ਅਤੇ ਅਗਾਂਹਵਧੂ ਸਮਾਜ ਲਈ ਜ਼ਰੂਰੀ ਹੈ ਕਿ ਜਾਤ-ਪਾਤ ਨੂੰ ਖ਼ਤਮ ਕੀਤਾ ਜਾਵੇ।




ਡਾ: ਅੰਬੇਡਕਰ ਦਾ ਵਿਚਾਰ ਹੈ ਕਿ ਜਿੰਨਾ ਚਿਰ ਦੇਸ਼ ਅੰਦਰ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੀ ਸਥਾਪਤੀ ਨਹੀਂ ਹੁੰਦੀ, ਓਨਾ ਚਿਰ ਭਾਰਤ ਕਦੇ ਵੀ ਸਹੀ ਅਰਥਾਂ ਵਿਚ ਲੋਕਤੰਤਰੀ ਮੁਲਕ ਕੇਵਲ ਬਾਹਰੀ ਦਿਖਾਵੇ ਵਾਲਾ ਲੋਕਤੰਤਰ ਹੀ ਹੋਵੇਗਾ। ਡਾ: ਅੰਬੇਡਕਰ ਨੇ 25 ਨਵੰਬਰ, 1948 ਨੂੰ ਸੰਵਿਧਾਨ ਘਾੜਨੀ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਸੀ, 'ਸੰਵਿਧਾਨ ਨੂੰ ਬਣਾਉਣ ਦਾ ਸਾਡਾ ਮਕਸਦ ਦੋ ਤਰ੍ਹਾਂ ਦਾ ਹੈ-ਪਹਿਲਾ ਹੈ ਰਾਜਨੀਤਕ ਲੋਕਤੰਤਰ ਦੇ ਰੂਪ ਨੂੰ ਲਾਗੂ ਕਰਨਾ ਅਤੇ ਦੂਜਾ ਆਰਥਿਕ ਲੋਕਤੰਤਰ ਨੂੰ ਲਾਗੂ ਕਰਨਾ ਹੈ ਅਤੇ ਇਹ ਨਿਰਧਾਰਤ ਕਰਨਾ ਹੈ ਕਿ ਜਿਹੜੀ ਵੀ ਸਰਕਾਰ ਬਣੇ, ਉਹ ਆਰਥਿਕ ਲੋਕਤੰਤਰ ਲਿਆਉਣ ਲਈ ਕੰਮ ਕਰੇ। ਨਿਰਦੇਸ਼ਕ ਸਿਧਾਂਤਾਂ ਦੀ ਬਹੁਤ ਮਹੱਤਤਾ ਹੈ, ਜੋ ਦੱਸਦੇ ਹਨ ਕਿ ਸਾਡਾ ਆਦਰਸ਼ ਹੈ ਆਰਥਿਕ ਲੋਕਤੰਤਰ।'

ਇਹ ਦੇਖਿਆ ਗਿਆ ਹੈ ਕਿ ਰਾਜਨੀਤਕ ਵਿਵਸਥਾ ਵੱਲ ਜ਼ਿਆਦਾ ਧਿਆਨ ਦਿੱਤਾ ਜਾ ਰਿਹਾ ਹੈ, ਜਦੋਂ ਕਿ ਆਰਥਿਕ, ਸਮਾਜਿਕ ਵਿਵਸਥਾ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ। ਦੇਸ਼ ਵਿਚ ਦੌਲਤ ਤਾਂ ਪੈਦਾ ਹੋ ਰਹੀ ਹੈ ਪਰ ਇਸ ਦੀ ਵੰਡ ਦਾ ਪ੍ਰਬੰਧ ਠੀਕ ਨਹੀਂ, ਜੋ ਲੋੜਾਂ ਦੀ ਬਰਾਬਰਤਾ ਅਨੁਸਾਰ ਵੰਡ ਦੇ ਵਿਚਾਰ ਦੇ ਅਨੁਕੂਲ ਨਹੀਂ। ਸਿੱਟੇ ਵਜੋਂ ਆਰਥਿਕ

ਬਾਕੀ ਸਫ਼ਾ 36 'ਤੇ

## ਖ਼ਾਲਸਾ ਸਾਜਨਾ ਦਿਵਸ, ਸਿੱਖਾਂ ਦਾ ਕੌਮੀ ਤਿਉਹਾਰ ਕਦੋਂ ਬਣੇਗਾ... ?

ਕਦਰਾਂ-ਕੀਮਤਾਂ ਦੀ ਰਾਖੀ ਦੀ ਥਾਂ ਅਸੀਂ ਆਪਣੇ ਹੱਥੀਂ ਹੀ ਉਨ੍ਹਾਂ ਨੂੰ ਮਿੱਟੀ 'ਚ ਰੋਲਣ ਲੱਗੇ ਹੋਏ ਹਾਂ, ਜਿਸ ਕਾਰਨ ਦੁਨੀਆ 'ਤੇ ਸਿਰਦਾਰੀ ਕਰਨ ਲਈ ਸਾਜੀ ਕੌਮ ਦੇ ਪੱਲੇ ਸਿਰਫ਼ ਤੇ ਸਿਰਫ਼ 'ਗੁਲਾਮੀ ਤੇ ਜਲਾਲਤ' ਰਹਿ ਗਈ ਹੈ। ਜਿਸ ਖ਼ਾਲਸੇ ਨੂੰ ਹਰ ਕੋਈ ਆਪਣੀ ਰਾਖੀ ਲਈ ਆਵਾਜ਼ ਮਾਰਦਾ ਸੀ, ਅੱਜ ਉਸ ਨੂੰ ਆਪਣੀ ਰੱਖਿਆ ਲਈ ਤੇ ਇਨਸਾਫ ਪ੍ਰਾਪਤੀ ਲਈ ਝੋਲੀ ਅੱਡਣੀ ਪੈ ਰਹੀ ਹੈ। ਗੁਰੂ ਸਾਹਿਬ ਨੇ ਹਰ ਸਿੰਘ ਨੂੰ 'ਸਿਰਦਾਰ' ਬਣਾਇਆ ਸੀ, ਪ੍ਰੰਤੂ ਅਸੀਂ ਇੱਕ-ਦੋ ਮਨੁੱਖਾਂ ਅੱਗੇ ਸਿਰ ਨੀਵੇਂ ਕਰੀ ਬੈਠੇ ਹਾਂ।

ਜਿਸ ਤਸੱਵਰ ਨੂੰ ਲੈ ਕੇ ਸਾਹਿਬ-ਏ-ਕਮਾਲ ਪਿਤਾ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ, ਉਸ ਦੀ ਤਸਵੀਰ ਵੀ ਗੁਰੂ ਸਾਹਿਬ ਨੇ ਪੂਰੀ ਦੁਨੀਆ ਨੂੰ ਹਕੀਕੀ ਰੂਪ 'ਚ ਵਿਖਾਈ ਸੀ। ਪੁਰਤਾਨ ਸਿੱਖਾਂ ਦਾ ਇਤਿਹਾਸ ਜਿਸ ਨੂੰ ਅਸੀਂ ਵਿਸਾਰ ਰਹੇ ਹਾਂ, ਉਹ ਅੱਜ ਵੀ ਦੱਸਦਾ ਹੈ ਕਿ 'ਅਸਲੀ ਸਿੰਘ' ਕੀ ਹੁੰਦਾ ਹੈ। ਪ੍ਰੰਤੂ ਬਾਕੀ ਸਾਰੇ ਖੇਤਰਾਂ 'ਚ ਨਕਲ ਦੇ ਮਾਹਿਰ, ਅਸੀਂ ਇਸ ਖੇਤਰ 'ਚ 'ਨਕਲ' ਕਰਨ ਤੋਂ ਅਸਮਰੱਥ ਤੇ ਲਾਚਾਰ ਹਾਂ। ਖ਼ਾਲਸਾਈ ਸਿਧਾਂਤ ਤੋਂ ਥਿੜ੍ਹਕੀ ਕੌਮ ਦੀ ਨੌਜਵਾਨ ਪੀੜ੍ਹੀ ਅੱਜ ਸਿੱਖੀ ਤੇ ਸਿੱਖੀ ਸਰੂਪ ਤੋਂ ਕੋਹਾਂ ਦੂਰ ਚਲੀ ਗਈ ਹੈ। ਨਿਆਰੇਪਣ ਦੀ ਥਾਂ ਅਸੀਂ ਫ਼ਿਰ ਤੋਂ ਪਾਖੰਡਵਾਦ ਤੇ ਆਡੰਬਰਵਾਦ ਦਾ ਸ਼ਿਕਾਰ ਹੋ ਕੇ ਬਿਪਰਾਵਾਦੀ ਹੋ ਗਏ ਹਾਂ। ਨਸ਼ਿਆਂ ਦੇ ਰਾਹ ਪੈ ਕੇ ਸਰੀਰਕ ਸ਼ਕਤੀ ਤੋਂ ਹੀਣੇ ਹੋਣ ਦੇ ਨਾਲ-ਨਾਲ 'ਸ਼ਬਦ ਤੇ ਗਿਆਨ' ਤੋਂ ਵੀ ਕੋਰੇ ਹੋ ਗਏ ਹਾਂ ਅਤੇ ਅੱਜ ਦੇ ਯੁੱਗ 'ਚ ਸ਼ਬਦ ਤੇ ਗਿਆਨ ਤੋਂ ਵਿਹੀਨ ਕੌਮ ਦੀ ਹੋਂਦ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਖ਼ਾਲਸਾ ਪੰਥ ਦੀ ਸਾਜਨਾ ਨੂੰ ਅੱਜ 320 ਵਰ੍ਹੇ ਲੰਘ ਗਏ ਹਨ, ਕੌਮ ਕਿੱਥੋਂ ਚੱਲ ਕੇ ਕਿੱਥੇ ਪੁੱਜ ਗਈ ਹੈ ? ਹਰ ਸਿੱਖ ਨੂੰ ਵਿਸਾਖੀ ਦੇ ਦਿਨ ਇੱਕ ਵਾਰ ਇਸ ਬਾਰੇ ਮੰਥਨ ਜ਼ਰੂਰ ਕਰਨਾ ਚਾਹੀਦਾ ਹੈ। ਲੋੜ ਹੈ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਕੌਮੀ ਚੇਤਨਾ ਜਗਾਉਣ ਵਾਲਾ ਦਿਹਾੜਾ ਬਣਾਉਣ ਦੀ, ਆਮ ਮਨੁੱਖ ਆਪਣੇ ਜਾਂ ਆਪਣੇ ਬੱਚੇ ਦੇ ਜਨਮ ਦਿਨ ਲਈ ਕਿੰਨੇ ਚਾਅ ਮਲਾਰ ਕਰਦਾ ਹੈ ਪ੍ਰੰਤੂ ਅਸੀਂ ਕੌਮ ਦੇ ਜਨਮ ਦਿਹਾੜੇ 'ਤੇ ਅਜਿਹੇ ਚਾਅ ਕਿਉਂ ਨਹੀਂ ਵਿਖਾਉਂਦੇ ? ਇਸ ਦਿਹਾੜੇ 'ਤੇ ਨਵੀਂ ਪੀੜ੍ਹੀ 'ਚ ਕੌਮੀ ਭਾਵਨਾ ਤੇ ਉਤੇਜਨਾ ਜਗਾਉਣ ਲਈ ਕੁਝ ਖ਼ਾਸ ਕੀਤਾ ਜਾਣਾ ਚਾਹੀਦਾ ਹੈ।

ਨਗਰ ਕੀਰਤਨ ਤੇ ਗੁਰੂ ਕੇ ਲੰਗਰ ਦੇ ਨਾਲ ਹੋਰ ਵੀ ਕੁਝ ਕਰਨਾ ਬਣਦਾ ਹੈ। ਖ਼ਾਲਸੇ 'ਚ ਆਈ ਖੋਟ ਨੂੰ ਦਰਸਾਉਣ ਅਤੇ ਇਸ ਨੂੰ ਮੁੜ ਖਾਲਿਸ ਕਰਨ ਲਈ ਗੁਰੂ ਵੱਲੋਂ ਦਰਸਾਏ ਮਾਰਗ ਨੂੰ ਦ੍ਰਿੜ੍ਹਤਾ ਨਾਲ ਅਪਨਾਉਣ ਦੀ ਲੋੜ ਹੈ। ਜਦੋਂ ਤੱਕ ਅਸੀਂ ਸਮੁੱਚੀ ਕੌਮ 'ਚ ਕੌਮੀ ਭਾਵਨਾ ਨੂੰ ਜਗਾਉਂਦੇ ਨਹੀਂ, ਉਦੋਂ ਤੱਕ 'ਖੋਟ' ਦੂਰ ਨਹੀਂ ਹੋਵੇਗੀ। 'ਵਿਸਾਖੀ' ਵਰਗੇ ਕੌਮੀ ਦਿਹਾੜੇ ਹੀ ਅਜਿਹੀ ਭਾਵਨਾ ਜਗਾਉਣ ਦੇ ਸਰੋਤ ਬਣ ਸਕਦੇ ਹਨ ਪ੍ਰੰਤੂ ਅਸੀਂ ਇਨ੍ਹਾਂ ਨੂੰ ਕੁਝ ਧਾਰਮਿਕ ਰਸਮਾਂ ਨਾਲ ਬੰਨ੍ਹ ਕੇ ਇਨ੍ਹਾਂ ਦੀ ਅਸਲ ਮਹਾਨਤਾ ਨੂੰ ਖ਼ਤਮ ਕਰ ਦਿੱਤਾ ਹੈ। ਆਓ ! ਵਿਸਾਖੀ ਨੂੰ ਕੌਮੀ ਤਿਉਹਾਰ ਵਜੋਂ ਮਨਾਈਏ ਅਤੇ ਦੁਨੀਆ 'ਚ ਸਿੱਖੀ ਦੇ ਨਿਆਰੇਪਣ ਅਤੇ ਦੁਨੀਆ ਦੇ ਇਸ ਇਨਕਲਾਬੀ ਪੰਥ ਦੀ ਜੈ-ਜੈ ਕਾਰ ਕਰੀਏ।

**(ਲੇਖਕ 'ਰੋਜ਼ਾਨਾ ਪਹਿਰੇਦਾਰ' ਦੇ ਸੰਪਾਦਕ ਹਨ)**

## ਭਾਰਤੀ ਚੋਣ ਦੰਗਲ 'ਚ ਵਾਅਦਿਆਂ ਤੇ ਦਾਅਵਿਆਂ ਦੀਆਂ ਝੜੀਆਂ

ਫਿਰ ਤੋਂ ਚੁੱਕਣ ਦੀ ਰਣਨੀਤੀ, ਬਹੁਗਿਣਤੀ ਵਿਚ ਪੈਦਾ ਕੀਤੇ ਜਾ ਰਹੇ ਉਸ ਡਰ ਨੂੰ ਪੱਠੇ ਪਾਉਂਦੀ ਹੈ ਜਿਸ ਦਾ ਆਧਾਰ ਹੀ ਕੋਈ ਨਹੀਂ ਬਣਦਾ।

ਕਮਾਲ ਦੀ ਗੱਲ ਇਹ ਹੈ ਕਿ ਭਾਜਪਾ ਨੇ ਪੰਜ ਸਾਲ ਪਹਿਲਾਂ ਕੀਤੇ ਕਈ ਵਾਅਦੇ ਇੰਝ ਭੁਲਾ ਦਿੱਤੇ ਹਨ, ਜਿਵੇਂ ਉਹ ਕਦੇ ਕੀਤੇ ਹੀ ਨਹੀਂ ਸਨ। ਪੰਜ ਸਾਲ ਲੰਮਾ ਸਮਾਂ ਨਹੀਂ ਹੁੰਦੇ, ਇਸ ਲਈ ਅਜੇ ਤੱਕ ਭਾਰਤ ਦੇ ਲੋਕਾਂ ਨੂੰ ਇਹ ਗੱਲ ਨਹੀਂ ਭੁੱਲ ਸਕੀ ਕਿ ਉਸ ਚੋਣ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਦੀ ਪਦਵੀ ਦੇ ਉਮੀਦਵਾਰ ਨਰਿੰਦਰ ਮੋਦੀ ਨੇ ਪੰਜ ਜੀਆਂ ਦੇ ਹਰ ਪਰਿਵਾਰ ਦੇ ਬੈਂਕ ਖਾਤੇ ਵਿੱਚ ਸਿੱਧੇ ਪੰਦਰਾਂ ਲੱਖ ਰੁਪਏ ਜਮ੍ਹਾਂ ਕਰਾਉਣ ਦਾ ਵਾਅਦਾ ਕੀਤਾ ਸੀ। ਇਹ ਵੀ ਕਿਹਾ ਸੀ ਕਿ ਸਿਰਫ ਸੌ ਦਿਨਾਂ ਦੇ ਅੰਦਰ ਵਿਦੇਸ਼ਾਂ ਵਿੱਚ ਪਿਆ ਕਾਲਾ ਧਨ ਵਾਪਸ ਲਿਆ ਕੇ ਇਹ ਵਾਅਦਾ ਪੂਰਾ ਕੀਤਾ ਜਾਵੇਗਾ। ਫਿਰ ਇੱਕ ਸਾਲ ਲੰਘ ਜਾਣ ਦੇ ਬਾਅਦ ਉਸ ਦੇ ਜੋੜੀਦਾਰ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਕਹਿ ਦਿੱਤਾ ਕਿ ਇਹੋ ਜਿਹੀਆਂ ਗੱਲਾਂ ਬਾਰੇ ਪੁੱਛਣ ਦਾ ਕੋਈ ਲਾਭ ਨਹੀਂ ਹੁੰਦਾ, ਇਹ ਤਾਂ ਇੱਕ "ਚੋਣ ਜੁਮਲਾ" ਸੀ। ਭਾਜਪਾ ਨੇ ਪੰਜ ਸਾਲ ਪਹਿਲਾਂ ਮਹਿੰਗਾਈ ਨਾਲ ਨਿਪਟਣ ਵਾਸਤੇ 'ਪ੍ਰਾਈਸ ਸਟੈਬਲਾਈਜ਼ੇਸ਼ਨ ਫੰਡ" ਬਣਾਏ ਜਾਣ ਦਾ ਵਾਅਦਾ, ਸਾਰੇ ਦੇਸ਼ ਦੇ ਲੋਕਾਂ ਨੂੰ ਬਿਜਲੀ ਪਹੁੰਚਾਉਣ ਦਾ ਵਾਅਦਾ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ, ਹਰ ਸਾਲ ਦੋ ਕਰੋੜ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਸਿਰਜਣ ਦਾ ਵਾਅਦਾ, ਇੱਕ ਸੌ ਨਵੇਂ ਸ਼ਹਿਰ ਸਿਰਜਣ ਦਾ ਵਾਅਦਾ ਆਦਿ ਸਭ ਫਲਾਪ ਹੋ ਗਏ ਹਨ।

ਕੁੱਲ ਮਿਲਾ ਕੇ ਭਾਜਪਾ ਦਾ ਮੈਨੀਫ਼ੈਸਟੋ ਧਰਮ ਨਿਰਪੱਖਤਾ ਅਤੇ ਸਭ ਦੇ ਵਿਕਾਸ ਵਾਲੀ ਸੋਚ ਵਾਸਤੇ ਕੁਝ ਵੀ ਨਹੀਂ ਲੈ ਕੇ ਆਇਆ। ਇਹ ਨਫ਼ਰਤ ਦੀ ਸਿਆਸਤ ਦਾ ਕਾਲਾ ਦਸਤਾਵੇਜ਼ ਹੀ ਹੈ।

## ਫਿਜ਼ੀਅਨ ਜੋੜਾ ਸੈਕਰਾਮੈਂਟੋ ਦਰਿਆ ਵਿਚ ਰੁੜ੍ਹਿਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਫਿਜ਼ੀਅਨ ਪਤੀ-ਪਤਨੀ ਦੇ ਸੈਕਰਾਮੈਂਟੋ ਦਰਿਆ ਵਿਚ ਰੁੜ੍ਹ ਜਾਣ ਦੀ ਖ਼ਬਰ ਹੈ। ਮਿਲੀ ਜਾਣਕਾਰੀ ਅਨੁਸਾਰ ਸ਼ਲਵਿਨੇਸ਼ 'ਸ਼ਲਵਿਨ' ਤੇ ਰੋਜਲਿਨ ਸ਼ਰਮਾ ਇਕ ਟੋਅ ਟਰੱਕ ਵਿਚ ਸਵਾਰ ਸਨ। ਪਾਇਨੀਅਰ ਪੁਲ ਉਪਰ ਉਨਾਂ ਦਾ ਟਰੱਕ ਇਕ ਹੋਰ ਵਾਹਨ ਨਾਲ ਟਕਰਾ ਕੇ ਸੈਕਰਾਮੈਂਟੋ ਦਰਿਆ ਵਿਚ ਜਾ ਡਿੱਗਾ। ਕੈਲੀਫੋਰਨੀਆ ਰਾਸ਼ਟਰੀ ਮਾਰਗ ਗਸ਼ਤੀ ਟੀਮ ਅਨੁਸਾਰ ਲਾਪਤਾ ਜੋੜੇ ਦੀ ਬਚਾਅ ਟੀਮਾਂ ਵੱਲੋਂ ਭਾਲ ਕੀਤੀ ਜਾ ਰਹੀ ਹੈ ਪਰ ਦਰਿਆ ਵਿਚ ਪਾਣੀ ਜਿਆਦਾ ਤੇ ਤੇਜ ਹੋਣ ਕਾਰਨ ਤਲਾਸ਼ੀ ਮੁਹਿੰਮ ਵਿਚ ਵਿਘਨ ਪੈ ਰਿਹਾ ਹੈ। ਇਹ ਜੋੜਾ ਸੈਕਰਾਮੈਂਟੋ ਵਿਚ ਰਹਿੰਦਾ ਹੈ ਤੇ ਉਨਾਂ ਦਾ ਇਕ ਬੇਟਾ ਤੇ 13 ਸਾਲਾਂ ਦੀ ਬੇਟੀ ਜੋਸਲਿਨ ਹੈ। ਉਨਾਂ ਦੇ ਕਈ ਰਿਸ਼ਤੇਦਾਰ ਵੀ ਇਸ ਖੇਤਰ ਵਿਚ ਰਹਿੰਦੇ ਹਨ ਜੋ ਜੋੜੇ ਦੀ ਸਲਾਮਤੀ ਨੂੰ ਲੈ ਕੇ ਫਿਕਰਮੰਦ ਹਨ। ਸ਼ਰਮਾ ਜਸਟਿਨ ਟੋਇੰਗ ਕੰਪਨੀ ਦਾ ਮਾਲਕ ਹੈ ਜੋ ਉਸ ਦੇ ਬੇਟੇ ਦੇ ਨਾਂ 'ਤੇ ਹੈ।

ਉਧਰ ਦੂਜੀ ਵੱਡੀ ਰਾਸ਼ਟਰੀ ਪਾਰਟੀ ਕਾਂਗਰਸ ਨੇ ਵੀ ਚੋਣਾਂ ਵਿਚ ਲੋਕ-ਲੁਭਾਊ ਨਾਅਰਿਆਂ ਤੇ ਵਾਅਦਿਆਂ ਦੀਆਂ ਝੜੀਆਂ ਲਗਾ ਦਿੱਤੀਆਂ ਹਨ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪੰਜ ਸਾਲ ਪਹਿਲਾਂ ਨਰਿੰਦਰ ਮੋਦੀ ਦੀ ਹਰ ਘਰ ਨੂੰ ਪੰਦਰਾਂ ਲੱਖ ਰੁਪਏ ਦੇਣ ਦੀ "ਜੁਮਲੇਬਾਜ਼ੀ" ਵਾਂਗ ਹੀ ਹਰ ਘਰ ਨੂੰ ਬਹੱਤਰ ਹਜ਼ਾਰ ਰੁਪਏ ਦੇਣ ਦਾ ਸ਼ੋਸ਼ਾ ਛੱਡਿਆ ਹੈ। ਕਾਂਗਰਸ ਨੇ ਭਾਜਪਾ ਦੇ ਹਿੰਦੂਵਾਦੀ ਪੱਤੇ ਦੀ ਕਾਟ ਲਈ ਘੱਟ ਗਿਣਤੀਆਂ ਤੇ ਦਲਿਤ ਵਰਗ ਨੂੰ ਰਿਝਾਉਣ ਦੇ ਮੁੱਦੇ ਮੂਹਰੇ ਕੀਤੇ ਹੋਏ ਹਨ, ਜਦਕਿ ਅਮਲ ਵਿਚ ਕਾਂਗਰਸ ਦਾ ਰਿਕਾਰਡ ਵੀ ਘੱਟ ਗਿਣਤੀਆਂ ਤੇ ਦਲਿਤਾਂ ਲਈ ਹਮੇਸ਼ਾ ਮਾਰੂ ਹੀ ਸਿੱਧ ਹੁੰਦਾ ਰਿਹਾ ਹੈ।

## ਬੇਅਦਬੀ ਕਾਂਡ ਦੇ ਜਾਂਚ ਅਧਿਕਾਰੀ ਦੀ ਬਦਲੀ 'ਤੇ ਰਾਜਨੀਤੀ ਗਰਮ

ਜਾਏਗਾ। ਇਸ ਦਾ ਵਿਰੋਧ ਕਰਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਆਈਜੀ ਕੁੰਵਰ ਵਿਜੈ ਪ੍ਰਤਾਪ ਨੂੰ ਲਾਂਭੇ ਕਰਨਾ ਸਹੀ ਫੈਸਲਾ ਹੈ। ਉਨ੍ਹਾਂ ਕਿਹਾ ਕਿ ਆਈਜੀ ਦੀ ਕਾਰਗੁਜ਼ਾਰੀ ਦਾ ਸਭ ਨੂੰ ਪਤਾ ਹੈ, ਉਹ ਕਾਂਗਰਸ ਦੇ ਵਰਕਰ ਵਾਂਗ ਕੰਮ ਕਰ ਰਹੇ ਸਨ।

ਇਸ ਸਿਆਸੀ ਅਖਾੜੇ ਵਿਚ ਨਿੱਤਰਦਿਆਂ ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਕਾਂਗਰਸ ਤੇ ਅਕਾਲੀ ਦਲ ਮਿਲੇ ਹੋਏ ਹਨ। ਇਹ ਸਭ ਮਿਲ ਕੇ ਹੀ ਡਰਾਮਾ ਹੋ ਰਿਹਾ ਹੈ। 'ਆਪ' ਲੀਡਰ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਸਾਜਿਸ਼ ਤਹਿਤ ਆਈਜੀ ਦਾ ਤਬਾਦਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਨੇ ਬਾਦਲਾਂ ਨੂੰ ਬਚਾਉਣ ਲਈ ਚਾਲ ਚੱਲੀ ਹੈ।

ਇਸ ਦੇ ਨਾਲ ਹੀ ਕੁੰਵਰ ਵਿਜੇ ਪ੍ਰਤਾਪ ਦੇ ਤਬਾਦਲੇ ਨੂੰ ਲੈ ਕੇ ਸਿੱਖ ਜਥੇਬੰਦੀਆਂ ਵਿੱਚ ਰੋਸ ਹੈ। ਬਰਗਾੜੀ ਦੇ ਗੁਰਦੁਆਰਾ ਪਾਤਸ਼ਾਹੀ 10ਵੀਂ ਤੋਂ ਰੋਸ ਮਾਰਚ ਕੱਢਿਆ ਗਿਆ ਜਿਸ ਵਿਚ ਪੰਜਾਬ ਸਰਕਾਰ, ਸ਼੍ਰੋਮਣੀ ਅਕਾਲੀ ਦਲ ਤੇ ਚੋਣ ਕਮਿਸ਼ਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਸਿੱਖ ਆਗੂਆਂ ਨੇ ਮੰਗ ਕੀਤੀ ਕਿ ਕੁੰਵਰ ਵਿਜੈ ਪ੍ਰਤਾਪ ਨੂੰ ਮੁੜ ਸਿੱਟ ਮੈਂਬਰ ਵਜੋਂ ਤਾਇਨਾਤ ਕੀਤਾ ਜਾਵੇ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਕੁੰਵਰ ਵਿਜੈ ਪ੍ਰਤਾਪ ਦੀ ਤਾਇਨਾਤੀ ਮੁੜ ਨਾ ਹੋਈ ਤਾਂ ਸਿੱਖ ਜਥੇਬੰਦੀਆਂ ਵੱਲੋਂ ਭਾਰਤੀ ਚੋਣ ਕਮਿਸ਼ਨ ਦੇ ਦਫਤਰ ਬਾਹਰ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

## ਬੇਅਦਬੀ ਕਾਂਡ ਦੀ ਜਾਂਚ ਪ੍ਰਭਾਵਿਤ ਹੋਣ ਦਾ ਖ਼ਦਸ਼ਾ-

ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਵੱਲੋਂ ਬਰਗਾੜੀ (ਫ਼ਰੀਦਕੋਟ) 'ਚ ਹੋਈ ਬੇਅਦਬੀ ਦੀ ਘਟਨਾ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਅਹਿਮ ਮੈਂਬਰ ਅਤੇ ਆਈਪੀਐਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਕਰ ਦਿੱਤਾ ਹੈ। ਕਮਿਸ਼ਨ ਦੀਆਂ ਹਦਾਇਤਾਂ 'ਤੇ ਰਾਜ ਸਰਕਾਰ ਨੇ ਇਸ ਪੁਲੀਸ ਅਧਿਕਾਰੀ ਨੂੰ ਆਈਜੀ (ਕਾਊਂਟਰ ਇੰਟੈਲੀਜੈਂਸ) ਅੰਮ੍ਰਿਤਸਰ ਥਾਪ ਦਿੱਤਾ ਹੈ। ਚੋਣ ਕਮਿਸ਼ਨ ਵੱਲੋਂ ਮੁੱਖ ਸਕੱਤਰ ਨੂੰ ਜੋ ਪੱਤਰ ਲਿਖਿਆ ਗਿਆ ਹੈ ਉਸ ਵਿੱਚ ਕੁੰਵਰਵਿਜੈ ਪ੍ਰਤਾਪ ਸਿੰਘ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਗਏ ਹਨ। ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਹੀ ਆਈਪੀਐਸ ਅਧਿਕਾਰੀ ਖ਼ਿਲਾਫ਼ ਕਾਰਵਾਈ ਦੀ ਹਦਾਇਤ ਕੀਤੀ ਹੈ। ਸਰਕਾਰ ਵੱਲੋਂ ਆਈਜੀ ਰੈਂਕ ਦੇ ਇਸ ਅਧਿਕਾਰੀ ਨੂੰ ਚਿਤਾਵਨੀ ਵੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਉਹ ਸਿਟ ਦੇ ਮੈਂਬਰ ਹੋਣ ਦੇ ਨਾਲ ਨਾਲ ਬਿਊਰੋ ਆਫ਼ ਇਨਵੈਸਟੀਗੇਸ਼ਨ 'ਚ ਆਈ.ਜੀ. ਅਤੇ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਯੂਨਿਟ ਦੇ ਮੁਖੀ ਵਜੋਂ ਵੀ ਸੇਵਾ ਨਿਭਾਅ ਰਹੇ ਸਨ।

ਪੁਲੀਸ ਅਧਿਕਾਰੀ ਦੇ ਤਬਾਦਲੇ ਨਾਲ ਕੈਪਟਨ ਸਰਕਾਰ ਨੂੰ ਵੱਡਾ ਝਟਕਾ ਲੱਗਿਆ ਹੈ ਕਿਉਂਕਿ ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਵਿੱਚ ਇਸ ਪੁਲੀਸ ਅਫ਼ਸਰ ਵੱਲੋਂ ਹੀ ਮੋਹਰੀ ਭੂਮਿਕਾ ਨਿਭਾਏ ਜਾਣ ਦੇ ਤੱਥ ਸਾਹਮਣੇ ਆ ਰਹੇ ਸਨ। ਚੋਣ ਕਮਿਸ਼ਨ ਨੇ ਸੰਸਦੀ ਚੋਣਾਂ ਦੇ ਅਮਲ ਦੌਰਾਨ ਚੋਣ ਜ਼ਾਬਤਾ ਲਾਗੂ ਰਹਿਣ ਦੇ ਸਮੇਂ ਤੱਕ ਸਿਟ ਦੇ ਮੈਂਬਰ ਨੂੰ ਸਿੱਟ ਦੀਆਂ ਗਤੀਵਿਧੀਆਂ ਬਾਰੇ ਜ਼ੁਬਾਨ ਬੰਦ ਰੱਖਣ ਦੀਆਂ ਹਦਾਇਤਾਂ ਵੀ ਕੀਤੀਆਂ ਹਨ। ਸਿੱਟ ਦੀਆਂ ਪ੍ਰਾਪਤੀਆਂ ਨੂੰ ਹਾਕਮ ਧਿਰ ਵੱਲੋਂ ਆਗਾਮੀ ਸੰਸਦੀ ਚੋਣਾਂ ਦੌਰਾਨ ਵੱਡੇ ਹਥਿਆਰ ਵਜੋਂ ਵਰਤਣ ਦੇ ਆਸਾਰ ਸਨ। ਕਮਿਸ਼ਨ ਨੇ ਕਾਂਗਰਸ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਅਤੇ ਆਈਜੀ ਰੈਂਕ ਦੇ ਪੁਲੀਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਵਿੱਚ ਵੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਹੀ ਅਹਿਮ ਭੂਮਿਕਾ ਮੰਨੀ ਜਾਂਦੀ ਸੀ। ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਆਈਪੀਐਸ ਅਧਿਕਾਰੀ ਦੇ ਤਬਾਦਲੇ ਮਗਰੋਂ ਬੇਅਦਬੀ ਤੇ ਗੋਲੀ ਕਾਂਡ ਦੀ ਤਫ਼ਤੀਸ਼ ਲੀਹੋਂ ਲਹਿ ਜਾਣ ਦਾ ਖ਼ਦਸ਼ਾ ਹੈ ਕਿਉਂਕਿ ਸਿੱਟ ਦੇ ਹੋਰਨਾਂ ਮੈਂਬਰਾਂ ਵੱਲੋਂ ਸਰਗਰਮ ਭੂਮਿਕਾ ਨਿਭਾਏ ਜਾਣ ਸਬੰਧੀ ਕੋਈ ਅਹਿਮ ਗਤੀਵਿਧੀ ਨਹੀਂ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ ਨੇ ਸੰਸਦੀ ਚੋਣਾਂ ਦੇ ਐਲਾਨ ਤੋਂ ਕੁਝ ਦਿਨਾਂ ਬਾਅਦ ਹੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਸੂਬੇ ਤੋਂ ਬਾਹਰ ਕਰਾਉਣ ਦੀ ਮੰਗ ਨੂੰ ਲੈ ਕੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਤੇ ਕਮਿਸ਼ਨ ਨੇ ਇਸ ਸ਼ਿਕਾਇਤ ਦੇ ਆਧਾਰ 'ਤੇ ਕਾਰਵਾਈ ਕੀਤੀ ਹੈ। ਅਕਾਲੀ ਦਲ ਨੇ ਸ਼ਿਕਾਇਤ ਨਾਲ ਇਸ ਪੁਲੀਸ ਅਧਿਕਾਰੀ ਵੱਲੋਂ ਮੀਡੀਆ ਨਾਲ ਕੀਤੀ ਗੱਲਬਾਤ ਦੀ ਇੱਕ ਵੀਡੀਓ ਵੀ ਨੱਥੀ ਕੀਤੀ ਸੀ। ਇਹ ਸ਼ਿਕਾਇਤ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਦੇ ਦਸਤਖ਼ਤਾਂ ਹੇਠ ਕੀਤੀ ਗਈ ਸੀ।

ਪੰਜਾਬ ਸਰਕਾਰ ਵੱਲੋਂ ਜਦੋਂ ਵਧੀਕ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਲਈ ਸਿੱਟ ਦਾ ਗਠਨ ਕੀਤਾ ਗਿਆ ਸੀ ਤਾਂ ਅਕਾਲੀ ਦਲ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਵਿਰੋਧ ਕੀਤਾ ਸੀ। ਅਕਾਲੀ ਦਲ ਨੇ ਇਸ ਪੁਲੀਸ ਅਧਿਕਾਰੀ ਨੂੰ ਪਹਿਲਾਂ ਵੀ ਸਿਟ ਤੋਂ ਵੱਖ ਕਰਨ ਦੀ ਮੰਗ ਕੀਤੀ ਸੀ। ਅਕਾਲੀ ਦਲ ਵੱਲੋਂ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਮਗਰੋਂ ਰਾਹਤ ਮਹਿਸੂਸ ਕੀਤੀ ਜਾ ਰਹੀ ਹੈ। ਉਧਰ ਕਾਂਗਰਸ ਨੇ ਪੁਲੀਸ ਅਧਿਕਾਰੀ ਦੇ ਤਬਾਦਲੇ ਨੂੰ ਮੁੱਦਾ ਬਣਾ ਕੇ ਅਕਾਲੀ ਦਲ 'ਤੇ ਸਿਆਸੀ ਹਮਲੇ ਕਰਨ ਦੀ ਤਿਆਰੀ ਖਿੱਚ ਲਈ ਹੈ।

## ਅਕਾਲੀ ਦਲ 'ਸਿੱਟ' ਦੇ ਕੰਮ ਨੂੰ ਪੁੱਠਾ ਗੇੜਾ ਦੇਣਾ ਚਾਹੁੰਦੈ : ਕਾਂਗਰਸ

ਪੰਜਾਬ ਦੇ ਕੈਬਨਿਟ ਮੰਤਰੀਆਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ 'ਤੇ ਆਈਪੀਐਸ ਅਧਿਕਾਰੀ ਤੇ 'ਸਿਟ' ਦੇ ਮੈਂਬਰ ਆਈ.ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਤਬਦੀਲ ਕੀਤੇ ਜਾਣ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਅਕਾਲੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਤੋਂ ਘਬਰਾਏ ਹੋਏ ਹਨ ਤੇ ਜਾਂਚ ਦੇ ਕੰਮ ਨੂੰ ਪੁੱਠਾ ਗੇੜਾ ਦੇਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀ ਦੀ ਬਦਲੀ ਨਾਲ ਅਕਾਲੀਆਂ ਦਾ ਮੁਖੌਟਾ ਲਹਿ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਪਤਾ ਹੈ ਕਿ ਵਿਸ਼ੇਸ਼ ਜਾਂਚ ਟੀਮ ਪਿਛਲੀ ਅਕਾਲੀ ਸਰਕਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸਾਜ਼ਿਸ਼ ਨੂੰ ਬੇਨਕਾਬ ਕਰ ਦੇਵੇਗੀ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਫਾਇਰਿੰਗ ਦਾ ਸੱਚ ਸਾਹਮਣੇ ਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਦੀ ਬਜਾਏ ਖੁਦ ਸ਼ਿਕਾਇਤ ਕਰਨੀ ਚਾਹੀਦੀ ਸੀ ਤਾਂ ਕਿ ਸੂਬੇ ਦੇ ਲੋਕਾਂ ਨੂੰ ਪਤਾ ਲੱਗ ਜਾਂਦਾ ਇਸ ਕੇਸ ਨੂੰ ਕੌਣ ਸਿਰੇ ਨਹੀਂ ਲੱਗਣ ਦੇਣਾ ਚਾਹੁੰਦਾ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਅਕਾਲੀ ਆਗੂਆਂ ਵਿਰੁਧ ਚੋਣ ਅਮਲ ਦੇ ਖ਼ਤਮ ਹੋਣ ਤਕ ਭਾਵੇਂ ਕਾਰਵਾਈ ਰੁਕ ਗਈ ਹੈ, ਪਰ ਅਜਿਹੇ ਹੱਥਕੰਡੇ ਵਰਤਣ ਨਾਲ ਸਚਾਈ ਨੂੰ ਬਾਹਰ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ। ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਕਰ ਰਹੇ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਬਦਲੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਕਮਿਸ਼ਨ ਦੀ ਸਖ਼ਤ ਖਿਲਾਫਤ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਬਿਆਨ ਵਿਚ ਕਿਹਾ ਕਿ ਬੀਜੇਪੀ ਤੇ ਸ਼੍ਰੋਮਣੀ ਅਕਾਲੀ ਦਲ ਚੋਣ ਕਮਿਸ਼ਨ ਨਾਲ ਰਲ ਕੇ ਚੱਲ ਰਹੇ ਹਨ।

ਉਨ੍ਹਾਂ ਕਿਹਾ ਕਿ ਆਈਜੀ ਕੁੰਵਰ ਵਿਜੈ ਪ੍ਰਤਾਪ ਦੇ ਤਬਾਦਲੇ ਦੇ ਆਰਡਰ ਨੂੰ ਰਿਵਿਊ ਕਰਨ ਲਈ ਉਹ ਚੋਣ ਕਮਿਸ਼ਨ ਨੂੰ ਚਿੱਠੀ ਲਿਖਣਗੇ। ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਪਣੀ ਸਾਖ ਬਚਾਉਣ ਲਈ ਇਸ ਤਰ੍ਹਾਂ ਦੀ ਹਰਕਤ ਕਰ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਚੋਣ ਕਮਿਸ਼ਨ ਦੇ ਹੁਕਮਾਂ ਨੂੰ 'ਪੱਖਪਾਤੀ ਆਰਡਰ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਈਜੀ ਦਾ ਤਬਾਦਲਾ ਅਕਾਲੀ ਲੀਡਰ ਦੀ ਸ਼ਿਕਾਇਤ 'ਤੇ ਕੀਤਾ ਗਿਆ ਹੈ। ਇਸ ਤਰ੍ਹਾਂ ਕਰਕੇ ਅਕਾਲੀ ਬਰਗਾੜੀ ਗੋਲੀਕਾਂਡ ਦੀ ਜਾਂਚ ਵਿੱਚ ਵਿਘਨ ਪਾਉਣਾ ਚਾਹੁੰਦੇ ਹਨ। ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਕਰ ਰਹੇ ਆਈਜੀ ਕੁੰਵਰ ਵਿਜੈ ਪ੍ਰਤਾਪ ਦਾ ਤਬਾਦਲਾ ਬੇਸ਼ੱਕ ਭਾਰਤੀ ਚੋਣ ਕਮਿਸ਼ਨ ਨੇ ਕੀਤਾ ਹੈ ਪਰ ਕਾਂਗਰਸ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਕਰੁਣਾ ਰਾਜੂ ਨੂੰ ਘੇਰਿਆ ਹੈ। ਰੰਧਾਵਾ ਨੇ ਕਿਹਾ ਕਿ ਚੀਫ਼ ਇਲੈਕਟ੍ਰੋਲ ਅਫ਼ਸਰ ਕਰੁਣਾ ਰਾਜੂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਐਡੀਸ਼ਨਲ ਪ੍ਰਿੰਸੀਪਲ ਸਕੱਤਰ ਰਹਿ ਚੁੱਕੇ ਹਨ। ਜੇ ਕੁੰਵਰ ਵਿਜੈ ਪ੍ਰਤਾਪ ਕਾਂਗਰਸ ਦੇ ਏਜੰਟ ਹਨ ਤਾਂ ਕਰੁਣਾ ਰਾਜੂ ਵੀ ਅਕਾਲੀ ਦਲ ਦੇ ਏਜੰਟ ਬਣ ਕੇ ਕੰਮ ਕਰ ਰਹੇ ਹਨ।

## ਸ਼ਿਕਾਇਤ ਅਕਾਲੀਆਂ ਦੀ ਘਬਰਾਹਟ ਦਾ ਨਤੀਜਾ : ਦਲ ਖਾਲਸਾ

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਖ਼ਿਲਾਫ਼ ਦਿੱਤੀ ਸ਼ਿਕਾਇਤ ਨੂੰ ਅਕਾਲੀ ਦਲ ਦੀ ਘਬਰਾਹਟ ਦਾ ਨਤੀਜਾ ਦੱਸਿਆ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ 'ਤੇ ਦੋਸ਼ ਲਾਇਆ ਕਿ ਉਹ ਸੱਤਾਧਾਰੀ ਪਾਰਟੀ ਦੇ ਕਹਿਣ 'ਤੇ ਸਿਆਸੀ ਹਿੱਤਾਂ ਤਹਿਤ ਅਕਾਲੀ ਲੀਡਰਾਂ ਨੂੰ ਬੇਅਦਬੀ ਤੇ ਗੋਲੀ ਕਾਂਡ ਵਿੱਚ ਫਸਾ ਰਹੇ ਹਨ। ਉਨ੍ਹਾਂ ਕਿਹਾ ਕਿ 'ਸਿੱਟ' ਸਹੀ ਦਿਸ਼ਾ ਵੱਲ ਆਪਣੀ ਜਾਂਚ ਲੈ ਕੇ ਜਾ ਰਹੀ ਹੈ। ਇਸੇ ਲਈ ਸੁਖਬੀਰ ਬਾਦਲ ਤੇ ਉਨ੍ਹਾਂ ਦੇ ਸਾਥੀ ਘਬਰਾਹਟ ਵਿੱਚ ਹਨ। ਕੰਵਰਪਾਲ ਸਿੰਘ ਨੇ ਕਿਹਾ ਹੈ ਕਿ ਸੁਖਬੀਰ ਬਾਦਲ ਨੂੰ ਡਰ ਹੈ ਕਿ ਇਸ ਮਾਮਲੇ ਵਿੱਚ ਮੁਅੱਤਲ ਆਈਜੀ ਪਰਮਪਾਲ ਸਿੰਘ ਵਾਂਗ ਉਹ ਵੀ ਘੇਰੇ ਵਿੱਚ ਆ ਸਕਦੇ ਹਨ। ਇਸ ਲਈ ਜਾਂਚ ਨੂੰ ਲੀਹੋਂ ਲਾਹੁਣ ਵਾਸਤੇ ਜਾਂਚ ਅਧਿਕਾਰੀ ਨੂੰ ਸੂਬੇ ਤੋਂ ਬਾਹਰ ਕਰਨ ਦੀ ਸਾਜ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਜਾਂਚ ਟੀਮ ਵਿੱਚੋਂ ਸਿਰਫ ਇੱਕ ਅਧਿਕਾਰੀ ਨੂੰ ਹੀ ਨਿਸ਼ਾਨਾ ਬਣਾਇਆ ਹੈ ਤੇ ਇੰਝ ਕਰਕੇ ਬਾਕੀ ਅਧਿਕਾਰੀਆਂ ਦੀ ਕਾਰਗੁਜ਼ਾਰੀ ਤੇ ਇਮਾਨਦਾਰੀ ਨੂੰ ਵੀ ਲੋਕਾਂ ਦੀਆਂ ਨਿਗਾਹਾਂ ਵਿਚ ਸ਼ੱਕੀ ਕਰ ਦਿੱਤਾ ਹੈ।

## ਰਾਧਾ ਸੁਆਮੀ ਡੇਰੇ ਵਿਰੁੱਧ ਸਿੱਖਾਂ ਨੇ ਖੋਲ੍ਹਿਆ ਮੋਰਚਾ

ਸਰਕਾਰ ਦੇ ਮੰਤਰੀ ਸੰਤਰੀ ਵੀ ਉਸ ਦੀਆਂ ਚੌਕੀਆਂ ਭਰਦੇ ਹਨ ਅਤੇ ਬੀਤੇ ਦਿਨੀ ਹੀ ਕੇਂਦਰ ਦਾ ਇੱਕ ਮੰਤਰੀ ਅਜਿਹੀ ਚੌਕੀ ਭਰ ਕੇ ਗਿਆ ਹੈ। ਉਹਨਾਂ ਕਿਹਾ ਕਿ ਸਰਕਾਰੀ ਸ਼ਹਿ ਤੇ ਪੁਲੀਸ ਦੇ ਡੰਡੇ ਦੀ ਛਤਰ ਛਾਇਆ ਹੇਠ ਇਸ ਨੇ 15000 ਏਕੜ ਜ਼ਮੀਨ ਹਥਿਆਈ ਹੋਈ ਹੈ ਜਿਸ ਵਿੱਚ ਆਮ ਲੋਕਾਂ ਤੋ ਇਲਾਵਾ ਵੱਖ ਵੱਖ ਪਿੰਡਾਂ ਦੀਆ ਪੰਚਾਇਤੀ ਜ਼ਮੀਨਾਂ ਵੀ ਸ਼ਾਮਲ ਹਨ। ਉਹਨਾਂ ਕਿਹਾ ਸੈਂਕੜੇ ਉਹ ਲੋਕ ਵੀ ਹਨ ਜਿਹਨਾਂ ਦੀਆਂ ਜ਼ਮੀਨਾਂ ਇਹਨਾਂ ਨੇ ਜਬਰੀ ਹਥਿਆਈਆਂ ਹੋਈਆਂ ਹਨ ਪਰ ਸਰਕਾਰੇ ਦਰਬਾਰੇ ਉਹਨਾਂ ਦੀ ਫਰਿਆਦ ਸੁਨਣ ਵਾਲਾ ਕੋਈ ਨਹੀਂ ਅਤੇ ਇਹ ਲੜਾਈ ਲੜਨ ਲਈ ਏਕਤਾ ਦੀ ਸਖਤ ਜਰੂਰਤ ਹੈ। ਉਹਨਾਂ ਕਿਹਾ ਕਿ ਇਸ ਤੋ ਪਹਿਲਾਂ ਤਾਂ ਕੋਈ ਰਾਧਾ ਸੁਆਮੀਆਂ ਦੇ ਖਿਲਾਫ ਬੋਲਣ ਵਾਲਾ ਵੀ ਨਹੀ ਸੀ ਪਰ ਹੁਣ ਸ. ਬਲਦੇਵ ਸਿੰਘ ਸਿਰਸਾ ਇਹ ਮਾਮਲਾ ਹਾਈਕੋਰਟ ਵਿੱਚ ਲੈ ਕੇ ਗਏ ਹਨ ਤੇ ਉਮੀਦ ਬੱਝੀ ਹੈ ਕਿ ਹੁਣ ਕੁਝ ਨਾ ਕੁਝ ਜ਼ਰੂਰ ਹੋਵੇਗਾ। ਉਹਨਾਂ ਕਿਹਾ ਕਿ ਰਾਧਾ ਸੁਆਮੀ ਮੁਖੀ ਦੇ ਖਿਲਾਫ ਵੱਡੀ ਮੁਹਿੰਮ ਵਿੱਢੀ ਜਾਵੇਗੀ। ਸ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਹਾਈਕੋਰਟ ਵਿੱਚ ਕੇਸ ਦੀ ਅਗਲੀ ਤਰੀਕ 29 ਅਪ੍ਰੈਲ ਹੈ ਤੇ ਇਸ ਤਰੀਕ 'ਤੇ ਰਾਧਾ ਸੁਆਮੀ ਗੁਰਿੰਦਰ ਸਿੰਘ ਢਿਲੋਂ ਨੂੰ ਸੰਮਨ ਵੀ ਜਾਰੀ ਹੋ ਸਕਦੇ ਹਨ।

## ਮੌੜ ਮੰਡੀ ਧਮਾਕੇ 'ਤੇ ਕਾਰਵਾਈ ਬਾਰੇ ਢਿੱਲੀ

ਘਰ ਵਿੱਚ ਕਮਾਈ ਦਾ ਸਾਧਨ ਨਾ ਹੋਣ ਕਰਕੇ ਘਰ ਦੀ ਹਾਲਤ ਵੀ ਬਦਤਰ ਹੁੰਦੀ ਜਾ ਰਹੀ ਹੈ ਤੇ ਲੋਕ ਸਭਾ ਚੋਣਾਂ ਵਿੱਚ ਪੀੜਤ ਦੇ ਜ਼ਖਮ ਫਿਰ ਹਰੇ ਹੋ ਗਏ ਹਨ ਤੇ ਹੁਣ ਪੀੜਤ ਜਸਕਰਨ ਸਿੰਘ ਨੇ ਕਾਂਗਰਸ ਤੋਂ ਖ਼ਫ਼ਾ ਹੁੰਦੇ ਹੋਏ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦਾ ਵਿਰੋਧ ਕਰਨਾ ਦਾ ਫ਼ੈਸਲਾ ਲਿਆ ਹੈ। ਜਸਕਰਨ ਸਿੰਘ ਨੇ ਕਿਹਾ ਕਿ ਕਾਂਗਰਸ ਦੇ ਹਰਮੰਦਰ ਸਿੰਘ ਜੱਸੀ ਨੇ ਉਨ੍ਹਾਂ ਦੀ ਮਦਦ ਤਾਂ ਕੀ ਕਰਨੀ ਸੀ ਸਗੋਂ ਉਨ੍ਹਾਂ ਦੀ ਸਾਰ ਤੱਕ ਨਹੀਂ ਲਈ। ਜਸਕਰਨ ਸਿੰਘ ਦੇ ਇੱਕ ਹੋਰ ਰਿਸ਼ਤੇਦਾਰ ਨੇ ਦੱਸਿਆਂ ਕਿ ਉਸ ਦੀ ਲੱਤ ਵਿੱਚ ਹੁਣ ਵੀ ਛੱਰ੍ਹੇ ਮੌਜੂਦ ਹਨ ਜਿਸ ਕਰਕੇ ਉਸ ਨੂੰ ਕਾਫੀ ਤਕਲੀਫ਼ ਹੈ ਤੇ ਉਹ ਇਲਾਜ ਵੀ ਨਹੀਂ ਕਰਵਾ ਸਕਦਾ।

# Sir Speedy Tustin
Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

Live-in housekeeper/ nanny needed

ਕਾਲ ਕਰੋ

510-938-7195

## 'ਕਾਰ-ਸੇਵਾ' ਦੇ ਹਥੌੜੇ ਦਾ ਸ਼ਿਕਾਰ ਸਿੱਖ ਵਿਰਾਸਤ

ਵੇਖ ਕੇ ਹੀ ਪਤਾ ਲੱਗ ਜਾਂਦਾ ਹੈ। ਇਹ ਵੀ ਸੱਚ ਨਹੀਂ ਕਿ ਕਾਰ ਸੇਵਾ ਵਾਲੇ ਸਾਰੇ ਬਾਬੇ ਅਜਿਹੇ ਹਨ। ਬਾਬਾ ਜੀਵਨ ਸਿੰਘ, ਬਾਬਾ ਝੰਡਾ ਸਿੰਘ ਤੇ ਬਾਬਾ ਖੜਕ ਸਿੰਘ ਆਦਿ ਵਰਗੇ ਕਈ ਮਹਾਂਪੁਰਸ਼ ਹੋਏ ਹਨ, ਜਿਹਨਾਂ ਸਾਰੀ ਉਮਰ ਮੋਟਾ ਖੱਦਰ ਪਹਿਨਿਆਂ, ਸਿਰ 'ਤੇ ਟੋਕਰੇ ਢੋਹੇ ਤੇ ਪੰਥ ਦੀ ਚੜ੍ਹਦੀ ਕਲਾ ਲਈ ਗੁਰੂਘਰਾਂ ਤੋਂ ਇਲਾਵਾ ਅਨੇਕਾਂ ਸਕੂਲਾਂ, ਕਾਲਜਾਂ ਅਤੇ ਪੁਲਾਂ ਦੀ ਉਸਾਰੀ ਕਰਵਾਈ।

ਸਿੱਖ ਇਤਿਹਾਸ ਨਾਲ ਸਬੰਧਿਤ ਇਮਾਰਤਾਂ ਨੂੰ ਨਵਿਆਉਣ ਜਾਂ ਮਜ਼ਬੂਤੀ ਦੇਣ ਖਾਤਰ ਭੰਨ ਤੋੜ ਦੇਣਾ ਹੀ ਇੱਕੋ ਇੱਕ ਹੱਲ ਨਹੀਂ ਹੈ। ਅੱਜ ਵਿਗਿਆਨ ਦਾ ਯੁੱਗ ਹੈ, ਇਮਾਰਤ ਨੂੰ ਬਚਾਉਣ ਦੇ ਹੋਰ ਵੀ ਬਹੁਤ ਸਾਰੇ ਤਰੀਕੇ ਹਨ। ਹੁਣ ਤਾਂ ਪੂਰੀ ਦੀ ਪੂਰੀ ਇਮਾਰਤ ਨੂੰ ਖੱਗ ਕੇ ਨਵੀਂ ਥਾਂ ਸਥਾਪਿਤ ਕੀਤਾ ਜਾ ਸਕਦਾ ਹੈ। ਯਹੂਦੀਆਂ ਨੇ ਆਪਣੀ ਹਜ਼ਾਰਾਂ ਸਾਲ ਪੁਰਾਣੀ ਦੁੱਖ ਦੀ ਕੰਧ (ਯੋਰੂਸ਼ਲਮ) ਨੂੰ ਉਸੇ ਰੂਪ ਵਿਚ ਸੰਭਾਲਿਆ ਹੋਇਆ ਹੈ, ਮਹਾਤਮਾ ਬੁੱਧ ਨਾਲ ਸਬੰਧਿਤ ਬੋਧੀ ਬ੍ਰਿਖ (ਬੁੱਧਗਯਾ) ਦੀ ਥਾਂ ਉਤੇ ਅੱਜ ਵੀ ਹਰਿਆ ਭਰਿਆ ਦਰੱਖਤ ਖੜ੍ਹਾ ਹੈ, ਮੱਕੇ ਵਿੱਚ ਹਜ਼ਰਤ ਮੁਹੰਮਦ ਸਾਹਿਬ ਨਾਲ ਸਬੰਧਿਤ ਅਨੇਕਾਂ ਇਮਾਰਤਾਂ ਹੁਣ ਵੀ ਕਾਇਮ ਦਾਇਮ ਹਨ। ਸਿੱਖ ਧਰਮ ਤੋਂ ਇਲਾਵਾ ਹੋਰ ਕਿਸੇ ਵੀ ਧਰਮ ਨੇ ਆਪਣੇ ਹੱਥੀਂ ਇਸ ਤਰ੍ਹਾਂ ਆਪਣੀ ਵਿਰਾਸਤ ਤਬਾਹ ਨਹੀਂ ਕੀਤੀ। ਅਬਦਾਲੀ ਨੇ ਵੀ ਸ਼ਾਇਦ ਹਰਿਮੰਦਰ ਸਾਹਿਬ ਤੋਂ ਇਲਾਵਾ ਕਿਸੇ ਹੋਰ ਸਿੱਖ ਧਾਰਮਿਕ ਸਥਾਨ ਨੂੰ ਨੁਕਸਾਨ ਨਹੀਂ ਸੀ ਪਹੁੰਚਾਇਆ। ਪਰ ਸਾਡੀ ਸ਼ਾਇਦ ਹੀ ਕੋਈ ਧਾਰਮਿਕ ਵਿਰਾਸਤੀ ਇਮਾਰਤ ਇਹਨਾਂ ਅਨਪੜ੍ਹ ਬਾਬਿਆਂ ਦੇ ਹਥੌੜੇ ਤੋਂ ਬਚੀ ਹੋਵੇ। ਇਸ ਲਈ ਕਾਰ ਸੇਵਾ ਵਾਲੇ ਬਾਬਿਆਂ ਅੱਗੇ ਬੇਨਤੀ ਹੈ ਕਿ ਜੇ ਖੁਦ ਨੂੰ ਇਤਿਹਾਸ ਦਾ ਗਿਆਨ ਨਹੀਂ ਤਾਂ ਹਥੌੜਾ ਚਲਾਉਣ ਤੋਂ ਪਹਿਲਾਂ ਕਿਸੇ ਸਿੱਖ ਸਕਾਲਰ ਦੀਆਂ ਸੇਵਾਵਾਂ ਜਰੂਰ ਲੈ ਲਈਆਂ ਜਾਣ।

## ਵਿਰਾਸਤੀ ਇਮਾਰਤਾਂ ਨੂੰ ਕਾਰ ਸੇਵਾ ਦੇ ਨਾਮ 'ਤੇ ਮਲੀਆਮੇਟ ਕਰ ਦੇਣਾ ਸਿੱਖ ਪੰਥ ਦਾ ਦੁਖਾਂਤ

ਉਠਾਈ ਹੈ। ਹੁਣ ਵੇਖਣਾ ਇਹ ਹੈ ਕਿ ਵਿਰਾਸਤ ਨੂੰ ਬਰਬਾਦ ਕਰ ਰਹੇ ਸੜਕ ਛਾਪ ਬਾਰੇ ਕਿਸੇ, ਪੰਜਾਬ ਦੀ ਸਾਹਿਤ ਸੰਸਥਾ, ਸਭਾ, ਅਕੈਡਮੀ ਜਾਂ ਮੰਚ ਦੇ ਵਿਅਕਤੀ ਦੀ ਜ਼ਮੀਰ ਜਾਗਦੀ ਹੈ ਜਾਂ ਨਹੀਂ। ਜਿਸ ਸੜਕ ਛਾਪ ਨੂੰ ਕੈਨੇਡਾ ਦੇ ਲੋਕਾਂ ਵੱਲੋਂ ਸਵਾਲ ਦੇ ਉੱਤਰ ਨਾ ਦੇ ਸਕਣ ਦੀ ਸੂਰਤ ਵਿੱਚ ਭਜਾਇਆ ਗਿਆ, ਅੱਜ ਸ਼੍ਰੋਮਣੀ ਕਮੇਟੀ ਦੇ ਖ਼ਾਲਸਾ ਕਾਲਜ, ਖੇਤੀਬਾੜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ, ਜੋ ਗੁਰੂਆਂ ਦੇ ਨਾਂ ਤੇ ਬਣੀਆਂ ਹਨ, ਉਥੇ ਸਨਮਾਨਤ ਕੀਤਾ ਜਾ ਰਿਹਾ ਹੈ ਤੇ ਲੈਕਚਰ ਕਰਵਾਏ ਜਾ ਰਹੇ ਹਨ। ਇਸ ਤੋਂ ਵੱਡੀ ਸ਼ਰਮਨਾਕ ਗੱਲ ਹੋਰ ਕੀ ਹੈ ਕਿ ਸੜਕਨਾਮਾ ਨਾ ਸਿਰਫ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਨੂੰ ਹੀ ਬਰਬਾਦ ਕਰ ਰਿਹਾ ਹੈ, ਸਗੋਂ ਗੁਰੂ ਨਾਨਕ ਦੇਵ ਜੀ 'ਤੇ ਵੀ ਦੂਸ਼ਣ ਲਾ ਰਿਹਾ ਹੈ ਕਿ ਬਾਬਰ ਨੂੰ ਗੱਦੀ ਗੁਰੂ ਨਾਨਕ ਦੇ ਵਰ ਨਾਲ ਮਿਲੀ, ਜਦਕਿ ਗੁਰੂ ਸਾਹਿਬ ਨੇ ਬਾਬਰ ਨੂੰ 'ਜਾਬਰ' ਕਰਾਰ ਦਿੱਤਾ ਸੀ ਜੋ ਗੁਰਬਾਣੀ ਵਿੱਚ ਲਿਖਿਆ ਸਭ ਤੋਂ ਵੱਡਾ ਪ੍ਰਮਾਣਿਕ ਸੱਚ ਹੈ। ਅਜਿਹੇ ਝੂਠ ਦੇ ਪ੍ਰਚਾਰ ਕਰਨ ਵਾਲੇ ਹੀ, ਸਭ ਤੋਂ ਵੱਡੀ ਵਿਰਾਸਤ ਨੂੰ ਢਾਹੁਣ ਵਾਲੇ ਦੋਸ਼ੀ ਹਨ ਤੇ ਅਖੌਤੀ ਕਾਰ ਸੇਵਾ ਵਾਲੇ ਬਾਬਿਆਂ ਵਾਂਗ, ਸੜਕਨਾਮੇ ਵੀ ਨਿਖੇਧੀ ਦੇ ਪਾਤਰ ਹਨ। ਪਰ ਅੱਜ ਇਨ੍ਹਾਂ ਬਾਰੇ ਆਵਾਜ਼ ਕਿਉਂ ਨਹੀਂ ਉੱਠ ਰਹੀ, ਵੱਡਾ ਸਵਾਲ ਹੈ। ਆਓ ਜਾਗੀਏ ਜਿੱਥੇ ਇੱਕ ਪਾਸੇ ਸ਼ੇਰੇ -ਪੰਜਾਬ ਦੇ ਪੋਤਰੇ ਵੱਲੋਂ ਉਸਾਰੀ ਦਰਸ਼ਨੀ ਡਿਉਢੀ ਢਾਹੁਣ 'ਤੇ ਦੁੱਖ ਪ੍ਰਗਟਾਉਣਾ ਬਣਦਾ ਹੈ, ਉੱਥੇ ਸ਼ੇਰੇ- ਪੰਜਾਬ ਨੂੰ ਬਦਨਾਮ ਕਰਨ ਲਈ ਹਰ ਹਰਬਾ -ਹੀਲਾ ਵਰਤਣ ਵਾਲੇ ਸੜਕ- ਛਾਪ ਖਿਲਾਫ ਵੀ ਆਵਾਜ਼ ਉਠਾਉਣੀ ਬਣਦੀ ਹੈ। ਤਦ ਹੀ ਸਾਡੀ ਵਿਰਾਸਤ ਦੀ ਸੰਭਾਲ ਹੋ ਸਕੇਗੀ।

ਗਜਿੰਦਰ ਸਿੰਘ, ਦਲ ਖਾਲਸਾ ਆਖਦੇ ਹਨ ਕਿ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਦੀ ਇਤਿਹਾਸਕ ਦਰਸ਼ਨੀ ਡਿਉਢੀ ਦੇ ਢਾਹੇ ਜਾਣ ਤੋਂ ਬਾਅਦ 'ਕਾਰ ਸੇਵਾ' ਵਾਲੇ ਬਾਬਿਆਂ ਵਿਰੁੱਧ ਜੋ ਰੋਹ ਜਾਗਿਆ ਹੈ, ਉਹ ਸ਼ਲਾਘਾਯੋਗ ਹੈ ।ਵਿਰਾਸਤ ਨੂੰ ਕਾਰ ਸੇਵਾ ਦੇ ਨਾਮ 'ਤੇ ਢਾਹੇ ਜਾਣ ਦਾ ਇਹ ਪਹਿਲਾ ਮੌਕਾ ਨਹੀਂ ਹੈ ।ਇਸ ਤੋਂ ਪਹਿਲਾਂ ਵੀ ਬੜੀ ਬਰਬਾਦੀ ਹੋ ਚੁੱਕੀ ਹੈ । ਅਫਸੋਸ ਇਸ ਗੱਲ ਦਾ ਹੈ ਕਿ ਪਹਿਲਾਂ ਇਹ ਸਭ ਕੁਝ ਬਰਦਾਸ਼ਤ ਹੀ ਨਹੀਂ ਕੀਤਾ ਜਾਂਦਾ ਰਿਹਾ, ਬਲਕਿ ਇਸ ਬਰਬਾਦੀ ਨੂੰ 'ਸੇਵਾ' ਕਹਿ ਕੇ ਇਸ ਦੀ ਸ਼ਲਾਘਾ ਕੀਤੀ ਜਾਂਦੀ ਰਹੀ ਹੈ ।

ਸਚਾਈ ਇਹ ਹੈ ਕਿ ਇਹ ਬਾਬੇ ਧਾਰਮਿਕ ਪੁਰਸ਼ ਘੱਟ ਤੇ ਠੇਕੇਦਾਰ ਜ਼ਿਆਦਾ ਹਨ । ਸ਼੍ਰੋਮਣੀ ਕਮੇਟੀ ਤੇ ਬਾਬਿਆਂ ਵਿਚਾਲੇ ਲੰਮੇ ਸਮੇਂ ਤੋਂ ਇੱਕ ਵਪਾਰੀ ਰਿਸ਼ਤਾ ਚੱਲ ਰਿਹਾ ਹੈ । ਇਹਨਾਂ ਬਾਰੇ ਬਹੁਤ ਕੁਝ ਪੜ੍ਹਿਆ ਤੇ ਸੁਣਿਆ ਹੈ, ਪਰ ਵਿਵਾਦਾਂ ਵਿਚ ਫਸੀ ਸਿੱਖ ਕੌਮ ਵਿਚ ਹੋਰ ਵਿਵਾਦ ਖੜ੍ਹਾ ਕਰਨੋ ਬਚਣ ਲਈ ਇਹ ਵਿਸ਼ਾ ਕਦੇ ਨਹੀਂ ਛੋਹਿਆ ।

ਹੁਣ ਜਦੋਂ ਸਿੱਖਾਂ ਦੀ ਜਾਗ ਖੁੱਲ੍ਹ ਹੀ ਗਈ ਹੈ ਤਾਂ ਸ਼੍ਰੋਮਣੀ ਕਮੇਟੀ ਨੂੰ ਇਹ ਫੈਸਲਾ ਕਰਨ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ ਕਿ ਭਵਿੱਖ ਵਿਚ ਕਿਸੇ ਵੀ ਪੁਰਾਤਨ ਇਤਿਹਾਸਕ ਇਮਾਰਤ ਨੂੰ ਤੋੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ।ਨਵਾਂ ਬਣਨਾ ਚਾਹੀਦਾ ਹੈ ਪਰ ਪੁਰਾਤਨ ਬਣੇ ਹੋਏ ਨੂੰ ਢਾਹੇ, ਬਰਬਾਦ ਕੀਤੇ ਬਿਨਾ । ਪੁਰਾਤਨਤਾ ਦਾ ਸਮਾਂ ਘੱਟੋ ਘੱਟ 1947 ਤੋਂ ਪਹਿਲਾਂ ਦਾ ਰੱਖਿਆ ਜਾਣਾ ਚਾਹੀਦਾ ਹੈ । 1947 ਤੋਂ ਬਾਦ ਹਿੰਦੂਤਵੀ ਰਾਜ ਵਿਚ ਸਿੱਖ ਇਤਿਹਾਸ ਤੇ ਸਿਧਾਂਤ ਵਿਚ ਮਿਲਾਵਟ ਕੀਤੀ ਗਈ ਹੈ, ਸੇਵਾ ਨਹੀਂ ।

ਆਖਰੀ ਗੱਲ, ਕਾਰ ਸੇਵਾ ਦੇ ਨਾਮ 'ਤੇ ਕੀਤੇ ਗਏ ਜੁਰਮ ਦੇ ਦੋਸ਼ੀਆਂ ਨੂੰ ਇਸ ਵਾਰ ਜੇ ਮੁਆਫ ਕਰ ਦਿੱਤਾ ਗਿਆ ਤਾਂ ਇਹ ਵਰਤਾਰਾ ਅੱਗੋਂ ਵੀ ਨਹੀਂ ਰੁਕ ਸਕੇਗਾ ।

## ਵਿਸਾਖੀ ਦਾ ਇਤਿਹਾਸਕ ਸਰੂਪ ਕਿਉਂ ਵਿਗੜ ਰਿਹਾ ?

ਵਿਸਾਖੀ ਦਾ ਦਿਹਾੜਾ ਪੰਜਾਬੀ ਮਾਨਸਿਕਤਾ ਵਿੱਚ ਲੋਕ-ਰਾਜ ਸੰਕਲਪ ਵਜੋਂ ਵੀ ਮਾਨਤਾ ਪ੍ਰਾਪਤ ਕਰ ਗਿਆ। ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਦੇ ਸਥਾਨ 'ਤੇ ਪੰਜ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ, ਫਤਿਹਗੜ੍ਹ ਅਤੇ ਹੋਲਗੜ੍ਹ ਉਸਾਰ ਕੇ ਖਾਲਸੇ ਦੀ ਰਾਜ ਸੱਤਾ ਕਾਇਮ ਕੀਤੀ।

1708 ਈ: ਵਿੱਚ ਗੁਰੂ ਸਾਹਿਬ ਦੇ ਵਿਛੋੜੇ ਤੋਂ ਬਾਅਦ ਖ਼ਾਲਸਈ ਰਾਜ ਸੱਤਾ ਦਾ ਟਕਰਾਓ ਦਿੱਲੀ ਸਲਤਨਤ ਨਾਲ ਵੱਧਦਾ ਗਿਆ। ਛੇਤੀ ਹੀ ਦਿੱਲੀ ਸਲਤਨਤ ਦਾ ਪਤਨ ਹੋਣਾ ਸ਼ੁਰੂ ਹੋਇਆ ਤਾਂ ਖ਼ਾਲਸਈ ਰਾਜ ਸੱਤਾ ਦਾ ਟਕਰਾਓ ਬਾਹਰੀ ਦੁਰਾਨੀ ਹਮਲਾਵਰਾਂ ਨਾਲ ਹੋ ਗਿਆ। ਖਾਲਸੇ ਦੀ ਸਰਗਮੀਆਂ ਦਾ ਕੇਂਦਰ ਅੰਮ੍ਰਿਤਸਰ ਹੋ ਗਿਆ। 10 ਅਪ੍ਰੈਲ 1765ਈ: ਦੇ ਅੰਮ੍ਰਿਤਸਰ ਦੀ ਵਿਸਾਖੀ ਦੇ ਇਕੱਠ ਦੇ ਗੁਰਮਤੇ ਅਨੁਸਾਰ ਸਿੰਘਾਂ ਨੇ ਲਾਹੌਰ 'ਤੇ ਕਬਜ਼ਾ ਕਰਕੇ ਸੁਤੰਤਰ ਖ਼ਾਲਸਾ ਗਣਰਾਜ ਦੀ ਸਥਾਪਨਾ ਕੀਤੀ। ਮੁੜ ਅੰਮ੍ਰਿਤਸਰ ਹਰ ਵਿਸਾਖੀ ਉੱਤੇ ਇਕੱਠ ਹੁੰਦੇ ਰਹੇ ਅਤੇ ਗੁਰਮਤੇ ਪਾਸ ਹੁੰਦੇ ਰਹੇ ਪਰ 1805 ਈ: ਦੀ ਵਿਸਾਖੀ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀਸ਼ਾਲੀ ਇਕ ਪੁਰਖਾ ਰਾਜ ਸਥਾਪਤ ਕਰਨ ਦੀ ਮਨਸ਼ਾ ਨੇ ਗੁਰਮਤੇ ਦੀ ਪਰੰਪਰਾ ਨੂੰ ਰੱਦ ਕਰ ਦਿੱਤਾ ਜੋ ਹੁਣ ਤੱਕ ਸਰਬੱਤ ਖਾਲਸੇ ਦੀ ਰਾਜ ਸੱਤਾ ਦਾ ਪ੍ਰਤੀਕ ਸੀ ਅਤੇ ਮਿਸਲਾਂ ਦੇ ਛੋਟੇ-ਛੋਟੇ ਗਣਰਾਜਾਂ ਨੂੰ ਸ਼ਕਤੀ ਪ੍ਰਦਾਨ ਕਰਦਾ ਸੀ।

ਅਪ੍ਰੈਲ 1919 ਈ: ਵਿਸਾਖੀ ਨੂੰ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਵੀ ਪੰਜਾਬੀਆਂ ਦੀ ਰਾਜਸੀ ਨੈਤਿਕਤਾ ਦਾ ਵੱਡਾ ਆਦਰਸ਼ ਬਣ ਗਿਆ। ਇਸ ਦਿਨ ਨਿਹੱਥੇ ਵਿਸਾਖੀ ਦੇ ਇਕੱਠ ਉੱਤੇ ਅੰਗਰੇਜ਼ ਹਕੂਮਤ ਦੇ ਜਨਰਲ ਡਾਇਰ ਨੇ ਗੋਲਾਬਾਰੀ ਕੀਤੀ ਅਤੇ ਹਜ਼ਾਰਾਂ ਹੀ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕੁਰਬਾਨੀ ਅਤੇ ਦੇਸ਼ ਭਗਤੀ ਦੀ ਇਕ ਸ਼ਾਨਦਾਰ ਮਿਸਾਲ ਭਾਰਤੀ ਲੋਕਾਂ ਦੇ ਸਾਹਮਣੇ ਪੰਜਾਬੀਆਂ ਨੇ ਰੱਖੀ।

ਸਮੇਂ ਦੇ ਫੇਰ ਨਾਲ ਲੋਕ ਮੇਲ-ਮਿਲਾਪ ਦਾ ਸੰਕਲਪ ਹੁਣ ਖ਼ਤਮ ਹੋ ਗਿਆ ਹੈ। ਮਨੁੱਖ ਅੱਜ ਪੂੰਜੀ ਦੀ ਦੌੜ ਵਿੱਚ ਨਿੱਜੀ ਵਧੇਰੇ ਹੋ ਗਿਆ। ਅੱਜ ਪੂੰਜੀ ਦੀ ਸਰਦਾਰੀ ਨੇ ਕਿਰਤ ਆਧਾਰਿਤ ਸਾਮਾਜਿਕ ਮੁੱਲਾਂ ਨੂੰ ਵੱਡੀ ਸੱਟ ਮਾਰੀ ਹੈ। ਕਿਰਤ ਆਧਾਰਿਤ ਭਾਈਚਾਰਕ ਸਾਂਝ ਅਤੇ ਮੇਲ ਦੀ ਥਾਂ ਹੁਣ ਨਿੱਜੀ ਸੁਤੰਤਰਤਾ ਅਤੇ ਪੂੰਜੀ ਨੇ ਲੈ ਲਈ ਹੈ। ਅੱਜ ਸਮੂਹਿਕ ਕਿਰਤ, ਸਮੂਹਕ ਹੱਸਣ-ਖੇਡਣ, ਸਮੂਹਕ ਸੋਚ ਦਾ ਦੌਰ ਖ਼ਤਮ ਹੋ ਗਿਆ ਹੈ ।ਅੱਜ ਸੰਗਤ, ਪੰਗਤ, ਮੇਲ ਦੀ ਥਾਂ ਨਿੱਜੀ ਹਉਮੈਂ ਅਤੇ ਇਕੱਲੇਪਣ ਨੇ ਲੈ ਲਈ ਹੈ। ਹੁਣ ਮੇਲੇ ਤਿਉਹਾਰਾਂ ਦਾ ਵਪਾਰੀਕਰਨ, ਰਾਜਸੀਕਰਨ ਅਤੇ ਅਸਮਾਜੀਕਰਨ ਹੋ ਗਿਆ ਹੈ।

ਅੱਜ ਮਸ਼ੀਨ ਨੇ ਮਨੁੱਖੀ ਭਾਈਚਾਰੇ ਨੂੰ ਤੋੜ ਦਿੱਤਾ ਹੈ। ਵਿਸਾਖੀ ਦਾਤੀਆਂ ਨਾਲ ਕਣਕਾਂ ਵੱਢਦੇ ਕਿਸਾਨਾਂ ਦੀ ਹੁੰਦੀ ਸੀ ਪਰ ਹੁਣ ਕੰਬਾਈਨਾਂ ਨਾਲ ਫਸਲ ਵੱਡਣ ਦੀ ਰੀਤ ਵਿੱਚੋਂ ਮੇਲਾ ਸ਼ਬਦ ਕਿਵੇਂ ਨਿਕਲੇਗਾ ? ਜਦੋਂ ਢੋਲ ਦੀ ਥਾਂ ਅਰਥਹੀਣ ਪੌਪ ਆ ਜਾਵੇ ਤਾਂ ਸਪੱਸ਼ਟ ਹੈ ਕਿ ਅਸੀਂ ਖੇਤਾਂ ਖਿਲਵਾੜਾਂ ਤੋਂ ਸੁੰਗੜ ਕੇ ਕਲੱਬ ਘਰਾਂ 'ਚ ਆ ਗਏ ਹਾਂ।

ਹੁਣ ਅਸੀਂ ਦਮਦਮੇ ਸਾਹਿਬ ਦੀ ਵਿਸਾਖੀ ਉੱਤੇ ਉਪਚਾਰਕਤਾ ਵਸ ਜਾਂਦੇ ਹਾਂ ਜਾਂ ਫਿਰ ਇਕ ਦੂਜੇ 'ਤੇ ਰਾਜਨੀਤਕ ਧੌਂਸ ਜਮਾਉਣ ਲਈ ਟਰੱਕਾਂ ਟਰਾਲੀਆਂ ਰਾਹੀਂ ਢੋਹੀਆਂ ਹੋਈਆਂ ਰਾਜਸੀ ਵੋਟਾਂ ਦੀ ਤਰ੍ਹਾਂ। ਹੁਣ ਵਿਸਾਖੀ 'ਤੇ ਹੋਏ ਇਕੱਠ ਉੱਤੇ ਸਰਬੱਤ ਦੇ ਭਲੇ ਲਈ ਕੋਈ ਸਮੂਹਿਕ ਯਤਨ ਕਰਨ ਦਾ ਪ੍ਰਣ ਕਰਨ ਲਈ ਨਹੀਂ ਜਾਂਦੇ, ਸਗੋਂ ਇਕ ਦੂਜੇ ਦੀਆਂ ਬੜ੍ਹਕਾਂ ਸੁਣਨ ਜਾਂਦੇ ਹਾਂ।

ਅੱਜ ਪੰਜਾਬ ਦੇ ਹੋਰਨਾਂ ਮੇਲਿਆਂ ਵਾਂਗ ਹੀ ਵਿਸਾਖੀ ਦੇ ਮੇਲੇ ਦਾ ਸਾਮਾਜਿਕ ਅਤੇ ਮਹਾਤਮੀ ਸਰੂਪ ਖ਼ਤਮ ਹੁੰਦਾ ਜਾ ਰਿਹਾ ਹੈ, ਸਗੋਂ ਇਸ ਦਾ ਵਪਾਰੀਕਰਨ ਅਤੇ ਰਾਜਸੀਕਰਨ ਸਰੂਪ ਵੀ ਦਿਨੋਂ-ਦਿਨ ਹੋਰ ਵਿਗੜਦਾ ਜਾ ਰਿਹਾ ਹੈ, ਜਿਸ ਦੀ ਸਾਨੂੰ ਸਾਰਿਆਂ ਨੂੰ ਚਿੰਤਾ ਕਰਨੀ ਚਾਹੀਦੀ ਹੈ।

## ਡਾ: ਅੰਬੇਡਕਰ ਦਾ ਜੀਵਨ ਕੁਰਬਾਨੀਆਂ, ਸੰਘਰਸ਼ ਅਤੇ ਗਿਆਨ

ਤੌਰ 'ਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੀ ਗਿਣਤੀ ਵਧ ਰਹੀ ਹੈ। ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਦੇਣ ਦੀ ਲੋੜ ਹੈ ਅਤੇ ਦੇਸ਼ ਦੀ ਖੁਸ਼ਹਾਲੀ ਵਿਚ ਉਨ੍ਹਾਂ ਨੂੰ ਭਾਈਵਾਲ ਬਣਾਉਣ ਦੀ ਲੋੜ ਹੈ। ਫਿਰਕਾਪ੍ਰਸਤੀ ਅਤੇ ਧਾਰਮਿਕ ਅੰਧ-ਵਿਸ਼ਵਾਸ ਦੇ ਹਨੇਰੇ ਵਿਚੋਂ ਲੋਕਾਂ ਨੂੰ ਕੱਢਣਾ ਹੋਵੇਗਾ। ਵਿਗਿਆਨਕ ਸੋਚ ਤੇ ਵਿਵੇਕ 'ਤੇ ਆਧਾਰਿਤ ਸਿੱਖਿਆ ਪ੍ਰਬੰਧ ਨੂੰ ਉਸਾਰਨ ਦੀ ਲੋੜ ਹੈ। ਸਹਿਣਸ਼ੀਲਤਾ ਦਾ ਮਾਹੌਲ ਸਿਰਜਣ ਵੱਲ ਧਿਆਨ ਦੇਣਾ ਹੋਵੇਗਾ। ਅੰਤਰਜਾਤੀ ਵਿਆਹ ਨੂੰ ਉਤਸ਼ਾਹਿਤ ਕਰਨਾ ਹੋਵੇਗਾ ਅਤੇ ਜਾਤੀ ਆਧਾਰਿਤ ਮਾਨਸਿਕਤਾ ਨੂੰ ਖ਼ਤਮ ਕਰਨ ਦੀ ਦਿਸ਼ਾ ਵਿਚ ਕੰਮ ਕਰਨਾ ਹੋਵੇਗਾ। ਦੇਸ਼ ਨੇ ਕਈ ਸਾਲ ਪਹਿਲਾਂ ਰਾਜਨੀਤਕ ਆਜ਼ਾਦੀ ਪ੍ਰਾਪਤ ਕਰ ਲਈ ਸੀ। ਇਸ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਜਿਥੇ ਸਰਹੱਦਾਂ ਦੀ ਪੂਰੀ ਚੌਕਸੀ ਨਾਲ ਰਾਖੀ ਕਰਨ ਦੀ ਲੋੜ ਹੈ, ਉਥੇ ਦੇਸ਼ ਅੰਦਰ ਸਮਾਜਿਕ ਅਤੇ ਲੋਕਤੰਤਰ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਦੀ ਲੋੜ ਹੈ। ਡਾ: ਭੀਮ ਰਾਓ ਅੰਬੇਡਕਰ ਦਾ ਸਾਰਾ ਜੀਵਨ ਇਸ ਵਿਚਾਰ ਨੂੰ ਸਮਰਪਿਤ ਰਿਹਾ ਕਿ ਭਾਰਤ ਜਾਤੀ ਰਹਿਤ ਸਮਾਜ ਵਾਲਾ ਦੇਸ਼ ਬਣੇ, ਜਿਥੇ ਹਰੇਕ ਨਾਗਰਿਕ ਦਾ ਮਨ ਸੁਤੰਤਰ ਹੋਵੇ। ਉਹ ਸਮਾਜ ਨੂੰ ਬੀਤੇ ਸਮਿਆਂ ਦੀ ਵਿਤਕਰੇ ਭਰੀ ਅਣਮਨੁੱਖੀ ਵਿਵਸਥਾ 'ਚੋਂ ਕੱਢ ਕੇ ਇਸ ਨੂੰ ਮਾਨਵੀ ਕਦਰਾਂ-ਕੀਮਤਾਂ ਵਾਲੀ ਵਿਵਸਥਾ ਦੇ ਰਸਤੇ ਪਾਉਣਾ ਚਾਹੁੰਦੇ ਸਨ। ਉਹ ਕਿਸੇ ਵਿਸ਼ੇਸ਼ ਫਿਰਕੇ ਜਾਂ ਵਰਗ ਦੇ ਵਿਰੁੱਧ ਨਹੀਂ ਸਨ ਪਰ ਡਾ: ਅੰਬੇਡਕਰ ਉਨ੍ਹਾਂ ਵਿਚਾਰਾਂ ਤੋਂ ਸਮਾਜ ਨੂੰ ਮੁਕਤ ਕਰਨਾ ਚਾਹੁੰਦੇ ਸਨ, ਜਿਨ੍ਹਾਂ ਦੇਸ਼ ਨੂੰ ਲੰਮਾ ਸਮਾਂ ਗੁਲਾਮ ਰਹਿਣ ਅਤੇ ਸਮਾਜ ਨੂੰ ਵੰਡਣ 'ਚ ਹਿੱਸਾ ਪਾਇਆ। ਉਹ ਸਾਰੇ ਭਾਰਤੀਆਂ ਦੀ ਭਾਈਵਾਲੀ ਵਾਲਾ ਸਮਾਜ ਉਸਾਰਨ ਦੇ ਹੱਕ ਵਿਚ ਸਨ।

ਡਾ: ਅੰਬੇਡਕਰ ਦਾ ਜੀਵਨ ਕੁਰਬਾਨੀਆਂ, ਸੰਘਰਸ਼ ਅਤੇ ਗਿਆਨ, ਮੁੱਖ ਤੌਰ ਤੇ ਭਾਵੇਂ ਉਸ ਸਮੇਂ ਦੇ ਛੇ ਕਰੋੜ ਲੋਕਾਂ ਨੂੰ ਯੁੱਗਾਂ-ਯੁੱਗਾਂ ਦੀ ਗੁਲਾਮੀ ਤੋਂ ਨਿਜ਼ਾਤ ਦਿਵਾਉਣ ਅਤੇ ਉਨ੍ਹਾਂ ਦੇ ਜੀਵਨ ਵਿਚ ਇਕ ਨਵੀਂ ਸ਼ੁਰੂਆਤ ਕਰਨ ਵਾਸਤੇ ਸੀ ਪਰ ਉਨ੍ਹਾਂ ਦਾ ਮੁੱਖ ਮਕਸਦ ਇਸ ਦੇਸ਼ ਵਾਸਤੇ ਸਭ ਲਈ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੀ ਸਥਾਪਨਾ ਕਰਨਾ ਸੀ।

## ਗੁਰੂ ਨਾਨਕ ਦੇਵ ਜੀ ਦੀ ਜੀਵਨ ਸ਼ੈਲੀ ਤੇ ਮੌਜੂਦਾ ਸਿੱਖ

ਦਾ ਸੰਤਾਪ ਹੈ ਕਿਉਂਕਿ ਅਸੀਂ ਤਾਂ ਗੁਰੂ ਨਾਨਕ ਦੇਵ ਜੀ ਦਾ ਇਹ ਵਾਕ ਤਾਂ ਕਦੇ ਚੇਤਿਆਂ ਵਿਚ ਵਸਾਇਆ ਹੀ ਨਹੀਂ ਕਿ ਜੇ ਜੀਵੈ ਪਤਿ ਲਥੀ ਜਾਇ।। ਸਭੁ ਹਰਾਮ ਜੇਤਾ ਕਿਛ ਖਾਇ।। ਅਣਖ ਨਾਲ ਜਿਉਣ ਵਾਲੀਆਂ ਕੌਮਾਂ ਇਤਿਹਾਸ ਦਾ ਵਰਕਾ ਬਣਦੀਆਂ ਨੇ। ਪੰਜਾਬੀਆਂ ਨੂੰ ਤਾਂ ਸਮੇਂ ਦੀਆਂ ਸਰਕਾਰਾਂ ਨੇ ਬੌਣੇ, ਹੀਣੇ ਅਤੇ ਮੰਗਤੇ ਬਣਾ ਦਿਤਾ ਏ ਅਤੇ ਅਸੀਂ ਇਸ ਲਾਚਾਰਗੀ ਵਿਚੋਂ ਹੀ ਜਿਊਣ ਦੀ ਲੋਚਾ ਪਾਲਣ ਲੱਗ ਪਏ ਹਾਂ। ਆਪਣੇ ਸਵੈ-ਅਭਿਮਾਨ, ਨਿਸ਼ਕਾਮਤਾ ਅਤੇ ਪਰਉਪਕਾਰੀ ਸੁਭਾਅ ਨੂੰ ਛੱਡ ਕੇ ਹੰਕਾਰੀ, ਲਾਲਚੀ, ਕਪਟੀ ਅਤੇ ਸੁਆਰਥੀ ਬਣ ਕੇ ਅਸੀਂ ਬਹੁਤ ਕੁਝ ਗਵਾਇਆ ਏ। ਕੁਝ ਪ੍ਰਾਪਤੀ ਲਈ ਨਿੱਜਤਾ ਤੋਂ ਉਪਰ ਉਠ ਕੇ ਸਮਾਜ ਲਈ ਜਿਊਣਾ ਹੀ ਮਨੁੱਖੀ ਸੋਚ ਦੀ ਅਸੀਮਤਾ ਏ। ਇਸ ਲਈ ਮਨੁੱਖੀ ਸ਼ਖਸ਼ੀਅਤ ਵਿਚਲੀ ਪਾਕੀਜ਼ਗੀ, ਪਰਉਪਕਾਰਤਾ ਅਤੇ ਪਹਿਲ-ਕਦਮੀ ਦਾ ਰਾਹ ਪਕੜਨਾ ਪਵੇਗਾ। ਕਿਰਤ-ਕਮਾਈ ਦੀ ਸੁੱਚਤਾ ਅਤੇ ਉਚਮਤਾ ਪੰਜਾਬੀਆਂ ਦੇ ਜੀਵਨ ਵਿਚੋਂ ਕਿਉਂ ਅਤੇ ਕਿਸਨੇ ਗਾਇਬ ਕੀਤੀ ਏ, ਸੋਚਣ ਤੇ ਸਮਝਣ ਦੀ ਲੋੜ ਏ।

ਅਜੋਕਾ ਮਨੁੱਖ ਆਪਣੀ ਲੋੜਾਂ ਤੇ ਥੋੜਾਂ ਵਿਚ ਉਲਝਿਆ, ਸਮਾਜਿਕ ਤੇ ਆਰਥਿਕ ਨਾ-ਬਰਾਬਰੀ, ਬੇਇਨਸਾਫ਼ੀ ਅਤੇ ਕਿਰਤ-ਲੁੱਟ ਤੋਂ ਅਣਜਾਣ, ਆਪਣੀ ਅਵਾਜ ਬੁਲੰਦ ਕਰਨ ਤੋਂ ਡਰਨ ਲੱਗ ਪਿਆ। ਅਸੀਂ ਤਾਂ ਆਪਣੇ ਰਹਿਬਰ ਦੇ ਉਸ ਉਲਾਹਮੇ ਨੂੰ ਵੀ ਭੁੱਲ ਗਏ ਜਿਸਨੇ ਬਾਬਰ ਵਲੋਂ ਢਾਏ ਜਾ ਰਹੇ ਜ਼ੁਲਮ ਅਤੇ ਨਤਾਣਿਆਂ ਤੇ ਨਮਾਣਿਆਂ ਤੇ ਹੋ ਰਹੇ ਤਸ਼ਦੱਦ ਨੂੰ ਦੇਖਦਿਆਂ, ਰੱਬ ਨੂੰ ਕਿਹਾ ਸੀ, ' ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ ਜਾਂ ' ਜੇ ਸਕਤਾ ਸਕਤੇ ਕੋ ਮਾਰੇ ਤਾ ਮਨਿ ਰੋਸ ਨ ਹੋਈ। ਰਹਾਉ। ਸਕਤਾ ਸੀਹੁ ਮਾਰੇ ਪੈ ਵਗੇ ਖਸਮੈ ਸਾ ਪੁਰਸਾਈ।' ਅਸੀਂ ਨਾਨਕ ਦੀ ਉਸ ਅਵਾਜ ਦੀ ਬੁਲੰਦਗੀ ਅਤੇ ਬੇਖੌਫ਼ਤਾ ਤੋਂ ਕਾਇਰ ਕਿਉਂ ਹੋ ਗਏ ਹਾਂ ? ਆਪਣੇ ਰਹਿਬਰ ਤੋਂ ਕਿਨਾਰਾ-ਕਸ਼ੀ, ਕਿਸੇ ਸੋਚ ਦਾ ਦਫ਼ਨ ਹੋਣਾ ਏ ਅਤੇ ਸੋਚ ਮਰਨ ਤੋਂ ਬਾਅਦ ਮਨੁੱਖ ਇਕ ਤਾਬੂਤ ਹੁੰਦਾ ਏ ਜੋ ਮਿੱਟੀ 'ਚ ਮਿੱਟੀ ਹੋਣ ਤੋਂ ਵੱਧ ਕੁਝ ਨਹੀਂ ਹੁੰਦਾ। ਅਸੀਂ ਤਾਂ ਨਾ-ਸ਼ੁਕਰੀ ਦਾ ਸਿੱਖਰ ਹੀ ਸਿਰਜ ਬੈਠੇ ਹਾਂ। ਇਸ ਨਾ-ਸ਼ੁਕਰੀ ਨੇ ਸਾਡੇ ਪੱਲੇ 'ਚ ਜੀਵਨ-ਦੁਸ਼ਵਾਰੀਆਂ ਅਤੇ ਪੀੜਾਂ ਭਰੇ ਰਾਹਾਂ ਦਾ ਨਾਮਕਰਨ ਹੀ ਦਿਤਾ ਏ।

ਗੁਰੂ ਨਾਨਕ ਦੇਵ ਜੀ ਦੀ ਸੋਚ ਦੀ ਵਿਸ਼ਾਲਤਾ ਅਤੇ ਅਸੀਮ ਦਿਸਹੱਦਿਆਂ ਦੀ ਹਾਥ ਲੈਣ ਦੀ ਚਾਹਨਾ ਤੋਂ ਮੁੱਕਰ ਚੁੱਕਾ ਮਨੁੱਖ ਖੁਦ ਵਿਚ ਹੀ ਸਿਮਟ ਕੇ ਰਹਿ ਗਿਆ। ਅਜੋਕਾ ਸਿੱਖ ਅਜਿਹੀਆਂ ਪਰੰਪਰਾਵਾਂ, ਰਸਮਾਂ ਅਤੇ ਵਹਿਮਾਂ 'ਚ ਸਾਹਾਂ ਦੀ ਸੰਘੀ ਨੱਪ ਰਿਹਾ ਏ ਜਿਹਨਾਂ ਤੋਂ ਨਿਜਾਤ ਲਈ ਗੁਰੂ ਜੀ ਨੇ ਸਿੱਖ-ਸੋਚ ਨੂੰ ਨਵੇਂ ਪੈਗੰਬਰੀ ਅਵਤਾਰ ਦੇ ਰੂਪ ਵਿਚ ਦੁਨੀਆਂ 'ਚ ਪ੍ਰਚੰਡ ਕੀਤਾ ਸੀ। ਵਿਸ਼ਾਲ ਅੰਬਰ ਦੀ ਆਰਤੀ ਉਤਾਰਨ ਵਾਲੇ ਬਾਬਾ ਜੀ ਦੇ ਕੁਝ ਸ਼ਿਸ਼ ਅੱਜ ਕੱਲ੍ਹ ਥਾਲ ਵਿਚ ਦੀਵਿਆਂ ਨਾਲ ਆਰਤੀ ਉਤਾਰਦੇ, ਆਪਣੀ ਬੌਣੀ ਸੋਚ ਦਾ ਪ੍ਰਮਾਣ ਦੇਣ ਲੱਗਿਆਂ ਠਿੱਠ ਵੀ ਨਹੀਂ ਹੁੰਦੇ। ਅਜਿਹੇ ਵਰਤਾਰੇ ਲਈ ਆਪੂ ਬਣੇ ਬਾਬਿਆਂ ਦਾ ਮੋਹਰੀ ਹੋਣਾ, ਸਿੱਖ ਸਮਾਜ ਲਈ ਨਮੋਸ਼ੀ ਦਾ ਸਬੱਬ ਏ ਕਿਉਂਕਿ ਸਿੱਖ ਸਮਾਜ ਵਿਚਲੇ ਧਰਮੀ ਵਿਅਕਤੀ ਅਡੰਬਰੀ ਹੋ ਗਏ ਨੇ। ਇਸ ਅਡੰਬਰ ਵਿਚ ਹੀ ਉਹ ਆਪਣੀਆਂ ਨਿੱਜੀ ਖਾਹਸ਼ਾਂ, ਤੰਗ-ਦਾਰਿਆਂ ਅਤੇ ਸੌੜੀ ਸੋਚ ਨਾਲ ਸਿੱਖ-ਸੋਚ ਵਿਚਲੀ ਵਿਸ਼ਾਲਤਾ ਨੂੰ ਨਿੱਕੇ ਜਹੇ ਦਾਇਰੇ ਵਿਚ ਸੀਮਤ ਕਰਕੇ, ਇਕ ਫਿਰਕੇ ਤੀਕ ਹੀ ਨਿਯਮਤ ਕਰਨ ਲਈ ਹਰ ਹਰਬਾ ਵਰਤ ਰਹੇ ਹਨ। ਲੋੜ ਹੈ ਕਿ ਅਸੀਂ ਗੁਰ-ਸ਼ਬਦ ਵਿਚਲੀ ਅਸੀਮਤਾ, ਉਚਮਤਾ, ਪਾਕੀਜ਼ਗੀ ਅਤੇ ਮਾਨਸਿਕ ਉਡਾਣ ਦੇ ਹਾਣੀ ਬਣਨ ਦੀ ਕੋਸ਼ਿਸ਼ ਕਰੀਏ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਸਾਧਨਾ, ਸਮਰਪਿੱਤਾ, ਸਪੱਸ਼ਟਤਾ ਅਤੇ ਸਮਰਪਣ ਨੂੰ ਅਰਪਿੱਤ ਸੀ। ਇਸ ਅਰਪਿੱਤਾ ਵਿਚੋਂ ਹੀ ਉਹਨਾਂ ਨੇ ਜੀਵਨ ਦੇ ਉਚਤਮ ਗੁਣਾਂ ਦੀ ਨਿਸ਼ਾਨਦੇਹੀ ਕਰਦਿਆਂ, ਇਹਨਾਂ ਨੂੰ ਆਖਰੀ ਸਵਾਸ ਤੱਕ ਜੀਵਿਆ। ਤਖਤ ਬਹੈ ਤਖਤੇ ਕੇ ਲਾਇਕ ਦੇ ਕਥਨ ਅਨੁਸਾਰ ਉਹਨਾਂ ਨੇ ਗੁਰਗੱਦੀ ਅਤੇ ਸ਼ਬਦ-ਗੁਰੂ ਦੇ ਵਾਰਸ ਵਜੋਂ ਆਪਣੇ ਪੁੱਤਰ-ਮੋਹ ਨੂੰ ਤਰਜ਼ੀਹ ਨਹੀਂ ਦਿਤੀ। ਸਿੱਖੀ-ਸਿਧਾਂਤ ਨੂੰ ਅਪਨਾਉਣ, ਪ੍ਰਚਾਰਨ ਅਤੇ ਇਸ ਵਿਚਾਰਧਾਰਾ ਨੂੰ ਅੱਗੇ ਲਿਜਾਣ ਲਈ ਸਭ ਤੋਂ ਕਾਬਲ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਦੀ ਉਪਾਧੀ ਦੇ ਕੇ ਗੁਰ-ਸ਼ਬਦ ਦਾ ਵਾਰਸ ਬਣਾਇਆ। ਕੀ ਅਸੀਂ ਅਜੋਕੇ ਸਮੇਂ ਵਿਚ ਅਜੇਹਾ ਸੋਚ ਸਕਦੇ ਹਾਂ ? ਕੀ ਸਾਡੇ ਧਾਰਮਿਕ, ਸਿਆਸੀ ਅਤੇ ਸਮਾਜਿਕ ਲੀਡਰਾਂ ਨੇ ਕਦੇ ਇਸ ਸੋਚ 'ਤੇ ਪਹਿਰਾ ਦਿਤਾ ਏ ? ਕੀ ਆਪਣੇ ਵੰਸ਼ ਦੀ ਚੌਧਰ ਨੂੰ ਬਰਕਰਾਰ ਰੱਖਣ ਅਤੇ ਧਾਰਮਿਕ/ਸਿਆਸੀ ਅਦਾਰਿਆਂ 'ਤੇ ਆਪਣਾ ਗਲਬਾ ਕਾਇਮ ਰੱਖਣ ਲਈ ਹਰ ਲੀਡਰ ਹਰ ਹਰਬਾ ਨਹੀਂ ਵਰਤ ਰਿਹਾ ? ਕੀ ਗੁਰੂ ਜੀ ਵਲੋਂ ਪ੍ਰਚਾਰੇ ਸਿੱਖੀ ਸਿਧਾਂਤ ਸਿਰਫ਼ ਬੇਗਾਨਿਆਂ ਲਈ ਹਨ ਜਾਂ ਸਿਰਫ਼ ਕਿਤਾਬਾਂ ਜਾਂ ਗਰੰਥਾਂ ਤੀਕ ਹੀ ਸੀਮਤ ਹਨ ? ਅਸੀਂ ਕਿਹੋ ਜਿਹੇ ਸਿੱਖ ਹਾਂ ਜੋ ਸਿੱਖੀ ਭੇਸ ਵਿਚ ਸਿੱਖ ਵਿਚਾਰਧਾਰਾ ਨੂੰ ਕਤਲ ਕਰਨ ਲਈ ਜ਼ਿੰਮੇਵਾਰ ਹਾਂ ? ਸਿੱਖ ਸੋਚ ਨੂੰ ਸੰਕੀਰਨਤਾ ਵੱਲ ਧਕੇਲਨ ਲਈ ਕੌਣ ਕਸੂਰਵਾਰ ਏ ? ਅਜੇਹੇ 'ਚ ਕਿਹੋ ਜਿਹੇ ਮਨੁੱਖ ਦੀ ਸਿਰਜਣਾ ਦਾ ਕਿਆਸ ਕੀਤਾ ਜਾ ਸਕਦਾ, ਇਹ ਸਾਡੇ ਸਭ ਦੇ ਸਾਹਮਣੇ ਹੈ। ਅਜਿਹਾ ਮਨੁੱਖ ਜੋ ਗੁਰੂ ਵਲੋਂ ਚਿੱਤਵੇ ਮਨੁੱਖ ਤੋਂ ਹੀਣਾ ਅਤੇ ਨਿਗੂਣਾ ਏ, ਜਿਸਦੀ ਸੋਚ ਨੂੰ ਫੋਕੀਆਂ ਸ਼ੁਹਰਤਾਂ, ਸਿਫ਼ਤਾਂ ਅਤੇ ਸੰਕੀਰਨਤਾ ਨੇ ਅੰਦਰੋਂ ਛਲਣੀ ਕੀਤਾ ਹੋਇਆ ਏ। ਉਹ ਪੂਰਨ ਮਨੁੱਖ ਦਾ ਮਖੌਟਾ ਪਾ ਕੇ ਪੂਰਨਤਾ ਦਾ ਦਾਅਵੇਦਾਰ ਬਣ ਰਿਹਾ ਏ। ਯਾਦ ਰੱਖਣਾ ! ਸਿੱਖ ਸੋਚ ਨੂੰ ਅੰਤਰੀਵ ਵਿਚ ਵਸਾ ਅਤੇ ਵਿਸਥਾਰ ਕੇ ਹੀ ਅਸੀਂ ਗੁਰੂ ਜੀ ਵਲੋਂ ਕਿਆਸੇ ਮਨੁੱਖੀ ਸਖਸ਼ੀ ਬਿੰਬ ਨੂੰ ਸਿਰਜਣ ਦੇ ਰਾਹ ਤੁਰ ਸਕਦੇ ਹਾਂ। ਇਹ ਮਾਰਗ ਬਿਖੜਾ ਤਾਂ ਹੈ ਪਰ ਇਸਦੀਆਂ ਰਹਿਮਤਾਂ ਨੇ ਹੀ ਮਨੁੱਖ ਨੂੰ ਮਾਨਵਵਾਦੀ ਸੋਚ ਦਾ ਮੁਦਈ ਬਣਾ ਕੇ, ਪਰਮ ਮਨੁੱਖ ਦਾ ਉਪਨਾਮ ਦੇਣਾ ਏ।

ਬਾਬਾ ਨਾਨਕ ਨੇ ਥੋਥੇ ਮਨੁੱਖੀ ਕਿਰਦਾਰ ਬਾਰੇ ਕੇਡੇ ਵੱਡੇ ਸੱਚ ਦਾ ਖੁਲਾਸਾ ਕਰਦਿਆਂ ਕਿਹਾ, ਗਲੀ ਅਸੀ ਚੰਗੀਆ ਆਚਾਰੀ ਬੁਰੀਆਹ। ਮਨਹੁ ਕੁਸਧਾ ਕਾਲੀਆ ਬਾਹਰਿ ਚਿਟਵੀਆਹ।' ਇਹ ਸੱਚ ਅਜੋਕੇ ਮਨੁੱਖ ਦਾ ਹੈ ਜੋ ਬਾਬੇ ਨੇ 550 ਸਾਲ ਪਹਿਲਾਂ ਕਹਿ ਦਿਤਾ ਸੀ। ਕੀ ਅਸੀਂ ਬਾਹਰੋਂ ਅਤੇ ਅੰਦਰੋਂ ਇਕਸਾਰ ਹਾਂ ? ਕੀ ਅਸੀਂ ਪਰਤਾਂ ਵਿਚ ਜਿਉਂਦੇ ਹਾਂ ? ਕੀ ਅਸੀਂ ਮਖੌਟੇ ਬਦਲਣ ਦੇ ਮਾਹਰ ਹਾਂ ਅਤੇ ਲੋੜ ਅਨੁਸਾਰ ਮਖੌਟੇ ਦਾ ਰੰਗ ਅਤੇ ਰੂਪ ਬਦਲ ਕੇ ਨਿੱਜੀ ਮੁਫ਼ਾਦ ਦੀ ਪੂਰਤੀ ਲਈ ਜ਼ਮੀਰ ਵੇਚਣ ਲਈ ਵੀ ਤਿਆਰ ਰਹਿੰਦੇ ਹਾਂ ? ਜਦ ਹਰ ਮਨੁੱਖ ਵਿਕਾਊ ਹੋ ਜਾਵੇ ਤਾਂ ਕਦਰਾਂ-ਕੀਮਤਾਂ ਦੀ ਕੌਣ ਸ਼ਾਹਦੀ ਭਰੇਗਾ ? ਕੌਣ ਸਮਾਜਿਕ ਤੰਦਾਂ ਵਿਚਲੇ ਮੋਹ ਅਤੇ ਪਕਿਆਈ ਦਾ ਰਾਗ ਗਾਵੇਗਾ ? ਕੌਣ ਸੁੱਚੀਆਂ ਸੱਧਰਾਂ, ਸੁਗੰਧਤ ਸਬੰਧਾਂ ਅਤੇ ਮੋਹਵੰਤੀ ਤਰੰਗਾਂ ਨਾਲ ਮਨ ਦੀਆਂ ਰਮਜਾਂ ਦਾ ਗੀਤ ਗੁਣਗੁਣਾਵੇਗਾ ?

ਪਰਮ ਮਨੁੱਖ ਦੀਆਂ ਵਿਸ਼ੇਸ਼ਤਾਵਾਂ, ਗੁਣਾਂ ਅਤੇ ਇਸਦੀਆਂ ਬਹੁ-ਪਰਤਾਂ ਨੂੰ ਫਰੋਲਦੀ ਗੁਰ-ਸ਼ਬਦ ਦੀ ਮਹਿਮਾ, ਸੱਚੀ-ਸੁੱਚੀ ਜੀਵਨ ਸ਼ੈਲੀ ਹੈ। ਅਸੀਂ ਇਸ ਜੀਵਨ ਸ਼ੈਲੀ ਨੂੰ ਅਪਨਾਉਣ ਤੋਂ ਆਕੀ ਅਤੇ ਇਸਦੀ ਬਹੁ-ਰੰਗਤਾ ਤੋਂ ਕੋਰੇ ਹਾਂ। ਲੋੜ ਹੈ ਕਿ ਅਸੀਂ ਇਸਦੀਆਂ ਬਹੁਮੁਲੀਆਂ ਪਰਤਾਂ ਨੂੰ ਜੀਵਨੀ ਪਰਤ ਦਾ ਨਾਮ ਦੇ ਕੇ, ਇਸਦੀ ਵਿਸ਼ਾਲਤਾ ਵਿਚੋਂ ਹੀ ਸਖਸ਼ੀਅਤ ਨੂੰ ਵਿਸਥਾਰੀਏ। ਇਸਦੀ ਉਚਮਤਾ ਵਿਚੋਂ ਕਰਮ-ਧਰਮ ਵਿਚਲੀ ਪਾਕੀਜ਼ਗੀ ਨੂੰ ਹਰ ਸਾਹ ਨਾਲ ਸਿਮਰੀਏ। ਇਸ ਰਾਹੀਂ ਗੁਰ-ਮਾਰਗ ਦੇ ਮਾਰਗੀ ਬਣਕੇ ਉਤਮ ਮਨੁੱਖ ਦੀ ਪਰਮ ਪਦਵੀ ਪਾਈਏ।

ਅਜਿਹਾ ਵਿਸ਼ਵਾਸ਼ ਰੱਖਣ ਵਿਚ ਤਾਂ ਕੋਈ ਹਰਜ਼ ਨਹੀਂ। ਆਸ ਹੈ ਕਿ ਗੁਰੂ ਜੀ ਦੀ ਨਿਵੇਕਲੀ ਸੋਚ ਦੀ ਕਿਰਨ ਸਾਡੇ ਦਰਾਂ 'ਤੇ ਚਾਨਣ, ਮਸਤਕ ਧਰਾਤਲ ਨੂੰ ਨਵੀਆਂ ਦਿਸ਼ਾਵਾਂ, ਸੰਭਾਵਨਾਵਾਂ, ਸੁਪਨਿਆਂ, ਸਮਰਥਾਵਾਂ ਅਤੇ ਸਫ਼ਲਤਾਵਾਂ ਦਾ ਸਬੱਬ ਬਣਨ ਵਿਚ ਮਦਦ ਜਰੂਰ ਕਰੇਗੀ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY NATIONAL INSURANCE COMPANY | CSE | MERCURY INSURANCE GROUP | FINANCIAL PACIFIC | Safeco Insurance
CNA | MetLife | Kemper | Philadelphia Insurance Companies | FOREMOST INSURANCE GROUP | The Hartford
CommerceWest Insurance | Midwest Insurance Agency | Kansas City Life | PROGRESSIVE | GeoVera Insurance | TRAVELERS
GMAC Insurance | TheZenith Workers' Compensation Specialists | PersonalUmbrella.com | ZURICH

**17900 Murphy Park Way Lathrop, CA. 95330**

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**


SHER®
HAPPY
Vaisakhi
ਵਿਸਾਖੀ ਦੀਆਂ ਲੱਖ - ਲੱਖ ਵਧਾਈਆਂ
SHER
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن
FARINE DE CHANA
4 lb
FRESHLY MILLED IN CANADA
SHER BESAN 4lb ON SPECIAL NOW
ONLY IN PARTICIPATING STORES
Limited Time Offer
www.sherbrarmills.com